ਬਲਰਾਜ ਸਾਹਨੀ :

ਜੀਵਨ ਤੇ ਰਚਨਾ

ਡਾ. ਮਨਜੀਤ ਸਿੰਘ

ਭਾਸ਼ਾ ਵਿਭਾਗ ਪੰਜਾਬ

ਦੋ ਸ਼ਬਦ

ਭਾਸ਼ਾ ਵਿਭਾਗ, ਪੰਜਾਬ, ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਵਿਕਾਸ ਲਈ ਵਚਨਬੱਧ ਹੈ। ਸਾਹਿਤ ਰਚਨਾ ਦੇ ਕਾਰਜ ਵਿਚ ਜੁੱਟੇ ਹੋਏ ਸਾਹਿਤਕਾਰਾਂ ਦੇ ਸਹਿਯੋਗ ਦੁਆਰਾ ਅਨੇਕਾਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਜਿਨ੍ਹਾਂ ਦੇ ਤਹਿਤ ਬਾਲ-ਸਾਹਿਤ ਤੋਂ ਲੈ ਕੇ ਕਲਾਸਕੀ ਸਾਹਿਤ ਅਤੇ ਵਿਸ਼ਵਕੋਸ਼ ਵਰਗੇ ਪ੍ਰਾਜੈਕਟਾਂ ਤੇ ਕੰਮ ਕੀਤਾ ਜਾ ਰਿਹਾ ਹੈ। ਇਸ ਆਸ਼ੇ ਨੂੰ ਮੁੱਖ ਰੱਖਦੇ ਹੋਏ ਪੰਜਾਬੀ ਸਾਹਿਤ ਭੰਡਾਰ ਨੂੰ ਹੋਰ ਭਰਪੂਰ ਕਰਨ ਲਈ ਪੰਜਾਬੀ ਸਾਹਿਤ ਅਧਿਐਨ ਸੀਰੀਜ਼ ਅਧੀਨ ਪੁਸਤਕਾਂ ਤਿਆਰ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਉੱਚ ਪੱਧਰੀ ਪੜ੍ਹਾਈ ਲਈ ਉਪਯੋਗੀ ਸਮੱਗਰੀ ਉਪਲੱਬਧ ਹੋ ਸਕੇ। ਇਸੇ ਸਕੀਮ ਅਧੀਨ ਵੱਖ-ਵੱਖ ਪ੍ਰਮੁੱਖ ਵਿਦਵਾਨਾਂ ਦੇ ਮੋਨੋਗ੍ਰਾਫ ਲਿਖਵਾਉਣ ਦੀ ਵਿਵਸਥਾ ਕੀਤੀ ਗਈ ਹੈ।

ਸਵਰਗੀ ਸ੍ਰੀ ਬਲਰਾਜ ਸਾਹਨੀ ਜਿੱਥੇ ਭਾਰਤੀ ਫਿਲਮ ਅਤੇ ਸਾਹਿਤਕ ਜਗਤ ਵਿਚ ਇਕ ਬਹੁ-ਚਰਚਿਤ ਸ਼ਖਸ਼ੀਅਤ ਸਨ, ਉਥੇ ਨਾਲ ਹੀ ਉਹ ਤਜ਼ਰਬੇਕਾਰ ਰੰਗਕਰਮੀ ਅਤੇ ਸਫ਼ਲ ਸਫਰਨਾਮਾ ਲੇਖਕ ਵੀ ਸਨ । ਭਾਵੇਂ ਉਨ੍ਹਾਂ ਨੂੰ ਜ਼ਿਆਦਾ ਪ੍ਰਸਿੱਧੀ ਇੱਕ ਉੱਚ ਫਿਲਮ ਅਦਾਕਾਰ ਵਜੋਂ ਹਾਸਲ ਹੋਈ ਹੈ ਪਰ ਆਪ ਨੇ ਆਪਣੀ ਉਮਰ ਦੇ ਅੰਤਿਮ ਥੋੜ੍ਹੇ ਜਿਹੇ ਸਮੇਂ ਦੌਰਾਨ ਪੰਜਾਬੀ ਮਾਂ ਬੋਲੀ ਦੀ ਜੋ ਸੇਵਾ ਕੀਤੀ ਉਸ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਸਿਰ ਰਾਸ਼ਟਰੀ ਅਤੇ ਅੰਤਰ- ਰਾਸ਼ਟਰੀ ਪੱਧਰ ਉਤੇ ਉੱਚਾ ਹੋਇਆ ਹੈ। ਉਨ੍ਹਾਂ ਦੇ ਸਾਹਿਤ, ਭਾਸ਼ਾ, ਕਲਾ ਤੇ ਸੰਸਕ੍ਰਿਤੀ ਦੇ ਖੇਤਰ ਵਿਚ ਵੱਡਮੁੱਲੇ ਯੋਗਦਾਨ ਸਦਕਾ ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਸ਼੍ਰੋਮਣੀ ਸਾਹਿਤਕਾਰ ਅਤੇ ਭਾਰਤ ਸਰਕਾਰ ਨੇ 'ਪਦਮ ਸ੍ਰੀ' ਦੇ ਖ਼ਿਤਾਬ ਨਾਲ ਸਨਮਾਨਿਆ।

ਹੱਥਲੀ ਪੁਸਤਕ ਵਿਚ ਸਵਰਗੀ ਸ੍ਰੀ ਬਲਰਾਜ ਸਾਹਨੀ ਦੇ ਜੀਵਨ ਤੇ ਰਚਨਾ ਉਤੇ ਝਾਤ ਪਾਈ ਗਈ ਹੈ। ਮੈਨੂੰ ਪੂਰਨ ਆਸ ਹੈ ਕਿ ਸਾਹਿਤ ਪ੍ਰੇਮੀ ਇਸ ਪੁਸਤਕ ਦਾ ਨਿੱਘਾ ਸੁਆਗਤ ਕਰਨਗੇ।

ਡਾਇਰੈਕਟਰ

ਭਾਸ਼ਾ ਵਿਭਾਗ ਪੰਜਾਬ

ਪ੍ਰਸਤਾਵਨਾ

ਬਲਰਾਜ ਸਾਹਨੀ ਆਪਣੇ 60 ਵਰ੍ਹਿਆਂ ਦੇ ਜੀਵਨ ਕਾਲ ਵਿਚ ਇਕ ਚਰਚਿਤ ਸ਼ਖਸੀਅਤ ਵਜੋਂ ਵਿਚਰੇ। ਉਨ੍ਹਾਂ ਨੇ ਹਿੰਦੀ ਅਤੇ ਪੰਜਾਬੀ ਦੀਆਂ ਫਿਲਮਾਂ ਵਿਚ ਪ੍ਰਭਾਵਸ਼ਾਲੀ ਅਦਾਕਾਰੀ ਸਦਕਾ ਆਪਣਾ ਨਾਂ ਬਣਾਇਆ। ਉਹ ਹਰ ਵਰਗ ਦੇ ਲੋਕਾਂ ਵਾਸਤੇ ਹਰਮਨ ਪਿਆਰੇ ਫਿਲਮ-ਅਭਿਨੇਤਾ ਸਨ। ਉਨ੍ਹਾਂ ਨੇ ਵਿਵਧ ਸਾਹਿਤਕ ਵਿਧਾਵਾਂ ਰਾਹੀਂ ਆਪਣੇ ਭਾਵਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਅੰਗ੍ਰੇਜ਼ੀ, ਹਿੰਦੀ ਅਤੇ ਪੰਜਾਬੀ ਵਿਚ ਲਿਖ ਕੇ ਆਪਣੀ ਲਿਖਣ-ਕਲਾ ਦੀ ਪ੍ਰਦਰਸ਼ਨੀ ਕੀਤੀ। ਉਨ੍ਹਾਂ ਨੂੰ ਕਈ ਹੋਰਨਾਂ ਭਾਸ਼ਾਵਾਂ ਬਾਰੇ ਵੀ ਡੂੰਘਾ ਗਿਆਨ ਸੀ। ਉਹ ਭਾਸ਼ਾਵਾਂ ਚੰਗੀ ਤਰ੍ਹਾਂ ਬੋਲ ਸਕਦੇ ਅਤੇ ਲਿਖ ਸਕਦੇ ਸਨ।

ਬਲਰਾਜ ਸਾਹਨੀ ਨੇ 'ਮੇਰਾ ਪਾਕਿਸਤਾਨੀ ਸਫਰਨਾਮਾ, ਅਤੇ 'ਮੇਰਾ ਰੂਸੀ ਸਫਰਨਾਮਾ' ਲਿਖ ਕੇ ਪੰਜਾਬੀ ਸਫਰਨਾਮਾ-ਸਾਹਿਤ ਵਿਚ ਆਪਣਾ ਨਿਵੇਕਲਾ ਸਥਾਨ ਬਣਾਇਆ। ਉਨ੍ਹਾਂ ਨੂੰ 'ਮੇਰਾ ਰੂਸੀ ਸਫਰਨਾਮਾ' ਤੇ ਸੋਵੀਅਤ ਲੈਂਡ ਨਹਿਰੂ ਐਵਾਰਡ ਦਿਤਾ ਗਿਆ। ਉਨ੍ਹਾਂ ਨੇ 'ਜਾਦੂ ਦੀ ਕੁਰਸੀ' ਹਿੰਦੀ ਵਿਚ ਨਾਟਕ ਲਿਖਿਆ ਜਿਸ ਨੂੰ ਉਮੀਦ ਤੋਂ ਵੱਧ ਸਫਲਤਾ ਮਿਲੀ । ਉਹ ਨਾਟਕ ਕ੍ਰਿਸ਼ਨ ਚੰਦਰ ਨੇ ਗਿਆਰਾਂ ਵਾਰ ਦੇਖਿਆ। ਉਨ੍ਹਾਂ ਨੇ ਇਕ ਰੇਡਿਉ ਨਾਟਕ 'ਦੋ ਆਦਮੀ ਜਿਸ ਕੇ ਸਿਰ ਮੇਂ ਘੜੀ ਥੀ' ਲਿਖਿਆ। ਉਨ੍ਹਾਂ ਨੇ 'ਕੀ ਇਹ ਸੱਚ ਹੈ ਬਾਪੂ?' ਨਾਟਕ ਪੰਜਾਬੀ ਵਿਚ ਲਿਖਿਆ। 'ਵੇਟਰ ਦੀ ਵਾਰ' ਉਨ੍ਹਾਂ ਦਾ ਇਕ ਪ੍ਰਕਾਸ਼ਿਤ ਕਾਵਿ-ਸੰਗ੍ਰਹਿ ਹੈ। ਇਹ ਕਾਵਿ-ਸੰਗ੍ਰਹਿ ਉਨ੍ਹਾਂ ਦੇ ਸੰਵੇਦਨਸ਼ੀਲ ਹੋਣ ਵਲ ਸੰਕੇਤ ਕਰਦਾ ਹੈ। 'ਗੈਰ ਜਜ਼ਬਾਤੀ ਡਾਇਰੀ", "ਮੇਰੀ ਫਿਲਮੀ ਆਤਮਕਥਾ," 'ਸਿਨਮਾ ਤੇ ਸਟੇਜ', 'ਪੂਰਬ ਦੇ ਨਾਈ', 'ਯਾਦਾਂ ਦਾ ਝਰੋਖਾ', 'ਇਤਿਹਾਸ ਦੀ ਪੈੜ', 'ਕਾਮੇ' ਤੇ 'ਯਾਦਾਂ ਦੀ ਕੰਨੀ' ਉਨ੍ਹਾਂ ਦੀਆਂ ਹੋਰ ਪ੍ਰਕਾਸ਼ਿਤ ਪੁਸਤਕਾਂ ਹਨ। ਇਨ੍ਹਾਂ ਪੁਸਤਕਾਂ ਵਿਚ ਬਲਰਾਜ ਸਾਹਨੀ ਦੀ ਡਾਇਰੀ ਤੇ ਅਧਾਰਤ ਕਹਾਣੀਨੁਮਾ ਨਿਬੰਧ ਸ਼ਾਮਲ ਹਨ। ਬਿਰਤਾਂਤਕ ਸ਼ੈਲੀ ਵਿਚ ਲਿਖੇ ਕਈ ਨਿਬੰਧ ਤਾਂ ਬਲਰਾਜ ਸਾਹਨੀ ਦੇ

ਸੰਸਮਰਣ ਹਨ। ਉਨ੍ਹਾਂ ਨੇ ਕਈ ਨਿਬੰਧਾਂ ਵਿਚ ਧਾਰਮਿਕ ਅਤੇ ਦਾਰਸ਼ਨਿਕ ਪਹਿਲੂਆਂ ਨੂੰ ਸੰਜੀਦਗੀ ਨਾਲ ਵਿਚਾਰਿਆ ਹੈ।

ਬਲਰਾਜ ਸਾਹਨੀ ਦੀ ਪੰਜਾਬੀ ਸਾਹਿਤ ਨੂੰ ਵਡਮੁੱਲੀ ਦੇਣ ਸਦਕਾ ਭਾਸ਼ਾ ਵਿਭਾਗ, ਪੰਜਾਬ ਵਲੋਂ ਉਨ੍ਹਾਂ ਨੂੰ ਸ਼੍ਰੋਮਣੀ ਸਾਹਿਤਕਾਰ ਦੀ ਉਪਾਧੀ ਨਾਲ ਸਨਮਾਨਿਆ ਗਿਆ। ਉਨ੍ਹਾਂ ਦੀ ਸਾਹਿਤ ਅਤੇ ਕਲਾ ਦੇ ਖੇਤਰ ਵਿਚ ਦੇਣ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਵਲੋਂ ਉਨ੍ਹਾਂ ਨੂੰ 'ਪਦਮ ਸ੍ਰੀ' ਦਾ ਖ਼ਿਤਾਬ ਪ੍ਰਦਾਨ ਕੀਤਾ ਗਿਆ। ਉਨ੍ਹਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਸੈਨੇਟ ਦਾ ਮੈਂਬਰ ਮਨੋਨੀਤ ਕੀਤਾ ਗਿਆ।

ਬਲਰਾਜ ਸਾਹਨੀ ਇਕ ਸੁਲਝੇ ਹੋਏ ਰੰਗਕਰਮੀ ਸਨ, ਹੋਢੇ ਹੋਏ ਫਿਲਮ ਅਭਿਨੇਤਾ ਸਨ, ਸਥਾਪਤ ਸਾਹਿਤਕਾਰ ਸਨ ਅਤੇ ਹਰਦਿਲ-ਅਜ਼ੀਜ ਇਨਸਾਨ ਸਨ। ਸਰਦਾਰ ਅਮਰਜੀਤ ਸਿੰਘ ਦੀਪਕ ਮੇਰੇ ਲਈ ਧੰਨਵਾਦ ਦੇ ਪਾਤਰ ਹਨ। ਉਨ੍ਹਾਂ ਨਾਲ ਮੈਂ ਬਲਰਾਜ ਸਾਹਨੀ ਦੀ ਸ਼ਖਸ਼ੀਅਤ ਦੇ ਵਿਭਿੰਨ ਪਹਿਲੂਆਂ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਇਹ ਪੁਸਤਕ ਲਿਖਣ ਵਾਸਤੇ ਮੈਨੂੰ ਸਹਾਇਕ ਸਮੱਗਰੀ ਵੀ ਦਿੱਤੀ। ਮੈਂ ਧੰਨਵਾਦੀ ਹਾਂ ਪ੍ਰੋਫੈਸਰ ਪ੍ਰੀਤਮ ਬੇਲੀ ਦਾ ਜਿਨ੍ਹਾਂ ਨੇ ਇਸ ਪੁਸਤਕ ਦੇ ਖਰੜੇ ਦਾ ਕੁਝ ਹਿੱਸਾ ਪੜ੍ਹਿਆ। ਮੇਰੀ ਜੀਵਨ ਸਾਥਣ ਡਾਕਟਰ ਕੁਮੁਦ ਅਤੇ ਮੇਰਾ ਚਾਰ ਸਾਲ ਦਾ ਬੇਟਾ ਕੌਸਤੁੱਭ ਵਿਸ਼ੇਸ਼ ਤੌਰ ਤੇ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਨੇ ਇਹ ਪੁਸਤਕ ਸਮੇਂ ਸਿਰ ਪੂਰੀ ਕਰਨ ਵਾਸਤੇ ਮੈਨੂੰ ਘਰ ਵਿਚ ਸੁਖਾਵਾਂ ਮਾਹੌਲ ਦਿੱਤਾ।

ਪਾਠਕਾਂ, ਵਿਦਵਾਨਾਂ ਆਲੋਚਕਾਂ ਦੇ ਪ੍ਰਤੀਕਰਮ ਦੀ ਉਡੀਕ ਰਹੇਗੀ।

ਮਨਜੀਤ ਸਿੰਘ (ਡਾ.)
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ
ਚੰਡੀਗੜ੍ਹ 150 014

ਬਲਰਾਜ ਸਾਹਨੀ ਦਾ ਜੀਵਨ-ਸਫ਼ਰ

ਪੰਜਾਬੀ ਦੇ ਪ੍ਰਸਿੱਧ ਲੇਖਕ, ਹੰਢੇ ਹੋਏ ਰੰਗਕਰਮੀ, ਹਰਮਨ ਪਿਆਰੇ ਫਿਲਮ ਅਭਿਨੇਤਾ, ਮਾਨਵਵਾਦੀ ਸੋਚ ਵਾਲੇ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲੇ ਬਲਰਾਜ ਸਾਹਨੀ ਦਾ ਜਨਮ ਮਾਤਾ ਲਕਸ਼ਮੀ ਦੇਵੀ ਦੇ ਉਦਰੋਂ ਹਰਬੰਸ ਲਾਲ ਦੇ ਘਰ 01 ਮਈ, 1913 ਈ. ਨੂੰ ਰਾਵਲਪਿੰਡੀ (ਪਾਕਿਸਤਾਨ) ਵਿਖੇ ਹੋਇਆ। ਬਲਰਾਜ ਸਾਹਨੀ ਦੇ ਜਨਮ ਤੇ ਉਨ੍ਹਾਂ ਦੇ ਪਿਤਾ ਜੀ ਨੂੰ ਬਹੁਤ ਖੁਸ਼ੀ ਹੋਈ ਕਿਉਂਕਿ ਉਹ ਪੰਜ ਭੈਣਾਂ ਤੋਂ ਬਾਅਦ ਪੈਦਾ ਹੋਏ ਸਨ । ਉਨ੍ਹਾਂ ਦੇ ਪਿਤਾ ਜੀ ਨੇ ਬੈਂਡ ਵਾਜੇ ਵਜਵਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਬਲਰਾਜ ਸਾਹਨੀ ਦਾ ਪਹਿਲਾਂ ਨਾਂ ਯੁਧਿਸ਼ਟਰ ਰੱਖਿਆ ਗਿਆ ਕਿਉਂਕਿ ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਆਰੀਆ ਸਮਾਜੀ ਆਪਣੇ ਨਵੇਂ ਜੰਮੇ ਬੱਚਿਆਂ ਦੇ ਨਾਂ ਹਿੰਦੂ ਮਿਥਿਹਾਸਕ ਕਥਾਵਾਂ ਦੇ ਪਾਤਰਾਂ ਦੇ ਨਾਵਾਂ ਤੇ ਰੱਖ ਕੇ ਖੁਸ਼ ਹੁੰਦੇ ਸਨ । ਬਲਰਾਜ ਸਾਹਨੀ ਦੇ ਪਿਤਾ ਕੱਟੜ ਆਰੀਆ ਸਮਾਜੀ ਸਨ। ਬਲਰਾਜ ਸਾਹਨੀ ਦੀ ਭੂਆ ਯੁਧਿਸ਼ਟਰ ਨਾਂ ਠੀਕ ਤਰ੍ਹਾਂ ਨਹੀਂ ਉਚਾਰ ਸਕਦੇ ਸਨ ਇਸ ਕਰਕੇ ਸੌਖੇ ਉਚਾਰਣ ਵਾਲਾ ਨਾਂ 'ਬਲਰਾਜ' ਰੱਖਿਆ ਗਿਆ।

ਬਲਰਾਜ ਸਾਹਨੀ ਅਜੇ ਛੋਟੀ ਉਮਰ ਦੇ ਹੀ ਸਨ ਕਿ ਰਾਵਲਪਿੰਡੀ ਵਿਚ ਪਲੇਗ ਦੀ ਬਿਮਾਰੀ ਫੈਲ ਗਈ। ਉਨ੍ਹਾਂ ਦੇ ਮਾਤਾ ਪਿਤਾ ਸਾਰੇ ਪਰਿਵਾਰ ਸਮੇਤ ਆਪਣੇ ਜੱਦੀ ਪਿੰਡ ਭੇਰਾ, ਜ਼ਿਲ੍ਹਾ ਸ਼ਾਹਪੁਰ ਵਿਖੇ ਚਲੇ ਗਏ। ਬਲਰਾਜ ਸਾਹਨੀ ਦੇ ਦਾਦਾ ਲਾਲਾ ਠਾਕਰ ਦਾਸ ਉਸ ਸਮੇਂ ਭੇਰੇ ਰਹਿੰਦੇ ਸਨ । ਬਲਰਾਜ ਸਾਹਨੀ ਨੇ ਆਪਣੇ ਬਚਪਨ ਦਾ ਕਾਫ਼ੀ ਸਮਾਂ ਭੇਰੇ ਬਿਤਾਇਆ। ਇਸ ਪਿੰਡ ਨਾਲ ਉਨ੍ਹਾਂ ਦੀ ਭਾਵਕ ਸਾਂਝ ਹਮੇਸ਼ਾ ਲਈ ਬਣੀ ਰਹੀ।

ਬਲਰਾਜ ਸਾਹਨੀ ਦੇ ਪਿਤਾ ਜੀ ਕੱਪੜੇ ਦਾ ਵਪਾਰ ਕਰਦੇ ਸਨ। ਉਨ੍ਹਾਂ ਨੇ ਰਾਵਲਪਿੰਡੀ ਵਾਲੇ ਆਪਣੇ ਨਿਵਾਸ ਸਥਾਨ ਤੇ ਹੀ ਦਫ਼ਤਰ ਬਣਾਇਆ ਹੋਇਆ ਸੀ।

ਉਨ੍ਹਾਂ ਦਾ ਨੌਕਰ ਤੁਲਸੀ ਉਨ੍ਹਾਂ ਦਾ ਵਪਾਰਕ ਕੰਮ ਵਿਚ ਹੱਥ ਵਟਾਉਂਦਾ ਸੀ । ਉਹ ਆਪਣੇ ਕੰਮ ਦੇ ਨਾਲ-ਨਾਲ ਆਰੀਆ ਸਮਾਜ ਦੀ ਭਲਾਈ ਵਾਸਤੇ ਵੀ ਜੁਟੇ ਰਹਿੰਦੇ ਸਨ। ਉਨ੍ਹਾਂ ਦੀ ਮਾਤਾ ਜੀ ਧਾਰਮਿਕ ਵਿਚਾਰਾਂ ਵਾਲੇ ਸਨ ਪਰ ਉਹ ਆਪਣੇ ਪਤੀ ਵਾਂਗ ਆਰੀਆ ਸਮਾਜੀ ਨਹੀਂ ਸਨ। ਉਹ ਗੁਰਦੁਆਰੇ ਜਾ ਕੇ ਵਧੇਰੇ ਖ਼ੁਸ਼ ਰਹਿੰਦੇ। ਉਹ ਭਾਵੇਂ ਜ਼ਿਆਦਾ ਪੜ੍ਹੇ ਲਿਖੇ ਨਹੀਂ ਸਨ ਪਰ ਪੰਜਾਬੀ ਅਤੇ ਹਿੰਦੀ ਚੰਗੀ ਤਰ੍ਹਾਂ ਪੜ੍ਹ ਲਿਖ ਸਕਦੇ ਸਨ । ਉਨ੍ਹਾਂ ਨੇ ਅੰਗ੍ਰੇਜ਼ੀ, ਸੰਸਕ੍ਰਿਤ ਅਤੇ ਉਰਦੂ ਵੀ ਸਿੱਖੀ। ਉਹ ਆਪਣੇ ਬੱਚਿਆਂ ਦੇ ਪਹਿਰਾਵੇ ਦਾ ਵਿਸ਼ੇਸ਼ ਧਿਆਨ ਰੱਖਦੇ ਸਨ । ਉਹ ਬੱਚਿਆਂ ਦੇ ਮਨੋਰੰਜਨ ਨੂੰ ਵੀ ਅਹਿਮੀਅਤ ਦੇਂਦੇ। ਉਨ੍ਹਾਂ ਨੇ ਬੱਚਿਆਂ ਵਾਸਤੇ ਹਾਰਮੋਨੀਅਮ ਅਤੇ ਗ੍ਰਾਮੋਫੋਨ ਦਾ ਪ੍ਰਬੰਧ ਕੀਤਾ। ਉਹ ਆਪਣੇ ਬੱਚਿਆਂ ਨੂੰ ਆਪ ਗੀਤ ਸੁਣਾਉਂਦੇ ਸਨ। ਜਦ ਕਦੇ ਉਹ ਹਿਜਰ ਦੇ ਗੀਤ ਸੁਣਾਉਂਦੇ ਤਾਂ ਉਨ੍ਹਾਂ ਦੇ ਪਤੀ ਮਨ੍ਹਾ ਕਰ ਦੇਂਦੇ ਕਿਉਂਕਿ ਉਹ ਚਾਹੁੰਦੇ ਸਨ ਕਿ ਬੱਚਿਆਂ ਨੂੰ ਹਮੇਸ਼ਾ ਆਸ਼ਾਵਾਦੀ ਸੁਰ ਵਾਲੇ ਗੀਤ ਸੁਣਾਉਣੇ ਚਾਹੀਦੇ ਹਨ। ਉਨ੍ਹਾਂ ਦੀ ਮਾਤਾ ਦੇ ਗਲੇ ਵਿਚ ਬਿਰਹਾ ਦੇ ਗੀਤ ਆਪ ਮੁਹਾਰੇ ਇਸ ਕਰਕੇ ਨਿਕਲਦੇ ਸਨ ਕਿਉਂਕਿ ਉਹ ਆਪਣੇ ਤਿੰਨ ਬੱਚਿਆਂ ਦੀ ਮੌਤ ਦਾ ਸਦਮਾ ਹੰਢਾ ਚੁੱਕੇ ਸਨ। ਉਹ ਦੁਪਹਿਰ ਦਾ ਖਾਣਾ ਖਾਣ ਉਪਰੰਤ ਕਿਸੇ ਸਤਿਸੰਗ ਵਿਚ ਕਥਾ ਸੁਣਨ ਚਲੇ ਜਾਂਦੇ ਤਾਂ ਕਿ ਉਨ੍ਹਾਂ ਦਾ ਧਿਆਨ ਪਰਮੇਸ਼ਵਰ ਵਿਚ ਲੱਗਾ ਰਹੇ।

ਉਨ੍ਹਾਂ ਦੇ ਘਰ ਦਾ ਮਾਹੌਲ ਧਾਰਮਿਕ ਸੀ ਪਰ ਕੋਈ ਵੀ ਘਰ ਦਾ ਜੀਅ ਤਅੱਸੁਬੀ ਨਹੀਂ ਸੀ। ਉਹ ਸਭ ਦਿਨ ਦੋ ਵਾਰ ਪ੍ਰਾਰਥਨਾ ਕਰਦੇ ਸਨ। ਉਨ੍ਹਾਂ ਦੇ ਘਰ ਵਿਚ ਹਵਨ ਤਾਂ ਆਮ ਕੀਤਾ ਜਾਂਦਾ ਸੀ। ਪਰਿਵਾਰ ਦੇ ਜੀਆਂ ਦੇ ਨਾਲ ਘਰ ਦਾ ਨੌਕਰ ਤੁਲਸੀ ਵੀ ਹਵਨ ਕੋਲ ਬੈਠਦਾ ਸੀ। ਬਲਰਾਜ ਸਾਹਨੀ ਦੀ ਹਵਨ ਦੇਖਣ ਵਿਚ ਬਹੁਤ ਦਿਲਚਸਪੀ ਹੁੰਦੀ ਸੀ ਭਾਵੇਂ ਉਸ ਸਮੇਂ ਉਨ੍ਹਾਂ ਨੂੰ ਮੰਤਰਾਂ ਦੇ ਅਰਥ ਨਹੀਂ ਸਨ ਪਤਾ ਹੁੰਦੇ। ਘਰ ਵਿਚ ਸ਼ਾਕਾਹਾਰੀ ਭੋਜਨ ਬਣਦਾ ਸੀ। ਠੰਢੇ ਪਾਣੀ ਨਾਲ ਨਹਾਉਣਾ, ਲੰਬੀ ਸੈਰ ਕਰਨਾ ਅਤੇ ਨੈਤਿਕ ਕੀਮਤਾਂ ਨੂੰ ਉਚਾਰਣ ਵਾਲਾ ਸਾਹਿਤ ਪੜ੍ਹਨ ਤੇ ਬਲ ਦਿੱਤਾ ਜਾਂਦਾ

ਸੀ । ਘਰ ਦੀਆਂ ਕੰਧਾਂ ਤੇ ਸਦਾਚਾਰਕ ਸਿੱਖਿਆ ਵਾਲੀਆਂ ਕਾਵਿ-ਪੰਕਤੀਆਂ ਲਟਕਾਈਆਂ ਹੁੰਦੀਆਂ ਸਨ।

ਬਲਰਾਜ ਸਾਹਨੀ ਦੀਆਂ ਦੋਵੇਂ ਭੈਣਾਂ ਵੈਦਵਤੀ ਅਤੇ ਸਾਵਿਤਰੀ ਆਰੀਆ ਸਮਾਜ ਸਕੂਲ ਵਿਚ ਪੜ੍ਹੀਆਂ। ਉਨ੍ਹਾਂ ਦੇ ਪਿਤਾ ਜੀ ਵਲੋਂ ਉਨ੍ਹਾਂ ਤੇ ਕਈ ਪਾਬੰਦੀਆਂ ਲਾਈਆਂ ਜਾਂਦੀਆਂ ਸਨ। ਉਨ੍ਹਾਂ ਨੂੰ ਮਕਾਨ ਦੀ ਬਾਲਕੋਨੀ ਵਿਚ ਜਾਣ ਦੀ ਮਨਾਹੀ ਸੀ, ਉਹ ਖੁੱਲ੍ਹ ਕੇ ਹੱਸ ਨਹੀਂ ਸਨ ਸਕਦੀਆਂ, ਉਨ੍ਹਾਂ ਵਾਸਤੇ ਗੀਤ ਗਾਣਾ ਵਰਜਿਤ ਸੀ। ਜੇ ਕੋਈ ਗਲ੍ਹੀ ਵਿੱਚੋਂ ਗੀਤ ਗਾਉਂਦਾ ਲੰਘਦਾ ਤਾਂ ਉਨ੍ਹਾਂ ਨੂੰ ਆਪਣੇ ਕੰਨ, ਹੱਥਾਂ ਨਾਲ ਬੰਦ ਕਰ ਲੈਣ ਦੀ ਹਦਾਇਤ ਸੀ।

ਲਾਲਾ ਹਰਬੰਸ ਲਾਲ ਨੇ ਆਪਣੇ ਦੋਹਾਂ ਲੜਕਿਆਂ ਬਲਰਾਜ ਅਤੇ ਭੀਸ਼ਮ ਨੂੰ ਵੀ ਗੁਰੂਕੁਲ ਪੋਠੋਹਾਰ ਵਿਖੇ ਪੜ੍ਹਨ ਪਾਇਆ। ਬਲਰਾਜ ਦੇ ਮੁੰਡਨ ਕਰਵਾ ਦਿੱਤੇ ਗਏ ਅਤੇ ਹਵਨ ਦੀ ਰਸਮ ਕਰਨ ਉਪਰੰਤ ਪੰਡਤ ਨੇ ਉਨ੍ਹਾਂ ਨੂੰ ਜਨੇਊ ਪਾ ਦਿਤਾ ਅਤੇ ਪੀਲੀ ਧੋਤੀ ਪਵਾ ਦਿੱਤੀ। ਬਲਰਾਜ ਨੇ ਉਸ ਸਮੇਂ ਇਕੱਠੇ ਹੋਏ ਲੋਕਾਂ ਕੋਲੋਂ ਪੰਡਤ ਦੇ ਕਹਿਣ ਤੇ ਦਾਨ ਇੱਕਠਾ ਕੀਤਾ ਜੋ ਬਾਅਦ ਵਿਚ ਪੰਡਤ ਨੇ 'ਗੁਰੂ ਦਕਸ਼ਨਾ' ਕਰਕੇ ਆਪ ਰੱਖ ਲਿਆ। ਪੰਡਤ ਦੀ ਇਹ ਹਰਕਤ ਬਲਰਾਜ ਦੀ ਮਾਤਾ ਜੀ ਨੂੰ ਉਕਾ ਚੰਗੀ ਨਾ ਲੱਗੀ।

ਗੁਰੂਕੁਲ ਦੀ ਇਮਾਰਤ ਸ਼ਹਿਰ ਤੋਂ ਬਾਹਰ ਸਥਿਤ ਸੀ। ਬਲਰਾਜ ਸਾਹਨੀ ਅਤੇ ਭੀਸ਼ਮ ਖੱਚਰ ਤੇ ਚੜ੍ਹ ਕੇ ਪਾਠਸ਼ਾਲਾ ਜਾਂਦੇ ਸਨ। ਉਨ੍ਹਾਂ ਦਾ ਨੌਕਰ ਤੁਲਸੀ ਵੀ ਸਾਰਾ ਦਿਨ ਉਨ੍ਹਾਂ ਦੇ ਨਾਲ ਬੱਝਿਆ ਰਹਿੰਦਾ। ਗੁਰੂਕੁਲ ਵਿਚ 40 ਬ੍ਰਹਮਚਾਰੀ ਸਨ। ਉਥੇ ਸੰਸਕ੍ਰਿਤ ਭਾਸ਼ਾ ਵਿਚ ਵਿਆਕਰਣ ਸਿਖਾਈ ਜਾਂਦੀ ਸੀ । ਬਲਰਾਜ ਨੇ ਵੀ ਲਘੂ ਸਿਧਾਂਤ ਕੌਮੁਦੀ, ਰਿਜੂ ਪਾਠ ਪੜ੍ਹੇ। ਬਲਰਾਜ ਨੇ ਸੰਸਕ੍ਰਿਤ ਦੇ ਕਈ ਸਲੋਕ ਜ਼ਬਾਨੀ ਯਾਦ ਕਰ ਲਏ। ਪਾਠਸ਼ਾਲਾ ਵਿਚ ਬਲਰਾਜ ਨੂੰ ਇਕ ਆਗਿਆਕਾਰੀ ਅਤੇ ਪਿਆਰੇ ਵਿਦਿਆਰਥੀ ਵਜੋਂ ਜਾਣਿਆ ਜਾਣ ਲਗਾ। ਉਹ ਪੀਲੇ ਵਸਤਰ ਪਹਿਨ ਕੇ ਇਕ ਉਭਰਦਾ

ਭਿਕਸ਼ੂ ਲਗਦਾ ਸੀ। ਹਰ ਐਤਵਾਰ ਨੂੰ ਸਭ ਬ੍ਰਹਮਚਾਰੀ ਇਕ ਵਾਣਪ੍ਰਸਥੀ ਦੀ ਰਹਿਨੁਮਾਈ ਹੇਠ ਸ਼ਹਿਰ ਦੀਆਂ ਗਲੀਆਂ ਵਿੱਚੋਂ ਨਿਕਲਦੇ ਸਨ। ਉਨ੍ਹਾਂ ਦੇ ਘੋਨੇ ਮੋਨੇ ਸਿਰ ਉਨ੍ਹਾਂ ਦੇ ਹੱਥਾਂ ਵਿਚ ਫੜੀਆਂ ਡਾਂਗਾਂ ਤੋਂ ਉਹ ਮਹਾਤਮਾ ਬੁੱਧ ਦੇ ਚੇਲੇ ਜਾਪਦੇ ਸਨ।

ਬਲਰਾਜ ਸਾਹਨੀ ਨੂੰ ਗੁਰੂਕੁਲ ਪਾਠਸ਼ਾਲਾ ਦਾ ਮਾਹੌਲ ਨਾ ਜਚਿਆ। ਉਨ੍ਹਾਂ ਨੇ ਕਰੜਾ ਮਨ ਕਰਕੇ ਇਕ ਦਿਨ ਆਪਣੇ ਪਿਤਾ ਜੀ ਨੂੰ ਕਹਿ ਦਿਤਾ ਕਿ ਉਹ ਗੁਰੂਕੁਲ ਪਾਠਸ਼ਾਲਾ ਵਿਚ ਨਹੀਂ ਪੜ੍ਹਨਾ ਚਾਹੁੰਦੇ ਕਿਉਂਕਿ ਉਥੇ ਕੋਈ ਪੜ੍ਹਾਈ ਨਹੀਂ ਹੁੰਦੀ। ਇਸ ਕਰਕੇ ਉਹ ਕਿਸੇ ਚੰਗੇ ਸਕੂਲ ਵਿਚ ਦਾਖਲ ਹੋਣਾ ਚਾਹੁੰਦੇ ਹਨ। ਬਲਰਾਜ ਸਾਹਨੀ ਦੀ ਮਾਤਾ ਨੇ ਵੀ ਆਪਣੇ ਪਤੀ ਨੂੰ ਬਲਰਾਜ ਦਾ ਸਕੂਲ ਬਦਲਣ ਲਈ ਕਿਹਾ। ਬਲਰਾਜ ਦੇ ਪਿਤਾ ਚਾਹੁੰਦੇ ਸਨ ਉਨ੍ਹਾਂ ਦੇ ਬੱਚਿਆਂ ਨੂੰ ਹਿੰਦੀ ਅਤੇ ਸੰਸਕ੍ਰਿਤ ਭਾਸ਼ਾ ਦਾ ਗਿਆਨ ਜ਼ਰੂਰ ਹੋਣਾ ਚਾਹੀਦਾ ਹੈ। ਬਲਰਾਜ ਨੂੰ ਚੌਥੀ ਜਮਾਤ ਵਿਚ ਡੀ.ਏ.ਵੀ. ਸਕੂਲ ਰਾਵਲਪਿੰਡੀ ਵਿਖੇ ਦਾਖਲ ਕਰਵਾ ਦਿੱਤਾ ਗਿਆ। ਪੜ੍ਹਾਈ ਦੇ ਨਾਲ-ਨਾਲ ਬਲਰਾਜ ਦੀ ਦਿਲਚਸਪੀ ਖੇਡਾਂ ਸਭਿਆਚਾਰਕ ਸਰਗਰਮੀਆਂ ਵਿੱਚ ਵੀ ਵਧੀ। ਉਨ੍ਹਾਂ ਨੇ ਸਵਾਮੀ ਦਯਾ ਨੰਦ, ਮਹਾਰਾਣਾ ਪਰਤਾਪ ਅਤੇ ਸ਼ਰਵਣ ਕੁਮਾਰ ਆਦਿ ਦੇ ਰੋਲ ਆਪਣੇ ਪਰਿਵਾਰ ਦੇ ਮੈਂਬਰਾਂ ਸਾਹਮਣੇ ਕਰਨੇ ਸ਼ੁਰੂ ਕੀਤੇ। ਬਲਰਾਜ ਜਦੋਂ ਸਤਵੀਂ ਜਮਾਤ ਦਾ ਵਿਦਿਆਰਥੀ ਸੀ ਤਾਂ ਉਸ ਨੇ ਇਕ ਪੰਨਾ ਹਥ ਲਿਖਤ ਪੱਤਰਕਾ 'ਹਕੀਕਤ' ਕੱਢਿਆ। ਉਸ ਵਿਚ ਹਾਕੀ ਮੈਚ, ਧਾਰਮਿਕ ਪ੍ਰਵਚਨ ਅਤੇ ਵਿਧਵਾ-ਪੁਨਰ ਵਿਆਹ ਆਦਿ ਵਿਸ਼ਿਆ ਬਾਰੇ ਜਾਣਕਾਰੀ ਸੀ। ਇਸ ਪੱਤਰਕਾ ਦੇ ਤਿੰਨ ਅੰਕ ਨਿਕਲੇ। ਬਲਰਾਜ ਸਾਹਨੀ ਨੇ ਡੀ.ਏ.ਵੀ. ਸਕੂਲ ਵਿਚ ਪੜ੍ਹਦਿਆਂ ਵੀ ਹਿੰਦੀ ਅਤੇ ਸੰਸਕ੍ਰਿਤ ਵਿਚ ਆਪਣੀ ਦਿਲਚਸਪੀ ਕਾਇਮ ਰੱਖੀ। ਉਸ ਨੂੰ ਸੰਧਿਆ-ਪਾਠ ਯਾਦ ਸੀ, ਉਸ ਨੂੰ ਹਵਨ-ਮੰਤਰ ਜ਼ਬਾਨੀ ਕੰਠ ਸਨ।

ਬਲਰਾਜ ਸਾਹਨੀ ਨੇ ਡੀ.ਏ.ਵੀ. ਸਕੂਲ ਤੋਂ 1928 ਈ. ਵਿਚ ਦਸਵੀਂ ਦਾ ਇਮਤਿਹਾਨ ਸਾਇੰਸ ਅਤੇ ਸੰਸਕ੍ਰਿਤ ਵਿਸ਼ਿਆਂ ਨਾਲ ਦਿੱਤਾ ਅਤੇ ਪਹਿਲੇ ਦਰਜੇ ਵਿਚ ਪਾਸ ਕੀਤਾ। ਉਸ ਦਾ ਜ਼ਿਲ੍ਹੇ ਵਿੱਚੋਂ ਦੂਸਰਾ ਸਥਾਨ ਸੀ ਤੇ ਉਸ ਨੂੰ ਯੂਨੀਵਰਸਿਟੀ ਵਲੋਂ

ਵਜੀਫ਼ਾ ਦਿੱਤਾ ਗਿਆ। ਉਸ ਉਪਰੰਤ ਬਲਰਾਜ ਸਾਹਨੀ ਨੇ ਡੀ.ਏ.ਵੀ.ਕਾਲਜ ਰਾਵਲਪਿੰਡੀ ਵਿਖੇ ਦਾਖਲਾ ਲਿਆ ਅਤੇ ਸੰਸਕ੍ਰਿਤ ਤੇ ਫਿਲਾਸਫੀ ਚੋਣਵੇਂ ਵਿਸ਼ੇ ਲਏ। ਏਥੇ ਉਸ ਨੇ ਅੰਗ੍ਰੇਜ਼ੀ ਪੜ੍ਹਨੀ ਵੀ ਸਿੱਖੀ। ਉਸ ਦਾ ਆਪਣੇ ਅੰਗਰੇਜ਼ੀ ਦੇ ਅਧਿਆਪਕ ਜਸਵੰਤ ਰਾਇ ਵਲ ਵਧੇਰੇ ਝੁਕਾ ਹੋਇਆ। ਪ੍ਰੋਫੈਸਰ ਜਸਵੰਤ ਰਾਇ ਨੇ ਬਲਰਾਜ ਨੂੰ ਅੰਗ੍ਰੇਜ਼ੀ ਸਾਹਿਤ ਪੜ੍ਹਨ ਵਲ ਪ੍ਰੇਰਿਆ। ਉਸ ਦੀ ਰੁਚੀ ਆਰੀਆ ਸਮਾਜ 'ਚੋਂ ਘਟਣ ਲੱਗੀ। ਉਸ ਨੇ ਅੰਗ੍ਰੇਜ਼ੀ ਪਿਕਚਰਾਂ ਦੇਖਣੀਆਂ ਸ਼ੁਰੂ ਕਰ ਦਿੱਤੀਆ, ਮੀਟ ਖਾਣ ਲਗ ਪਿਆ, ਉਸ ਨੇ ਪਜਾਮੇ ਦੀ ਥਾਂ ਪੈਂਟ ਪਾਉਣੀ ਸ਼ੁਰੂ ਕਰ ਦਿੱਤੀ। ਉਸ ਨੇ ਘਰ ਵਿਚ ਖਾਣੇ ਵਾਲਾ ਮੇਜ਼ ਮੰਗਵਾ ਲਿਆ, ਜਪਾਨੀ ਟੀ-ਸੈਟ ਮੰਗਵਾ ਲਿਆ। ਉਸ ਨੇ ਘਰ ਵਿਚ ਅੰਗ੍ਰੇਜ਼ੀ ਬੋਲਣੀ ਸ਼ੁਰੂ ਕਰ ਦਿੱਤੀ।

1929 ਈ. ਵਿਚ 'ਇੰਡੀਅਨ ਨੈਸ਼ਨਲ ਕਾਂਗਰਸ' ਦੇ ਰਾਵੀ ਦਰਿਆ ਦੇ ਕਿਨਾਰੇ, ਲਾਹੌਰ ਵਿਖੇ ਹੋਏ ਸਲਾਨਾ ਸੈਸ਼ਨ ਦਾ ਬਲਰਾਜ ਸਾਹਨੀ ਤੇ ਡੂੰਘਾ ਅਸਰ ਪਿਆ। ਉਹ ਕਈ ਦਿਨ ਉਸ ਸੈਸ਼ਨ ਬਾਰੇ ਆਪਣੇ ਦੋਸਤਾਂ ਨਾਲ ਗੱਲਾਂ ਕਰਦੇ ਰਹੇ। ਉਸ ਉਪਰੰਤ ਭਗਤ ਸਿੰਘ ਦੀ ਸ਼ਹੀਦੀ ਨੇ ਉਨ੍ਹਾਂ ਤੇ ਡੂੰਘਾ ਅਸਰ ਕੀਤਾ ਅਤੇ ਉਨ੍ਹਾਂ ਨੇ ਉਸ ਦੀ ਸ਼ਹਾਦਤ ਸਬੰਧੀ ਇਕ ਭਾਵਕ ਕਵਿਤਾ ਅੰਗ੍ਰੇਜ਼ੀ ਵਿੱਚ ਲਿਖੀ। ਉਨ੍ਹਾਂ ਨੇ ਇਨ੍ਹਾਂ ਦਿਨਾਂ ਵਿੱਚ ਲੈਨਿਨ ਅਤੇ ਕਾਰਲ ਮਾਰਕਸ ਦੀਆਂ ਰਚਨਾਵਾਂ ਦਾ ਵੀ ਡੂੰਘਾ ਅਧਿਐਨ ਕੀਤਾ। ਉਨ੍ਹਾਂ ਦੀ ਸੋਚ ਖੱਬੇ ਪੱਖੀਆਂ ਨਾਲ ਮਿਲਣ ਲਗ ਗਈ।

ਇਹ ਸਭ ਕੁਝ ਬਲਰਾਜ ਦੇ ਪਿਤਾ ਨੂੰ ਨਾ ਮਨਜ਼ੂਰ ਸੀ। ਬਲਰਾਜ ਸਾਹਨੀ ਨੇ ਆਪਣੇ ਪਿਤਾ ਵਲੋਂ ਲਗਾਈਆਂ ਪਾਬੰਦੀਆਂ ਦੀ ਪਰਵਾਹ ਕਰਨੀ ਛੱਡ ਦਿਤੀ। ਹੁਣ ਉਹ ਤੜਕੇ ਉਠਣ ਦੀ ਥਾਂ ਕਾਫੀ ਦਿਨ ਚੜ੍ਹੇ ਉਠਦਾ, ਉਹ ਸਿਰਹਾਣੇ ਤੇ ਸਿਰ ਰੱਖੀ ਨਾਵਲ ਪੜ੍ਹਦਾ ਰਹਿੰਦਾ ਜਿਹੜਾ ਉਸ ਦੇ ਪਿਤਾ ਨੂੰ ਨਾ-ਪਸੰਦ ਸੀ। ਉਸਦੇ ਪਿਤਾ ਜੀ ਕਈ ਵਾਰ ਉਸ ਨੂੰ 'ਲੰਡਨ ਮੇਕਿੰਗ' ਵੀ ਆਖਦੇ। ਬਲਰਾਜ ਦੇ ਪਿਤਾ ਜੀ ਦੇ ਮਨ ਵਿਚ ਪ੍ਰੋਫੈਸਰ ਜਸਵੰਤ ਰਾਇ ਦੀ ਇੱਜ਼ਤ ਬਹੁਤ ਵਧ ਗਈ ਕਿਉਂਕਿ ਉਨ੍ਹਾਂ ਦੀ ਸ਼ਖਸੀਅਤ ਦਾ ਬਲਰਾਜ ਤੇ ਬਹੁਤ ਪ੍ਰਭਾਵ ਹੋ ਗਿਆ ਸੀ। ਇਨ੍ਹਾਂ ਦਿਨਾਂ ਵਿਚ ਬਲਰਾਜ ਨੇ ਅੰਗ੍ਰੇਜ਼ੀ

ਵਿਚ ਇਕ ਹੋਰ ਕਵਿਤਾ ਲਿਖੀ। ਇਹ ਕਸ਼ਮੀਰ ਵਾਦੀ ਦੇ ਗੁਲਮਰਗ ਨਾਲ ਸਬੰਧਤ ਸੀ।

ਇਸ ਕਾਲਜ ਵਿਚ ਪੜ੍ਹਦਿਆਂ ਬਲਰਾਜ ਸਾਹਨੀ ਦਾ ਸੁਭਾਅ ਬਹੁਤ ਬਦਲ ਗਿਆ। ਉਸ ਨੇ ਕਈ ਨਵੇਂ ਮਿੱਤਰ ਬਣਾ ਲਏ। ਉਹ ਆਜ਼ਾਦ ਪੰਛੀ ਵਾਂਗ ਘੁੰਮਣ ਲੱਗਾ। ਉਹ ਆਪਣੇ ਦੋਸਤਾਂ ਨਾਲ ਸਾਈਕਲਾਂ ਤੇ 'ਕੋਹਮਰੀ" ਜਾਣ ਦਾ ਪ੍ਰੋਗਰਾਮ ਅਕਸਰ ਬਣਾ ਲੈਂਦਾ। ਉਸ ਨੇ ਆਪਣੇ ਦੋਸਤਾਂ ਨਾਲ 'ਕੋਹਮਰੀ' ਤੋਂ ਕੋਹਾਲਾ, ਸਿਰੀਨਗਰ ਤੋਂ ਗੁਲਮਰਗ ਅਤੇ ਰਾਵਲਪਿੰਡੀ ਤੋਂ ਕੋਹਮਰੀ ਕਈ ਵਾਰ ਸਾਈਕਲ ਟੂਰ ਲਾਏ। ਉਸ ਨੂੰ ਪਹਾੜੀਆਂ ਤੇ ਪੈਦਲ ਚੜ੍ਹ ਕੇ ਆਨੰਦ ਆਉਂਦਾ, ਉਹ ਨਹਿਰਾਂ ਵਿਚ ਤੈਰ ਕੇ ਖੁਸ਼ ਹੁੰਦਾ। ਉਹ ਆਪਣੀ ਮੌਲਿਕਤਾ ਸਦਕਾ ਸਾਰਿਆਂ ਵਿਚ ਪਿਆਰ ਦਾ ਪਾਤਰ ਹੁੰਦਾ। ਉਸ ਨੇ 1930 ਈ. ਵਿਚ ਡੀ.ਏ.ਵੀ ਕਾਲਜ ਰਾਵਲਪਿੰਡੀ ਤੋਂ ਐੱਫ.ਏ. ਦਾ ਇਮਤਿਹਾਨ ਦਿੱਤਾ ਅਤੇ ਪਹਿਲੇ ਦਰਜੇ ਵਿਚ ਪਾਸ ਕੀਤਾ।

ਬਲਰਾਜ ਨੂੰ ਉਚੇਰੀ ਪੜ੍ਹਾਈ ਲਈ ਲਾਹੌਰ ਜਾਣਾ ਪਿਆ। ਉਸ ਦੇ ਪਿਤਾ ਜੀ ਚਾਹੁੰਦੇ ਸਨ ਕਿ ਉਹ ਹੈਲੋ ਕਾਲਜ ਆਫ਼ ਕਾਮਰਸ, ਲਾਹੌਰ ਵਿਖੇ ਦਾਖਲ ਹੋਵੇ। ਉਨ੍ਹਾਂ ਦੀ ਇੱਛਾ ਸੀ, ਕਿ ਉਨ੍ਹਾਂ ਦੇ ਦੋਵੇਂ ਪੁੱਤਰ ਕਾਮਰਸ ਵਿਚ ਉਚੇਰੀ ਵਿੱਦਿਆ ਹਾਸਲ ਕਰਨ। ਇਕ ਦਾ ਦਫ਼ਤਰ ਲੰਡਨ ਹੋਵੇ ਤੇ ਇਕ ਦਾ ਕਰਾਚੀ। ਇਸ ਤਰ੍ਹਾਂ ਆਯਾਤ, ਨਿਰਯਾਤ ਕਰਕੇ ਉਹ ਆਪਣਾ ਨਾਂ ਉੱਚਾ ਕਰ ਸਕਦੇ ਹਨ।

ਬਲਰਾਜ ਦੀ ਵਧੇਰੇ ਦਿਲਚਸਪੀ ਕਾਮਰਸ ਪੜ੍ਹਨ ਵਿਚ ਨਹੀਂ ਸੀ। ਉਹ ਤਾਂ ਸਰਕਾਰੀ ਕਾਲਜ ਜਾਂ ਫਾਰਮਨ ਕਾਲਜ, ਲਾਹੌਰ ਦਾਖਲ ਹੋਣ ਦਾ ਚਾਹਵਾਨ ਸੀ । ਉਸ ਦਾ ਆਦਰਸ਼ਕ ਪ੍ਰਾਧਿਆਪਕ ਜਸਵੰਤ ਰਾਇ ਵੀ ਫਾਰਮਨ ਕ੍ਰਿਸਚਿਅਨ ਕਾਲਜ, ਲਾਹੌਰ ਤੋਂ ਪੜ੍ਹਿਆ ਹੋਇਆ ਸੀ। ਲਾਹੌਰ ਲਈ ਰਵਾਨਾ ਹੋਣ ਵੇਲੇ ਬਲਰਾਜ ਦੇ ਪਿਤਾ ਜੀ ਨੇ ਉਸ ਨੂੰ ਕਈ ਸਿੱਖਿਆ ਸ਼ਾਸਤਰੀ ਦੋਸਤਾਂ ਦੇ ਨਾਂ ਤੇ ਸਿਫਾਰਸ਼ੀ ਪੱਤਰ ਦਿੱਤੇ। ਉਨ੍ਹਾਂ ਚੋਂ ਇੱਕ ਪੱਤਰ ਉਸ ਵੇਲੇ ਦੇ ਡੀ.ਏ.ਵੀ. ਕਾਲਜ ਲਾਹੌਰ ਦੇ ਪ੍ਰਿੰਸੀਪਲ ਲਾਲਾ ਸੇਨ ਦਾਸ ਦੇ ਨਾਂ ਸੀ । ਉਹ ਆਰੀਆ ਸਮਾਜ ਦੇ ਪ੍ਰਮੁੱਖ ਪ੍ਰਬੰਧਕਾਂ ਵਿਚੋਂ ਸਨ। ਬਲਰਾਜ ਦੇ ਪਿਤਾ ਜੀ

ਨੇ ਉਸ ਨੂੰ ਖੇਤੀਬਾੜੀ ਪੜ੍ਹਨ ਲਈ ਪਰੇਰਿਆ ਪਰ ਉਹ ਤਾਂ ਬੀ.ਏ. ਆਨਰਜ਼ ਕਰਨਾ ਚਾਹੁੰਦਾ ਸੀ। ਉਸ ਨੇ ਸਰਕਾਰੀ ਕਾਲਜ ਲਾਹੌਰ ਵਿਖੇ ਅਕਤੂਬਰ 1930 ਈ. ਵਿਚ ਬੀ.ਏ. ਆਨਰਜ਼ (ਅੰਗ੍ਰੇਜ਼ੀ) ਵਿਚ ਦਾਖਲਾ ਲੈ ਲਿਆ ਅਤੇ ਉਥੋਂ ਹੀ ਉਸਨੇ ਅਪ੍ਰੈਲ, 1934 ਈ. ਵਿਚ ਐਮ.ਏ.ਅੰਗ੍ਰੇਜ਼ੀ ਕੀਤੀ। ਸਰਕਾਰੀ ਕਾਲਜ ਲਾਹੌਰ ਵਿਖੇ ਪੜ੍ਹਦਿਆਂ ਉਸ ਨੇ ਐਰਿਕਟਿਕਨਸਨ ਵਰਗੇ ਪ੍ਰੋਫੈਸਰਾਂ ਦਾ ਪ੍ਰਭਾਵ ਕਬੂਲਿਆ, ਪ੍ਰੇਮ ਕ੍ਰਿਪਾਲ ਅਤੇ ਚੇਤਨ ਆਨੰਦ ਉਨ੍ਹਾਂ ਦੇ ਦੋਸਤ ਬਣੇ, ਉਨ੍ਹਾਂ ਨੇ ਅੰਗ੍ਰੇਜ਼ੀ ਵਿਚ ਕੋਈ ਕਹਾਣੀ ਲਿਖਣੀ ਸ਼ੁਰੂ ਕੀਤੀ। ਉਨ੍ਹਾਂ ਦੀ ਇਕ ਕਹਾਣੀ 'ਚਿਨਾਰੀ' ਕਾਲਜ ਮੈਗਜ਼ੀਨ 'ਰਾਵੀ' ਵਿਚ ਵੀ ਪ੍ਰਕਾਸ਼ਤ ਹੋਈ । ਏਸੇ ਕਾਲ ਦੌਰਾਨ ਉਨ੍ਹਾਂ ਨੇ ਅੰਗ੍ਰੇਜ਼ੀ ਵਿਚ ਹੋਰ ਕਵਿਤਾਵਾਂ ਵੀ ਲਿਖੀਆਂ। ਉਨ੍ਹਾਂ ਨੇ ਅੰਗ੍ਰੇਜ਼ੀ ਦੇ ਪ੍ਰਸਿੱਧ ਲੇਖਕਾਂ ਵਿਲੀਅਮ ਸ਼ੈਕਸਪੀਅਰ, ਪੀ.ਬੀ. ਸ਼ੈਲੇ, ਜਾਰਜ ਬਰਨਰਡ ਸ਼ਾਅ, ਐਚ.ਜੀ. ਵੈਲਜ ਅਤੇ ਜਾਹਨ ਕੀਟਸ ਦੀਆਂ ਰਚਨਾਵਾਂ ਦਾ ਡੂੰਘਾ ਅਧਿਐਨ ਕੀਤਾ।

ਸਰਕਾਰੀ ਕਾਲਜ, ਲਾਹੌਰ ਵਿਖੇ ਪੜ੍ਹਦਿਆਂ ਹੀ ਬਲਰਾਜ ਸਾਹਨੀ ਦੀ ਦਿਲਚਸਪੀ ਨਾਟਕ ਵਿਚ ਭਾਗ ਲੈਣ ਲਈ ਵਧੀ। ਉਨ੍ਹਾਂ ਨੇ ਪ੍ਰੋਫੈਸਰ ਜੀ.ਡੀ. ਸੌਂਧੀ ਅਤੇ ਪ੍ਰੋਫੈਸਰ ਏ.ਐਸ. ਬੁਖਾਰੀ ਦੀ ਅਗਵਾਈ ਹੇਠ ਰੰਗਮੰਚ ਬਾਰੇ ਤਕਨੀਕੀ ਜਾਣਕਾਰੀ ਪ੍ਰਾਪਤ ਕੀਤੀ । ਬਲਰਾਜ ਨੇ ਕਈ ਨਾਟਕਾਂ ਵਿਚ ਕੁੜੀਆਂ ਦਾ ਰੋਲ ਕੀਤਾ। ਬਲਰਾਜ ਸਾਹਨੀ ਨੂੰ ਤੈਰਨ ਦਾ ਵੀ ਬਹੁਤ ਸ਼ੌਕ ਸੀ। ਉਹ ਕਾਲਜ ਵਿਚ ਬੋਟ ਕਲੱਬ ਦੇ ਮੈਂਬਰ ਬਣੇ ਅਤੇ ਬਾਅਦ ਵਿਚ ਅਸਿਸਟੈਂਟ ਸੈਕਟਰੀ | ਉਨ੍ਹਾਂ ਨੇ ਕਲੱਬ ਦਾ ਹਿਸਾਬ ਠੀਕ ਨਾ ਹੋਣ ਕਾਰਨ ਕਲੱਬ ਦੇ ਆਨਰੇਰੀ ਪ੍ਰਧਾਨ ਪ੍ਰੋਫੈਸਰ ਜਾਰਜ ਮੈਂਥੇ ਨੂੰ ਅਸਤੀਫ਼ਾ ਫੜਾ ਦਿੱਤਾ। ਬਾਅਦ ਵਿਚ ਪ੍ਰੋਫੈਸਰ ਮੈਥੇ ਦੇ ਕਹਿਣ ਤੇ ਵੀ ਕਲੱਬ ਨਾਲ ਨਾ ਜੁੜੇ। ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਉਸ ਸਮੇਂ ਦੇ ਵਾਈਸ ਚਾਂਸਲਰ ਏ. ਸੀ. ਵੂਲਨਰ ਨੇ ਬਲਰਾਜ ਸਾਹਨੀ ਨੂੰ 'ਯੂਨੀਵਰਸਿਟੀ ਯੂਨੀਅਨ' ਦਾ ਪ੍ਰਧਾਨ ਮਨੋਨੀਤ ਕੀਤਾ। ਬਲਰਾਜ ਸਾਹਨੀ ਨੇ ਇਹ ਅਹੁਦਾ ਬਹੁਤ ਸੁਚੱਜੇ ਢੰਗ ਨਾਲ ਸੰਭਾਲਿਆ। ਇਨ੍ਹਾਂ ਨੇ ਉਸ

ਵੇਲੇ ਦੇ ਯੂਨੀਵਰਸਿਟੀ ਅਧਿਕਾਰੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਕੋਲੋਂ ਪ੍ਰਸ਼ੰਸਾ ਪ੍ਰਾਪਤ ਕੀਤੀ।

ਬਲਰਾਜ ਸਾਹਨੀ ਨੇ ਐਮ. ਏ. ਅੰਗ੍ਰੇਜ਼ੀ ਨੌਕਰੀ ਕਰਨ ਵਾਸਤੇ ਨਹੀਂ ਸੀ ਕੀਤੀ। ਉਨ੍ਹਾਂ ਦਾ ਤਾਂ ਘਰ ਹੀ ਏਨਾ ਕੰਮ ਸੀ ਕਿ ਉਨ੍ਹਾਂ ਦੇ ਪਿਤਾ ਜੀ ਉਨ੍ਹਾਂ ਨੂੰ ਕੱਪੜੇ ਦੇ ਵਪਾਰ ਵਿਚ ਲਾਉਣਾ ਚਾਹੁੰਦੇ ਸਨ। ਅਪ੍ਰੈਲ, 1934 ਈ. ਵਿਚ ਲਾਹੌਰ ਤੋਂ ਵਾਪਸ ਆ ਕੇ ਆਪਣੇ ਪਿਤਾ ਜੀ ਨਾਲ ਕੱਪੜੇ ਦੇ ਵਪਾਰ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਇਕ ਵਾਰ 'ਹੈਰਿਕਸ ਲਾਗ ਕਲਾਬ' ਕਿਸਮ ਦਾ ਕੱਪੜਾ ਲਿਆ ਕੇ ਕੱਪੜੇ ਦੀਆਂ ਦੁਕਾਨਾਂ ਤੇ ਵੇਚਣਾ ਚਾਹਿਆ ਪਰ ਵਪਾਰ ਦੇ ਦਾਅ ਪੇਚ ਨਾ ਆਉਣ ਕਰਕੇ ਉਹ ਕਾਮਯਾਬ ਨਾ ਹੋ ਸਕੇ। ਉਨ੍ਹਾਂ ਦਾ ਦਿਲ ਕੱਪੜੇ ਦੇ ਵਪਾਰ ਵਿਚ ਵੀ ਨਾ ਖੁੱਭਿਆ। ਉਹ ਆਪਣੇ ਮਿੱਤਰਾਂ ਜਸਵੰਤ ਰਾਇ, ਬਖਸ਼ੀ ਕਲਿਆਣ ਦਾਸ ਅਤੇ ਹੋਰਨਾਂ ਨਾਲ ਪਹਾੜੀਆਂ ਤੇ ਸੈਰ ਕਰਨ ਜਾਂਦੇ, ਉਨਾਂ ਨਾਲ ਕਵਿਤਾ ਅਤੇ ਸਿਆਸਤ ਬਾਰੇ ਲੰਬੀਆਂ ਬਹਿਸਾਂ ਕਰਦੇ। ਇਨ੍ਹਾਂ ਦਿਨਾਂ ਵਿਚ ਬਲਰਾਜ ਸਾਹਨੀ ਦੀ ਕੁੜਮਾਈ ਜਸਵੰਤ ਰਾਇ ਦੀ ਛੋਟੀ ਭੈਣ ਦਮਯੰਤੀ ਨਾਲ ਹੋ ਗਈ। ਭਾਵੇਂ ਬਲਰਾਜ ਸਾਹਨੀ ਆਪਣੀ ਭੂਆ ਦੀ ਲੜਕੀ ਸੰਤੋਸ਼ ਵਿਚ ਦਿਲਚਸਪੀ ਰੱਖਦਾ ਸੀ ਪਰ ਉਸ ਦੇ ਮਨ ਵਿਚ ਜਸਵੰਤ ਰਾਇ ਲਈ ਬਹੁਤ ਇੱਜ਼ਤ ਸੀ। ਇਸ ਕਰਕੇ ਉਹ ਉਨ੍ਹਾਂ ਨੂੰ ਨਾਂਹ ਨਾ ਕਰ ਸਕਿਆ। ਜਸਵੰਤ ਰਾਇ ਨੇ ਬਲਰਾਜ ਸਾਹਨੀ ਦਾ ਇਹ ਗੱਲ ਕਹਿ ਕੇ ਵੀ ਦਿਲ ਤੋੜ ਦਿੱਤਾ ਕਿ ਹਿੰਦੂ ਪਰਿਵਾਰਾਂ ਵਿਚ ਭੂਆ, ਚਾਚੇ, ਮਾਸੀ ਅਤੇ ਮਾਮੇ ਦੀ ਲੜਕੀ ਲੜਕੇ ਨਾਲ ਵਿਆਹ ਨਹੀਂ ਕੀਤਾ ਜਾਂਦਾ। ਬਲਰਾਜ ਦਾ ਵਿਆਹ ਦਮਯੰਤੀ ਨਾਲ ਦਸੰਬਰ, 1936 ਈ. ਨੂੰ ਰਾਵਲਪਿੰਡੀ ਵਿਖੇ ਹੋ ਗਿਆ। ਦਮਯੰਤੀ ਬਹੁਤ ਪਿਆਰੇ ਅਤੇ ਮਿਲਾਪੜੇ ਸੁਭਾਅ ਵਾਲੀ ਸੀ। ਉਹ ਪੰਜ ਭਰਾਵਾਂ ਅਤੇ ਦੋ ਭੈਣਾਂ ਦੀ ਸਭ ਤੋਂ ਛੋਟੀ ਭੈਣ ਸੀ ਜਿਸ ਨੂੰ ਆਪਣੇ ਪਰਿਵਾਰ ਵਿਚ ਸਭ ਤੋਂ ਪਿਆਰ ਮਿਲਿਆ ਸੀ। ਉਸ ਦਾ ਬਲਰਾਜ ਦੀ ਜ਼ਿੰਦਗੀ ਵਿਚ ਆਉਣਾ ਸੂਰਜ ਦੀ ਇਕ ਕਿਰਨ ਵਾਂਗ ਸੀ। ਬਲਰਾਜ ਦੇ ਵਿਆਹ ਨਾਲ ਘਰ ਦਾ ਸਾਰਾ ਵਾਤਾਵਰਣ ਬਦਲ ਗਿਆ। ਬਲਰਾਜ ਤੇ ਭਾਰਤੀ ਸਭਿਆਚਾਰ ਦੇ ਨਾਲ ਨਾਲ ਪੱਛਮੀ ਸਭਿਆਚਾਰ

ਦਾ ਪ੍ਰਭਾਵ ਵੀ ਸੀ। ਉਹ ਰਾਵਲਪਿੰਡੀ ਵਿਚ ਆਪਣੀ ਪਤਨੀ ਦਮੋਂ ਨੂੰ ਸਾਈਕਲ ਤੇ ਬੈਠਾ ਕੇ ਘੁੰਮਦਾ। ਦਮੋਂ ਨੇ ਵਿਆਹ ਉਪਰੰਤ ਸਾਧਾਰਣ ਕੱਪੜੇ ਹੀ ਪਾਏ, ਉਸ ਨੇ ਸੋਨੇ ਦੇ ਗਹਿਣੇ ਵੀ ਨਾ ਪਾਏ ਅਜਿਹਾ ਕਰਨਾ ਬਲਰਾਜ ਸਾਹਨੀ ਦੀ ਮਾਤਾ ਜੀ ਨੂੰ ਚੰਗਾ ਨਾ ਲੱਗਾ । ਬਲਰਾਜ ਅਤੇ ਦਮੋਂ ਤੇ ਕੋਈ ਅਸਰ ਨਾ ਹੋਇਆ। ਬਲਰਾਜ ਦੇ ਪਿਤਾ ਜੀ ਨੂੰ ਇਹ ਵੀ ਚੰਗਾ ਨਾ ਲੱਗਾ ਕਿ ਉਸ ਦੀ ਵਪਾਰ ਚੋਂ ਦਿਲਚਸਪੀ ਘੱਟ ਰਹੀ ਸੀ। ਬਲਰਾਜ ਸਾਹਨੀ ਪੰਜਾਬੀ ਦੇ ਪ੍ਰਸਿੱਧ ਲੇਖਕ ਦੇਵਿੰਦਰ ਸਤਿਆਰਥੀ ਨਾਲ ਪੋਠੋਹਾਰੀ ਲੋਕਗੀਤ ਇੱਕਠੇ ਕਰਦਾ ਰਿਹਾ। ਦੇਵਿੰਦਰ ਸਤਿਆਰਥੀ ਨਾਲ ਜਾ ਕੇ ਬਲਰਾਜ ਸਾਹਨੀ ਦਾ ਪਿੰਡਾਂ ਦੇ ਲੋਕਾਂ ਨਾਲ ਸੰਪਰਕ ਵਧਿਆ ਅਤੇ ਉਸ ਨੇ ਹਿੰਦੀ ਵਿਚ ਰਚਨਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ।

ਬਲਰਾਜ ਨੇ 1937 ਈ. ਵਿਚ ਕਸ਼ਮੀਰ ਤੋਂ ਆਪਣੇ ਇਕ ਸਾਥੀ ਦੁਰਗਾ ਪ੍ਰਸਾਦ ਧਰ ਦੇ ਸਹਿਯੋਗ ਨਾਲ ਅੰਗ੍ਰੇਜ਼ੀ ਵਿਚ 'ਕੁੰਗਪੋਸ਼ਾ' ਪੱਤ੍ਰਿਕਾ ਕੱਢਣੀ ਸ਼ੁਰੂ ਕਰ ਦਿਤੀ। ਉਥੇ ਹੀ ਬਲਰਾਜ ਨੇ ਇਕ ਕਸ਼ਮੀਰੀ ਕਵੀ ਮਹਿਜੂਰ ਬਾਰੇ ਸੁਣਿਆ ਜੋ ਕਸ਼ਮੀਰ ਵਾਦੀ ਵਿਚ ਮਾਲ ਮਹਿਕਮੇ ਵਿਚ ਕਰਮਚਾਰੀ ਸੀ । ਬਲਰਾਜ ਸਾਹਨੀ ਆਪ ਉਸ ਨੂੰ ਮਿਲਣ ਗਿਆ ਅਤੇ ਬਾਅਦ ਵਿਚ ਕਸ਼ਮੀਰੀ ਭਾਸ਼ਾ ਵਿਚ ਉਸ ਦੇ ਜੀਵਨ ਅਤੇ ਰਚਨਾ ਤੇ ਇਕ ਡਾਕੂਮੈਂਟਰੀ ਫਿਲਮ ਵੀ ਬਣਾਈ। ਇਸ ਫਿਲਮ ਵਿਚ ਬਲਰਾਜ ਸਾਹਨੀ ਅਤੇ ਉਸ ਦੇ ਬੇਟੇ ਪਰੀਕਸ਼ਤ ਸਾਹਨੀ ਨੇ ਵੀ ਰੋਲ ਕੀਤਾ।

ਉਸ ਸਾਲ ਕਈ ਲੋਕ ਉਨ੍ਹਾਂ ਦੇ ਪਰਿਵਾਰ ਨੂੰ ਮਿਲਣ ਕਸ਼ਮੀਰ ਗਏ ਜਿਵੇਂ ਜਸਵੰਤ ਰਾਇ, ਬੀ.ਪੀ.ਐਨ. ਬੇਦੀ ਅਤੇ ਉਨ੍ਹਾਂ ਦੀ ਪਤਨੀ, ਫਰੇਦਾ ਅਤੇ ਉਸ ਦਾ ਛੋਟਾ ਪੁੱਤਰ। ਉਨ੍ਹਾਂ ਦਿਨਾਂ ਵਿਚ ਹੀ ਪ੍ਰਸਿੱਧ ਫਿਲਮ ਅਭਿਨੇਤਾ ਭਵਨਾਨੀ ਅਤੇ ਡੇਵਡ ਉਨ੍ਹਾਂ ਕੋਲ ਗਏ। ਭਵਨਾਨੀ ਉਨ੍ਹਾਂ ਦਿਨਾਂ ਵਿਚ 'ਹਿਮਾਲਯ ਦੀ ਬੇਟੀ' ਫਿਲਮ ਬਣਾ ਰਹੇ ਸਨ ਅਤੇ ਉਨ੍ਹਾਂ ਨੇ ਬਲਰਾਜ ਨੂੰ ਇਸ ਫਿਲਮ ਵਿਚ ਰੋਲ ਕਰਨ ਲਈ ਪੇਸ਼ਕਸ਼ ਕੀਤੀ ਪਰ ਬਲਰਾਜ ਦਾ ਉਸ ਸਮੇਂ ਫਿਲਮੀ ਦੁਨੀਆਂ ਵਿਚ ਜਾਣ ਦਾ ਕੋਈ ਇਰਾਦਾ ਨਹੀਂ ਸੀ।

ਬਲਰਾਜ ਸਾਹਨੀ ਨੇ ਮਨ ਬਣਾ ਲਿਆ ਕਿ ਉਹ ਆਪਣੇ ਪੈਰਾਂ ਤੇ ਖੜ੍ਹੇ ਹੋਣਗੇ। ਉਨ੍ਹਾਂ ਦੇ ਪਿਤਾ ਘਬਰਾਉਂਦੇ ਸਨ ਕਿ ਉਹ ਆਪਣੀ ਅਤੇ ਆਪਣੀ ਪਤਨੀ ਦਮਯੰਤੀ ਦੀ ਰੋਟੀ ਦਾ ਪ੍ਰਬੰਧ ਕਿਵੇਂ ਕਰਨਗੇ ? ਬਲਰਾਜ ਸਾਹਨੀ ਚਾਹੁੰਦੇ ਸਨ ਕਿ ਉਹ ਸਿਰਫ਼ ਉਨ੍ਹਾਂ ਨੂੰ ਆਪਣਾ ਆਸ਼ੀਰਵਾਦ ਦੇਣ, ਉਹ ਕੁਝ ਨਾ ਕੁਝ ਕਰ ਕੇ ਵਿਖਾਉਣਗੇ। ਉਨ੍ਹਾਂ ਦੇ ਪਿਤਾ ਜੀ ਨੇ ਬੜਾ ਰੋਕਿਆ ਪਰ ਬਲਰਾਜ ਘਰ ਛੱਡ ਕੇ ਜਾਣ ਲਈ ਜ਼ਿੱਦ ਕਰਦੇ ਰਹੇ। ਉਹ ਆਪਣੀ ਪਤਨੀ ਨਾਲ 20 ਸਤੰਬਰ, 1937 ਈ. ਨੂੰ ਘਰ ਛੱਡ ਕੇ ਤੁਰਨ ਲਗੇ ਤਾਂ ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਕੁਝ ਪੋਸਟ ਕਾਰਡ ਦਿੱਤੇ ਜਿਨ੍ਹਾਂ ਤੇ ਘਰ ਦਾ ਪਤਾ ਅਤੇ ਉਨ੍ਹਾਂ ਦੀ ਸੁੱਖਸਾਂਦ ਲਿਖੀ ਹੋਈ ਸੀ . ਕਿਉਂਕਿ ਉਨ੍ਹਾਂ ਦੇ ਪਿਤਾ ਜੀ ਨੂੰ ਪਤਾ ਸੀ ਕਿ ਉਹ ਚਿੱਠੀ ਲਿਖਣ ਦੇ ਮਾਮਲੇ ਵਿਚ ਸੁਸਤ ਹੈ। ਉਨ੍ਹਾਂ ਦੀ ਮਾਤਾ ਜੀ ਨੇ ਉਚੇਚੇ ਤੌਰ ਤੇ ਪਿੰਨੀਆਂ ਬਣਾ ਕੇ ਦਿੱਤੀਆਂ।

ਬਲਰਾਜ ਸਾਹਨੀ ਆਪਣੀ ਪਤਨੀ ਦਮਯੰਤੀ ਨਾਲ ਲਾਹੌਰ ਪਹੁੰਚ ਗਏ। ਉਥੋਂ ਉਨ੍ਹਾਂ ਨੇ 'ਸੰਡੇ ਮਾਰਨਿੰਗ' ਪੱਤਰ ਕੱਢਣਾ ਸ਼ੁਰੂ ਕੀਤਾ। ਉਨ੍ਹਾਂ ਦਿਨਾਂ ਵਿਚ ਲਾਹੌਰ ਤੋਂ 'ਦੀ ਟ੍ਰਿਬਿਊਨ' ਅਤੇ 'ਦੀ ਸਿਵਲ ਐਂਡ ਮਿਲਟਰੀ ਗੱਜਟ' ਅਖ਼ਬਾਰ ਛਪਦੇ ਸਨ ਪਰ ਸੋਮਵਾਰ ਨੂੰ ਇਨ੍ਹਾਂ ਦੋਹਾਂ ਚੋਂ ਕੋਈ ਨਹੀਂ ਸੀ ਛਪਦਾ। ਇਸ ਪੱਤਰ ਵਿਚ ਇੰਨੀਆਂ ਗਲਤੀਆਂ ਹੋਈਆਂ ਕਿ ਲੋਕਾਂ ਤੇ ਇਸ ਦਾ ਚੰਗਾ ਪ੍ਰਭਾਵ ਨਾ ਪਿਆ। ਉਸ ਦੇ ਕੇਵਲ ਤਿੰਨ ਚਾਰ ਅੰਕ ਹੀ ਨਿਕਲੇ । ਬਲਰਾਜ ਨੇ ਏਥੇ ਰਹਿ ਕੇ ਕਈ ਹਿੰਦੀ ਕਹਾਣੀਆਂ ਲਿਖੀਆਂ। 'ਵਾਪਸੀ ਵ ਵਾਪਸੀ' ਕਹਾਣੀ ਤਾਂ ਬਹੁਤ ਚਰਚਿਤ ਹੋਈ। ਏਥੇ ਹੀ ਉਨ੍ਹਾਂ ਨੇ ਨਾਟਕ ਵਿਚ ਭਾਗ ਲਿਆ ਅਤੇ ਦਮਯੰਤੀ ਨੇ ਇਸ ਵਿਚ ਅਹਿਮ ਰੋਲ ਨਿਭਾਇਆ। ਲਾਹੌਰ ਵਿਚ ਉਹ ਥੋੜ੍ਹੀ ਦੇਰ ਹੀ ਟਿਕੇ 'ਸ਼ਾਂਤੀ ਨਿਕੇਤਨ' ਚਲੇ ਗਏ। ਉਸ ਅਸਲ ਵਿਚ ਆਪਣੇ ਦੋਸਤ ਦੇ ਭਰਾ ਐਸ. ਐਚ. ਵਾਤਸਾਇਨਾ ਕੋਲ ਕਲਕੱਤੇ ਗਏ ਸਨ। ਉਥੇ ਬਲਰਾਜ ਨੇ ਸਪਤਾਹਿਕ 'ਸਚਿੱਤਰ ਭਾਰਤ' ਵਾਸਤੇ ਕਈ ਕਹਾਣੀਆਂ ਲਿਖੀਆਂ। ਉਥੇ ਹੀ ਉਸ ਨੇ ਬੱਚਿਆਂ ਲਈ ਲੰਬੀ ਕਹਾਣੀ 'ਗਪੌੜ ਸੇਖਾਵੀ' ਲਿਖੀ।

1937 ਈ. ਦੀਆਂ ਸਰਦੀਆਂ ਵਿਚ ਬਲਰਾਜ ਸਾਹਨੀ ਸ਼ਾਂਤੀ ਨਿਕੇਤਨ ਵਿਖੇ ਹਿੰਦੀ ਦੇ ਅਧਿਆਪਕ ਨਿਯੁਕਤ ਹੋ ਗਏ। ਤਨਖਾਹ ਕੇਵਲ 40 ਰੁਪਏ ਸੀ ਪਰ ਉਸ ਵੇਲੇ ਦੇ ਗੁਜ਼ਾਰੇ ਲਈ ਠੀਕ ਸੀ। ਬਲਰਾਜ ਸਾਹਨੀ ਨੂੰ 'ਸ਼ਾਂਤੀ ਨਿਕੇਤਨ' ਸਭਿਆਚਾਰਕ ਕੇਂਦਰ ਲੱਗਾ ਜਿੱਥੇ ਗੁਰੂਦੇਵ ਰਾਬਿੰਦਰ ਨਾਥ ਟੈਗੋਰ ਵੀ ਰਹਿ ਰਹੇ ਸਨ। ਮਹਾਤਮਾ ਗਾਂਧੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਵੀ ਉਨ੍ਹਾਂ ਦਿਨਾਂ ਵਿਚ ਸ਼ਾਂਤੀ ਨਿਕੇਤਨ ਆਏ। ਹਿੰਦੀ ਦੇ ਪ੍ਰਸਿੱਧ ਲੇਖਕ ਹਜ਼ਾਰੀ ਪ੍ਰਸ਼ਾਦ ਦਿਵੇਦੀ ਅਤੇ ਮਸ਼ਹੂਰ ਕਲਾਕਾਰ ਨੰਦ ਲਾਲ ਬੋਸ ਵੀ ਉੱਥੇ ਰਹਿ ਰਹੇ ਸਨ। ਬਲਰਾਜ ਸਾਹਨੀ ਨੂੰ 'ਸ਼ਾਂਤੀ ਨਿਕੇਤਨ' ਦਾ ਵਾਤਾਵਰਣ ਬਹੁਤ ਪਸੰਦ ਆਇਆ। ਏਥੇ ਹੀ ਰਾਬਿੰਦਰ ਨਾਥ ਟੈਗੋਰ ਦੀ ਪ੍ਰੇਰਨਾ ਨਾਲ ਉਸ ਦਾ ਝੁਕਾਅ ਪੰਜਾਬੀ ਵਿਚ ਮੌਲਿਕ ਰਚਨਾਵਾਂ ਲਿਖਣ ਵਲ ਹੋਇਆ। ਏਥੋਂ ਹੀ ਦਮਯੰਤੀ ਨੇ ਬੀ.ਏ ਦਾ ਇਮਤਿਹਾਨ ਪਾਸ ਕੀਤਾ। ਏਥੇ ਹੀ ਬਲਰਾਜ ਦੀ ਬੰਗਾਲੀ ਭਾਸ਼ਾ ਸਿੱਖਣ ਵਿਚ ਦਿਸਚਸਪੀ ਵਧੀ। ਬਲਰਾਜ ਦੇ ਪਿਤਾ ਜੀ ਨੂੰ ਜਦ ਉਨ੍ਹਾਂ ਦੇ 'ਸ਼ਾਂਤੀ ਨਿਕੇਤਨ' ਵਿਚ ਸਾਦੇ ਰਹਿਣ ਸਹਿਣ ਬਾਰੇ ਪਤਾ ਲਗਾ ਤਾਂ ਉਨ੍ਹਾਂ ਨੂੰ ਤਸੱਲੀ ਹੋਈ।

ਉਨ੍ਹਾਂ ਦਿਨਾਂ ਵਿਚ ਆਲ-ਇੰਡੀਅਆ ਕਾਂਗਰਸ ਕਮੇਟੀ ਦਾ ਇਕ ਸੈਸ਼ਨ ਕਲਕੱਤਾ ਵਿਖੇ ਹੋਇਆ। ਬਲਰਾਜ ਸਾਹਨੀ ਉਥੇ 'ਸ਼ਾਂਤੀ ਨਿਕੇਤਨ' ਵਲੋਂ ਲਗਾਏ ਇਕ ਸਟਾਲ ਦੀ ਦੇਖ-ਰੇਖ ਵਾਸਤੇ ਉਥੇ ਗਏ। ਉਥੇ ਉਨ੍ਹਾਂ ਨੂੰ ਇਕ ਪੇਸ਼ਕਸ਼ ਕੀਤੀ ਗਈ ਕਿ ਜੇ ਉਹ ਵਾਰਧਾ ਸਕੀਮ ਆਫ਼ ਐਜੂਕੇਸ਼ਨ ਵਲੋਂ ਕੱਢੇ ਜਾ ਰਹੇ ਪੱਤਰ 'ਨਈ ਤਾਲੀਮ' ਦੇ ਸੰਪਾਦਕੀ ਸਟਾਫ਼ ਵਿਚ ਸੇਵਾ-ਗਰਾਮ ਜਾਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਮੌਕਾ ਦਿੱਤਾ ਜਾ ਸਕਦਾ ਹੈ । ਬਲਰਾਜ ਸਾਹਨੀ ਨੇ ਇਹ ਪੇਸ਼ਕਸ਼ ਖੁਸ਼ੀ ਨਾਲ ਪ੍ਰਵਾਨ ਕਰ ਲਈ ਅਤੇ ਉਹ ਦਮਯੰਤੀ ਨਾਲ 'ਸ਼ਾਂਤੀ ਨਿਕੇਤਨ' ਛੱਡ ਕੇ ਸੇਵਾਗਰਾਮ ਚਲੇ ਗਏ। ਉਥੇ ਗਾਂਧੀ ਜੀ ਵੀ ਸੇਵਾ ਵਿਚ ਜੁੱਟੇ ਹੋਏ ਸਨ।

ਸੇਵਾਗਰਾਮ ਵਾਰਧਾ ਦੇ ਨਜ਼ਦੀਕ ਹੈ। ਬਲਰਾਜ ਸਾਹਨੀ ਦਾ ਸੇਵਾਗਰਾਮ ਵਿਖੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨਾਲ ਕਈ ਵਾਰ ਮੇਲ ਹੋਇਆ ਉਨ੍ਹਾਂ ਨੇ ਗਾਂਧੀ ਜੀ ਵਿਚ ਅੰਧ ਵਿਸ਼ਵਾਸ ਨਾ ਪ੍ਰਗਟਾਇਆ ਅਤੇ ਨਾ ਹੀ ਉਨ੍ਹਾਂ ਦੀਆਂ ਨੀਤੀਆਂ ਦੀ

ਨੁਕਤਾਚੀਨੀ ਕੀਤੀ। ਸਥਾਨਕ ਲੋਕਾਂ ਦੀ ਦੇਖਾ-ਦੇਖੀ ਬਲਰਾਜ ਨੇ ਬੀੜੀਆਂ ਪੀਣੀਆਂ ਸ਼ੁਰੂ ਕਰ ਦਿੱਤੀਆਂ । ਸੇਵਾ- ਗਰਾਮ ਦਾ ਮਾਹੌਲ ਬਲਰਾਜ ਸਾਹਨੀ ਅਤੇ ਦਮਯੰਤੀ ਨੂੰ ਅੱਛਾ ਲਗਾ। ਬਲਰਾਜ ਸਾਹਨੀ ਨੇ ਉਨ੍ਹਾਂ ਦਿਨਾਂ ਵਿਚ ਗਾਂਧੀ ਜੀ ਤੇ ਚੰਗਾ ਪ੍ਰਭਾਵ ਪਾਇਆ। ਆਕਾਸ਼ਵਾਣੀ ਦਿੱਲੀ ਦੇ ਡਾਇਰੈਕਟਰ ਲਾਇਨਲ ਫੀਲਛਨ ਗਾਂਧੀ ਜੀ ਕੋਲੋਂ ਆਸ਼ੀਰਵਾਦ ਲੈਣ ਸੇਵਾਗਰਾਮ ਆਏ ਤਾਂ ਉਨ੍ਹਾਂ ਨੇ ਗਾਂਧੀ ਜੀ ਨੂੰ ਬੇਨਤੀ ਕੀਤੀ ਕਿ ਉਹ ਬਲਰਾਜ ਸਾਹਨੀ ਬੀ.ਬੀ.ਸੀ. ਤੇ ਅਨਾਉਂਸਰ ਵਾਸਤੇ ਇੰਗਲੈਂਡ ਜਾਣ ਦੇਣ। ਗਾਂਧੀ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ।

ਬਲਰਾਜ ਸਾਹਨੀ ਅਤੇ ਦਮਯੰਤੀ 1940 ਈ. ਵਿਚ ਇੰਗਲੈਂਡ ਜਾਣ ਸਮੇਂ ਆਪਣਾ ਕੁਝ ਮਹੀਨਿਆਂ ਦਾ ਬੇਟਾ ਪ੍ਰਕਾਸ਼ਤ ਜੋ ਜੁਲਾਈ 1939 ਈ. ਵਿਚ ਕੋਹਮਰੀ ਵਿਖੇ ਪੈਦਾ ਹੋਇਆ ਸੀ, ਨੂੰ ਉਸਦੇ ਦਾਦਕੇ ਰਾਵਲਪਿੰਡੀ ਛੱਡ ਗਏ। ਬਲਰਾਜ ਸਾਹਨੀ ਦੇ ਮਾਤਾ ਜੀ ਉਸ ਦੀ ਆਵਾਜ਼ ਬੀ.ਬੀ.ਸੀ ਤੋਂ ਸੁਣਨ ਲਈ ਉਤਾਵਲੇ ਰਹਿੰਦੇ। ਉਹ ਹਰ ਰੋਜ਼ ਸ਼ਾਮ ਨੂੰ ਬੀ.ਬੀ.ਸੀ. ਲਗਾਉਂਦੇ ਭਾਵੇਂ ਉਨ੍ਹਾਂ ਨੂੰ ਪਤਾ ਸੀ ਕਿ ਰੋਜ਼ ਉਹ ਅਨਾਉਂਸਮੈਂਟਸ ਨਹੀਂ ਕਰਦਾ। ਦਮਯੰਤੀ ਵੀ. ਬੀ.ਬੀ.ਸੀ ਤੇ ਅਨਾਉਂਸਰ ਲਗ ਗਈ। ਉਸ ਨੇ ਫੌਜੀਆਂ ਵਾਸਤੇ ਵਧੀਆ ਪ੍ਰੋਗਰਾਮ ਪ੍ਰਸਾਰਿਤ ਕੀਤੇ। ਉਹ ਦੋਵੇਂ ਲੰਡਨ ਯੂਨਿਟੀ ਥੀਏਟਰ ਦੇ ਮੈਂਬਰ ਬਣੇ। ਉਨ੍ਹਾਂ ਨੇ ਉਥੇ ਹੋ ਰਹੀਆਂ ਸਭਿਆਚਾਰਕ ਅਤੇ ਰੰਗਮੰਚੀ ਗੀਤਵਿਧੀਆਂ ਵਿਚ ਵਿਸ਼ੇਸ਼ ਦਿਲਚਸਪੀ ਦਿਖਾਈ। ਉਨ੍ਹਾਂ ਦੀ ਬੇਟੀ ਸ਼ਬਨਮ ਦਾ ਜਨਮ ਇੰਗਲੈਂਡ ਵਿਚ 3 ਨਵੰਬਰ, 1943 ਈ. ਨੂੰ ਹੋਇਆ।

1944 ਈ. ਦੀਆਂ ਗਰਮੀਆਂ ਵਿਚ ਬਲਰਾਜ ਅਤੇ ਦਮਯੰਤੀ ਰਾਵਲਪਿੰਡੀ ਵਾਪਸ ਪਰਤ ਆਏ। ਉਨ੍ਹਾਂ ਦੇ ਪਰਿਵਾਰ ਨੇ ਬੜੇ ਚਾਅ ਨਾਲ ਉਨ੍ਹਾਂ ਨੂੰ ਰਾਵਲਪਿੰਡੀ ਦੇ ਰੇਲਵੇ ਸਟੇਸ਼ਨ ਤੇ ਜੀ ਆਇਆ ਕਿਹਾ। ਬਲਰਾਜ ਦੇ ਪਿਤਾ ਜੀ ਨੂੰ ਉਸ ਦੀ ਸਰੀਰਕ ਕਮਜ਼ੋਰੀ ਰੜਕੀ, ਉਸ ਦੇ ਛੋਟੇ ਭਰਾ ਭੀਸ਼ਮ ਸਾਹਨੀ ਨੂੰ ਉਸ ਦਾ ਦੂਸਰੇ ਦਰਜੇ ਦੇ ਡੱਬੇ ਵਿਚ ਸਫਰ ਕਰਨਾ ਚੰਗਾ ਨਾ ਲੱਗਾ। ਬਲਰਾਜ ਸਾਹਨੀ ਤੇ ਪੱਛਮੀ ਸਭਿਅਤਾ ਦਾ ਕੋਈ ਅਸਰ ਨਾ ਪਿਆ, ਉਸਦੇ ਪਹਿਰਾਵੇ ਤੋਂ 'ਇੰਗਲੈਂਡ ਰੀਟਰਨਡ' ਵਾਲਾ ਕੋਈ ਸੰਕੇਤ

ਨਹੀਂ ਸੀ ਮਿਲਦਾ। ਇੰਗਲੈਂਡ ਤੋਂ ਵਾਪਸ ਪਰਤਣ ਤੇ ਕੋਈ ਕੁਝ ਨਹੀਂ ਸੀ ਕਹਿ ਸਕਦਾ ਕਿ ਬਲਰਾਜ ਸਾਹਨੀ ਕਿਹੜਾ ਧੰਦਾ ਕਰੇਗਾ ? ਕੁਝ ਦਿਨਾਂ ਬਾਅਦ ਹੀ ਉਨ੍ਹਾਂ ਨੂੰ ਆਕਾਸ਼ਵਾਣੀ ਤੇ ਉਚੇ ਅਹੁਦੇ ਵਾਲੀ ਨੌਕਰੀ ਦੀ ਪੇਸ਼ਕਸ਼ ਹੋਈ ਪਰ ਬਲਰਾਜ ਸਾਹਨੀ ਨੇ ਉਹ ਸਵੀਕਾਰ ਨਾ ਕੀਤੀ।

ਫਿਲਮੀ ਸੰਸਾਰ ਵਿਚ ਆਪਣੇ ਪੈਰ ਜਮਾਏ। ਉਨ੍ਹਾਂ ਨੇ ਬਾਂਦਰਾ ਵਾਲਾ ਫਲੈਟ ਛੱਡ ਕੇ ਥੀਉਸੋਫੀਕਲ ਕਲੋਨੀ ਜੁਹ ਵਿਖੇ ਇਕ ਬੰਗਲਾ ਕਿਰਾਏ ਤੇ ਲੈ ਲਿਆ। ਦਮਯੰਤੀ ਨੇ ਪ੍ਰਿਥਵੀ ਥੀਏਟਰ ਵਿਚ ਚਾਰ ਸੌ ਰੁਪਏ ਮਾਸਿਕ ਤਨਖਾਹ ਤੇ ਕੰਮ ਕਰਕੇ ਬਲਰਾਜ ਸਾਹਨੀ ਦੀ ਮਾਇਕ ਸਹਾਇਤਾ ਕੀਤੀ।

ਬਲਰਾਜ ਸਾਹਨੀ ਨੇ 135 ਫਿਲਮਾਂ ਵਿਚ ਅਭਿਨੈ ਕੀਤਾ। ਉਨ੍ਹਾਂ ਨੇ ਸਭ ਤੋਂ ਪਹਿਲਾਂ ਫਾਨੀ ਮਜ਼ੂਮਦਰ ਦੀ ਫਿਲਮ 'ਜਸਟਿਸ' ਵਿਚ ਰੋਲ ਕੀਤਾ। ਉਸ ਉਪਰੰਤ 'ਦੂਰ ਚਲੇ', 'ਹਮ ਲੋਗ’, ‘ਗੁੱਡੀਆ', 'ਹਲਚਲ’, ‘ਗੰਜਨ', 'ਬਾਜ਼ੀ', ‘ਬਦਨਾਮ' 'ਬਾਜੂਬੰਦ', ਔਲਾਦ, 'ਟਕਸਾਲ' 'ਆਕਾਸ਼', 'ਰਾਹੀ', 'ਦੋ ਬੀਘਾ ਜ਼ਮੀਨ' 'ਧਰਤੀ ਕੇ ਲਾਲ', 'ਗਰਮਕੋਟ', 'ਸੀਮਾ', 'ਲਾਜਵੰਤੀ' 'ਹਕੀਕਤ', 'ਕਾਬਲੀ ਵਾਲਾ’, 'ਕਠਪੁਤਲੀ', 'ਪਰਦੇਸੀ' (ਇੰਡੋ-ਸੋਵੀਅਤ ਪ੍ਰੋਡਕਸ਼ਨ) 'ਪਵਿੱਤਰ ਪਾਪੀ', 'ਬਲੈਕ ਕੈਟ', 'ਵਕਤ', 'ਭਾਬੀ', 'ਸੱਟਾ ਬਜ਼ਾਰ', 'ਦਿਲ ਭੀ ਤੇਰਾ ਹਮ ਭੀ ਤੇਰੇ', 'ਸੁਹਾਗ ਸਿੰਧੂਰ' 'ਏਕ ਫੂਲ ਦੋ ਮਾਲੀ', 'ਪਰਾਇਆ ਧਨ', ‘ਅਨੁਰਾਧਾ’ ਅਤੇ 'ਗਰਮ ਹਵਾ' ਕੁਝ ਮਹੱਤਵਪੂਰਨ ਫਿਲਮਾਂ ਹਨ ਜਿਨ੍ਹਾਂ ਵਿਚ ਬਲਰਾਜ ਸਾਹਨੀ ਨੇ ਅਭਿਨੈ ਕਰਕੇ ਸ਼ੋਹਰਤ ਪ੍ਰਾਪਤ ਕੀਤੀ। ਉਨ੍ਹਾਂ ਨੇ ਕਸ਼ਮੀਰ ਦੇ ਅਣਗੌਲੇ ਕਵੀ ਮਹਿਜੂਰ ਦੇ ਜੀਵਨ ਅਤੇ ਰਚਨਾ ਬਾਰੇ ਉਚੇਚੇ ਤੌਰ ਤੇ ਫਿਲਮ ਤਿਆਰ ਕੀਤੀ। ਇਸ ਫਿਲਮ ਵਿਚ ਉਨ੍ਹਾਂ ਨੇ ਆਪਣੇ ਨਾਲ ਆਪਣੇ ਬੇਟੇ ਪ੍ਰੀਕਸ਼ਤ ਨੂੰ ਵੀ ਰੋਲ ਦਿਤਾ। ਉਨ੍ਹਾਂ ਨੇ ਪੰਜਾਬੀ ਫਿਲਮ 'ਸਤਲੁਜ ਦੇ ਕੰਢੇ' ਵਿਚ ਪ੍ਰਭਾਵਸ਼ਾਲੀ ਰੋਲ ਕਰਕੇ ਪੰਜਾਬੀ ਨਾਲ ਆਪਣੀ ਪ੍ਰਤੀਬਧਤਾ ਦੀ ਮੋਹਰ ਲਾ ਦਿੱਤੀ।

ਬਲਰਾਜ ਸਾਹਨੀ ਦੀ ਪਤਨੀ ਦਮਯੰਤੀ ਦੀ 29 ਅਪ੍ਰੈਲ, 1947 ਈ. ਨੂੰ 28 ਸਾਲ ਦੀ ਉਮਰ ਵਿਚ ਅਚਾਨਕ ਮੌਤ ਹੋ ਗਈ। 'ਧਰਤੀ ਕੇ ਲਾਲ' ਫਿਲਮ ਦੀ ਸ਼ੂਟਿੰਗ

ਦੌਰਾਨ ਛੱਪੜ ਦਾ ਪਾਣੀ ਪੀਣ ਕਾਰਨ ਉਨ੍ਹਾਂ ਦੀ ਮੌਤ ਹੋਈ। ਉਨ੍ਹਾਂ ਦਾ ਦਾਹ ਸੰਸਕਾਰ ਲਾਲ ਕੱਪੜੇ ਵਿਚ ਲਪੇਟ ਕੇ ਕੀਤਾ ਗਿਆ। ਬਲਰਾਜ ਸਾਹਨੀ ਲਈ ਦਮਯੰਤੀ ਦੀ ਬੇਵਕਤੀ ਮੌਤ ਇਕ ਖ਼ਲਾਅ ਬਣ ਗਈ। ਇਸ ਖਲਾਅ ਨੂੰ ਭਰਨਾ ਬਲਰਾਜ ਸਾਹਨੀ ਵਾਸਤੇ ਕਠਿਨ ਸੀ । ਉਨ੍ਹਾਂ ਦਾ ਕੰਮ ਥੋੜ੍ਹੇ ਸਮੇਂ ਲਈ ਇਕ ਦਮ ਠੱਪ ਹੋ ਗਿਆ। ਉਨ੍ਹਾਂ ਨੇ ਜੋ ਪੈਸੇ ਬੀ.ਬੀ.ਸੀ. ਦੀ ਨੌਕਰੀ ਦੌਰਾਨ ਜੋੜੇ ਸਨ। ਉਨ੍ਹਾਂ ਨਾਲ ਵਕਤ ਕੱਟਣਾ ਸ਼ੁਰੂ ਕੀਤਾ। ਬਲਰਾਜ ਵਾਸਤੇ ਇਹ ਸੰਘਰਸ਼ ਦਾ ਸਮਾਂ ਸੀ। ਚੇਤਨ ਆਨੰਦ ਨੇ ਉਨ੍ਹਾਂ ਦੀ ਹਰ ਪੱਖੋਂ ਇਕ ਸੱਚੇ ਦੋਸਤ ਵਾਂਗ ਮਦਦ ਕੀਤੀ । ਬਲਰਾਜ ਸਾਹਨੀ ਨੇ ਫਿਲਮਾਂ ਵਿਚ ਕੰਮ ਕਰਨਾ ਨਿਰੰਤਰ ਜਾਰੀ ਰੱਖਿਆ।

ਉਨ੍ਹਾਂ ਨੇ ਮਾਰਚ 1949 ਈ. ਵਿਚ ਆਪਣੀ ਭੂਆ ਦੀ ਲੜਕੀ ਸੰਤੋਸ਼ ਨਾਲ ਦੂਸਰਾ ਵਿਆਹ ਕਰ ਲਿਆ। ਸੰਤੋਸ਼ ਦਾ ਆਪਣੇ ਪਹਿਲੇ ਪਤੀ ਐਸ.ਐਚ. ਵਾਤਸਾਇਨ ਨਾਲੋਂ ਤਲਾਕ ਹੋ ਚੁੱਕਾ ਸੀ ਅਤੇ ਉਹ ਵੀ ਬੀ.ਬੀਸੀ ਅਤੇ ਹੋਰਨਾਂ ਅਦਾਰਿਆਂ ਵਿਚ ਕੰਮ ਕਰਕੇ ਜੀਵਨ ਨਿਰਬਾਹ ਕਰ ਰਹੀ ਸੀ। ਉਨ੍ਹਾਂ ਦੇ ਦੂਸਰੇ ਵਿਆਹ ਲਈ ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਵਲੋਂ ਹਾਂ ਪੱਖੀ ਹੁੰਗਾਰਾ ਨਾ ਮਿਲਿਆ। ਉਹ ਇਸ ਪ੍ਰਤੀ ਵਧੇਰੇ ਸੰਜੀਦਾ ਵੀ ਨਾ ਹੋਏ। ਬਲਰਾਜ ਦਾ ਦੂਸਰਾ ਵਿਆਹ ਹੋਇਆ ਅਜੇ ਕੁਝ ਦਿਨ ਹੀ ਹੋਏ ਸਨ ਕਿ ਉਨ੍ਹਾਂ ਨੂੰ ਇਕ ਮੁਜ਼ਾਹਰੇ ਵਿਚ ਭਾਗ ਲੈਣ ਕਰਕੇ ਕੈਦ ਕਰ ਲਿਆ ਗਿਆ। ਪਹਿਲਾਂ ਉਹ ਵਰਲੀ ਜੇਲ੍ਹ ਵਿਚ ਰਹੇ ਤੇ ਫੇਰ ਉਨ੍ਹਾਂ ਨੂੰ ਏ ਕਲਾਸ ਜੇਲ੍ਹ ਵਿਚ ਆਰਥਰ ਰੋਡ ਲਿਜਾਇਆ ਗਿਆ। ਉਹ ਛੇ ਮਹੀਨੇ ਬਾਅਦ ਜੇਲ੍ਹ ਚੋਂ ਰਿਹਾਅ ਹੋਏ।

ਬਲਰਾਜ ਸਾਹਨੀ ਅਤੇ ਸੰਤੋਸ਼ ਨੇ ਫਿਲਮਾਂ ਵਿਚ ਮਿਲ ਕੇ ਕੰਮ ਕਰਨਾ ਸ਼ੁਰੂ ਕੀਤਾ ਉਨ੍ਹਾਂ ਨੇ ਰੂਸੀ ਫਿਲਮਾਂ ਦਾ ਹਿੰਦੁਸਤਾਨੀ ਵਿਚ ਰੂਪਾਂਤਰਣ ਕੀਤਾ ਉਨ੍ਹਾਂ ਦੇ ਬੇਟੇ ਪ੍ਰੀਕਸ਼ਤ ਨੇ 'ਹਲਚਲ' ਫਿਲਮ ਵਿਚ ਛੋਟੇ ਬੱਚੇ ਦਾ ਰੋਲ ਕੀਤਾ ਅਤੇ ਨੀਤਿਨ ਬੋਸ ਦੀ ਫਿਲਮ 'ਦੀਦਾਰ' ਵਿਚ ਵੀ ਉਸ ਨੇ ਬੱਚੇ ਦਾ ਰੋਲ ਅਦਾ ਕੀਤਾ।

ਬਲਰਾਜ ਸਾਹਨੀ ਨੇ ਸਖ਼ਤ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨਾਲ ਹਿੰਦੁਸਤਾਨੀ ਫਿਲਮਾਂ ਵਿਚ ਅਭਿਨੈ ਕੀਤਾ ਅਤੇ ਇਸ ਖੇਤਰ ਵਿਚ ਵਰਣਨਯੋਗ ਸਥਾਨ ਬਣਾਇਆ।

ਉਨ੍ਹਾਂ ਦੀ ਇਸ ਸ਼ਾਨਦਾਰ ਪ੍ਰਾਪਤੀ ਤੇ ਉਨ੍ਹਾਂ ਦੇ ਮਾਤਾ ਪਿਤਾ ਨੇ ਗੌਰਵ ਮਹਿਸੂਸ ਕੀਤਾ। ਉਨ੍ਹਾਂ ਦੇ ਭਰਾ ਭੀਸ਼ਮ ਸਾਹਨੀ ਨੇ ਆਪਣੇ ਪਰਿਵਾਰ ਦਾ ਨਾਂ ਉਚਾ ਹੋਇਆ ਸਮਝਿਆ। ਉਨ੍ਹਾਂ ਦੇ ਪਿਤਾ ਜੀ ਤਾਂ ਬਲਰਾਜ ਬਾਰੇ ਛਪਦੀਆਂ ਖ਼ਬਰਾਂ ਦੀਆਂ ਕਾਤਰਾਂ ਸੰਭਾਲ-ਸੰਭਾਲ ਰੱਖਦੇ।

ਬਲਰਾਜ ਸਾਹਨੀ ਦੀ ਫਿਲਮਾਂ ਵਿਚ ਅਭਿਨੈ ਕਰਨ ਨਾਲ ਏਨੀ ਪ੍ਰਸਿੱਧੀ ਹੋਈ ਕਿ ਕਈ ਵਾਰ ਦੁਕਾਨਦਾਰ ਉਨ੍ਹਾਂ ਕੋਲੋਂ ਦਿੱਤੀ ਚੀਜ਼ ਦੇ ਪੈਸੇ ਹੀ ਨਾ ਲੈਂਦੇ, ਮਕੈਨਿਕ ਉਨ੍ਹਾਂ ਦਾ ਮੋਟਰ ਸਾਈਕਲ ਮੁਫ਼ਤ ਹੀ ਠੀਕ ਕਰ ਦੇਂਦੇ। ਇਕ ਵਾਰ ਉਹ ਅਤੇ ਉਨ੍ਹਾਂ ਦਾ ਛੋਟਾ ਭਰਾ ਭੀਸ਼ਮ ਸਾਹਨੀ ਪੁਰਾਣੀ ਦਿੱਲੀ ਦੇ ਰੇਲਵੇ ਸਟੇਸ਼ਨ ਦੇ ਬਾਹਰ ਖੜ੍ਹੇ ਸਨ ਕਿ ਇਕ ਡਾਕ ਤਾਰ ਵਿਭਾਗ ਦੇ ਕਲਰਕ ਨੇ ਆ ਕੇ ਕਿਹਾ ਕਿ ਉਹ ਉਨ੍ਹਾਂ ਦੇ ਦੁਖਾਂਤ ਬਾਰੇ ਵੀ ਪਿਕਚਰ ਬਣਾਉਣ। ਇਹੀ ਉਨ੍ਹਾਂ ਦਾ ਹਾਸਲ ਸੀ, ਇਹੀ ਉਨ੍ਹਾਂ ਦਾ ਮਾਣ ਸੀ।

ਬਲਰਾਜ ਸਾਹਨੀ ਨੇ ਏਨਾ ਵੱਡਾ ਐਕਟਰ ਬਣ ਕੇ ਕਿਸੇ ਨਾਲ ਈਰਖਾ ਨਾ ਕੀਤੀ ਸਗੋਂ ਹੋਰਨਾਂ ਕੋਲੋਂ ਹਮੇਸ਼ਾ ਸਿੱਖਣ ਦੀ ਭਾਵਨਾ ਰੱਖੀ। ਉਹ ਆਪਣੇ ਕਿੱਤੇ ਪ੍ਰਤੀ ਸੁਹਿਰਦ ਰਹੇ ਅਤੇ ਉਨ੍ਹਾਂ ਨੇ ਸਖ਼ਤ ਮਿਹਨਤ ਕਰਕੇ ਆਪਣਾ ਨਾਂ ਬਣਾਇਆ। ਉਨ੍ਹਾਂ ਨੂੰ ਭਾਰਤ ਸਰਕਾਰ ਵਲੋਂ 1969 ਈ. ਵਿਚ 'ਪਦਮ ਸ੍ਰੀ' ਦਾ ਖ਼ਿਤਾਬ ਦੇ ਕੇ ਸਨਮਾਨਿਆ ਗਿਆ।

ਬਲਰਾਜ ਸਾਹਨੀ ਨੇ ਫਿਲਮਾਂ ਵਿਚ ਅਭਿਨੈ ਕਰਕੇ ਸ਼ੋਹਰਤ ਪ੍ਰਾਪਤ ਕੀਤੀ, ਪੈਸਾ ਕਮਾਇਆ ਪਰ ਉਨ੍ਹਾਂ ਦਾ ਨਿੱਜੀ ਵਿਚਾਰ ਸੀ ਕਿ ਇਕ ਫਿਲਮ ਦਾ ਪ੍ਰਭਾਵ ਉਨੀ ਦੇਰ ਨਹੀਂ ਰਹਿ ਸਕਦਾ ਜਿੰਨੀ ਦੇਰ ਇਕ ਵਧੀਆ ਸਾਹਿਤਕ ਰਚਨਾ ਦਾ ਰਹਿ ਸਕਦਾ ਹੈ। ਉਨ੍ਹਾਂ ਦਾ ਆਪਣੀ ਆਖਰੀ ਪਿਕਚਰ 'ਗਰਮ ਹਵਾ' ਤੋਂ ਬਾਅਦ ਵਧੇਰੇ ਰੁਝਾਣ ਮੌਲਿਕ ਸਾਹਿਤ ਰਚਨਾ ਕਾਰ ਵਲ ਹੋਇਆ।

ਬਲਰਾਜ ਸਾਹਨੀ ਦੇ ਮਨ ਵਿਚ ਪੰਜਾਬੀ ਪ੍ਰਸਿੱਧ ਲੇਖਕਾਂ ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਅੰਮ੍ਰਿਤਾ ਪ੍ਰੀਤਮ ਆਦਿ ਵਾਸਤੇ ਪਹਿਲਾਂ ਹੀ ਬਹੁਤ ਸਤਿਕਾਰ ਸੀ। ਉਨ੍ਹਾਂ ਨੇ ਅੰਗ੍ਰੇਜ਼ੀ, ਹਿੰਦੀ ਵਿਚ ਰਚਨਾਵਾਂ ਲਿਖਣ ਦੀ ਥਾਂ ਰਾਬਿੰਦਰ

ਨਾਥ ਟੈਗੋਰ ਵਲੋਂ ਮਿਲੀ ਪ੍ਰੇਰਨਾ ਕਾਰਨ ਆਪਣੀ ਮਾਤ-ਭਾਸ਼ਾ ਪੰਜਾਬੀ ਵਿਚ ਰਚਨਾਵਾਂ ਲਿਖਣਾ ਪੰਜਾਬੀ ਬਾਲ-ਬੋਧ ਖਰੀਦਿਆ। ਉਨ੍ਹਾਂ ਨੇ ਬੰਬਈ ਤੋਂ ਦਿੱਲੀ ਤੱਕ ਦੇ ਹਵਾਈ ਸਫ਼ਰ ਦੌਰਾਨ ਪੰਜਾਬੀ ਵਰਣਮਾਲਾ ਪੜ੍ਹਨੀ ਸਿੱਖੀ ਅਤੇ ਬਾਅਦ ਵਿਚ ਨਿਰੰਤਰ ਅਭਿਆਸ ਨਾਲ ਗੁਰਮੁਖੀ ਲਿਪੀ ਲਿਖਣੀ ਸ਼ੁਰੂ ਕੀਤੀ। ਉਨ੍ਹਾਂ ਦੀਆਂ ਮੁੱਢਲੀਆਂ ਪੰਜਾਬੀ ਦੀਆਂ ਰਚਨਾਵਾਂ ਰੋਜ਼ਾਨਾ ਪੰਜਾਬੀ ਪੱਤ੍ਰਿਕਾਵਾਂ, ਸਪਤਾਹਿਕ ਅਤੇ ਮਾਸਿਕ ਰਸਾਲਿਆਂ ਰਾਹੀਂ ਲੋਕਾਂ ਤੱਕ ਪਹੁੰਚੀਆਂ! ਬੰਬਈ ਦੇ ਸਥਾਨਿਕ ਪੱਤਰ, ਪੱਤਰਕਾਵਾਂ ਦੇ ਨਾਲ-ਨਾਲ ਉਨ੍ਹਾਂ ਦੀਆਂ ਰਚਨਾਵਾਂ ਰੋਜ਼ਾਨਾ ਅਜੀਤ (ਜਲੰਧਰ) ਮਾਸਕ ਪ੍ਰੀਤਲੜੀ (ਪ੍ਰੀਤਨਗਰ) ਅਤੇ ਆਰਸੀ (ਦਿੱਲੀ) ਵਿਚ ਵੀ ਪ੍ਰਕਾਸ਼ਿਤ ਹੋਣ ਲੱਗੀਆਂ। ਉਨ੍ਹਾਂ ਦੀਆਂ ਰਚਨਾਵਾਂ ਨੂੰ ਪੰਜਾਬੀ ਪਾਠਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਉਨ੍ਹਾਂ ਦੀ ਪੰਜਾਬੀ ਵਿਚ ਸਾਹਿਤ ਰਚਨ ਦੀ ਰੁਚੀ ਹੋਰ ਵਧੀ। ਉਨ੍ਹਾਂ ਦਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਲਗਾਉ ਵਧਿਆ। ਉਨ੍ਹਾਂ ਨੇ ਬੰਬਈ ਛੱਡ ਕੇ ਪੰਜਾਬ ਵਿਚ ਰਹਿਣ ਦਾ ਮਨ ਬਣਾ ਲਿਆ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਪ੍ਰੇਰਨਾ ਨਾਲ ਪ੍ਰੀਤਨਗਰ ਵਿਖੇ ਇਕ ਮਕਾਨ ਵੀ ਖਰੀਦ ਲਿਆ।

ਪੰਜਾਬੀ ਵਿਚ ਦਿਲਚਸਪੀ ਵਧਣ ਨਾਲ ਉਨ੍ਹਾਂ ਨੇ ਦੂਸਰੀਆਂ ਭਾਸ਼ਾਵਾਂ ਸਿਖਣ ਤੋਂ ਅਣਗਹਿਲੀ ਨਾ ਕੀਤੀ ਸਗੋਂ ਅੰਗ੍ਰੇਜ਼ੀ, ਹਿੰਦੀ, ਉਰਦੂ, ਬੰਗਾਲੀ, ਗੁਜਰਾਤੀ, ਮਰਾਠੀ ਅਤੇ ਤਾਮਿਲ ਭਾਸ਼ਾਵਾਂ ਸਿੱਖਣ ਵਿਚ ਵੀ ਸੰਜੀਦਗੀ ਦਿਖਾਈ।

ਬਲਰਾਜ ਸਾਹਨੀ ਨੂੰ 1962 ਈ. ਵਿਚ ਪਾਕਿਸਤਾਨ ਜਾਣ ਦਾ ਮੌਕਾ ਮਿਲਿਆ ਉਨ੍ਹਾਂ ਨੇ ਪੰਜਾਬੀ ਵਿਚ ਪਹਿਲੀ ਪੁਸਤਕ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਕੇਵਲ 18 ਦਿਨਾਂ ਵਿਚ 9 ਅਕਤੂਬਰ, ਤੋਂ 26 ਅਕਤੂਬਰ, 1962 ਈ. ਤੱਕ ਦੇ ਪਾਕਿਸਤਾਨ ਸਫਰ ਦੀਆਂ ਘਟਨਾਵਾਂ ਤੇ ਆਧਾਰਤ ਲਿਖੀ। ਉਨ੍ਹਾਂ ਨੇ ਇਕ ਹੋਰ ਪੁਸਤਕ ਰੂਸ ਦੀ ਸੈਰ ਤੋਂ ਪ੍ਰਭਾਵਿਤ ਹੋ ਕੇ 'ਮੇਰਾ ਰੂਸੀ ਸਫ਼ਰਨਾਮਾ' 1969 ਈ. ਵਿਚ ਪ੍ਰਕਾਸ਼ਤ ਕਰਵਾਈ। ਉਨ੍ਹਾਂ ਦੀਆਂ ਪੰਜਾਬੀ ਵਿਚ ਲਿਖੀਆਂ ਹੋਰ ਮਹੱਤਵਪੂਰਨ ਪੁਸਤਕਾਂ ਹਨ 'ਸਿਨੇਮਾ ਤੇ ਸਟੇਜ' 'ਇਤਿਹਾਸ ਦੀ ਪੈੜ', ਕਾਮੇ, ਕੀ ਇਹ ਸੱਚ ਹੈ ਬਾਪੂ? 'ਵੇਟਰ ਦੀ ਵਾਰ, 'ਗੈਰ ਜ਼ਜਬਾਤੀ

ਡਾਇਰੀ' 'ਮੇਰੀ ਫਿਲਮੀ ਆਤਮ ਕਥਾ 'ਯਾਦਾਂ ਦਾ ਝਰੋਖਾ, 'ਯਾਦਾਂ ਦੀ ਕੰਨੀ' ਆਦਿ। ਇਨ੍ਹਾਂ ਰਚਨਾਵਾਂ ਵਿਚੋਂ ਬਲਰਾਜ ਸਾਹਨੀ ਦੀ ਵਿਅਕਤੀਗਤ ਚੇਤਨਤਾ ਵੀ ਉਘੜਦੀ ਹੈ ਅਤੇ ਉਨ੍ਹਾਂ ਦੀ ਪ੍ਰੋਢ ਸ਼ੈਲੀ ਵੀ ਨਜ਼ਰ ਆਉਂਦੀ ਹੈ। ਉਨ੍ਹਾਂ ਦੀ ਸਾਹਿਤਕ ਦੇਣ ਸਦਕਾ ਪੰਜਾਬ ਦੇ ਭਾਸ਼ਾ ਵਿਭਾਗ ਵਲੋਂ ਉਨ੍ਹਾਂ ਨੂੰ 1971 ਈ. ਵਿਚ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨਤ ਕੀਤਾ ਗਿਆ। ਉਨ੍ਹਾਂ ਨੇ 5100 ਰੁਪਏ ਦੀ ਥੈਲੀ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਅਤੇ ਰੰਗਕਰਮੀ ਸਰਦਾਰ ਗੁਰਸ਼ਰਨ ਸਿੰਘ ਨੂੰ ਫੜਾ ਦਿੱਤੀ। ਥੈਲੀ ਖੋਲਣ ਤੇ ਉਸ ਵਿਚੋਂ 5700 ਰੁਪਏ ਨਿਕਲੇ ਜਿਨਾਂ ਵਿਚ ਬੰਬਈ ਤੋਂ ਚੰਡੀਗੜ੍ਹ ਤੱਕ ਆਉਣ ਜਾਣ ਦਾ ਕਿਰਾਇਆ ਵੀ ਸੀ। ਗੁਰਸ਼ਰਨ ਸਿੰਘ ਨੇ ਇਸ ਰਕਮ ਨਾਲ ਬਲਰਾਜ ਸਾਹਨੀ ਯਾਦਗਰ ਪ੍ਰਕਾਸ਼ਨ ਕਾਇਮ ਕੀਤਾ ਅਤੇ ਪੰਜਾਬੀ ਦੇ ਲੇਖਕਾਂ ਦੀਆਂ ਪੁਸਤਕਾਂ ਛਾਪ ਕੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਨੂੰ ਸੋਵੀਅਤ ਲੈਂਡ ਨਹਿਰੂ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਬਲਰਾਜ ਸਾਹਨੀ ਨੂੰ ਉਨ੍ਹਾਂ ਦੀਆਂ ਸਮਾਜਕ, ਸਾਹਿਤਕ ਅਤੇ ਫਿਲਮੀ ਖੇਤਰ ਵਿਚ ਵਿਸ਼ੇਸ਼ ਸੇਵਾਵਾਂ ਸਦਕਾ ਭਾਰਤ ਦੀ ਰਾਜ ਸਭਾ ਲਈ ਮੈਂਬਰ ਮਨੋਨੀਤ ਕਰਨ ਬਾਰੇ ਪੇਸ਼ਕਸ਼ ਕੀਤੀ ਗਈ ਪਰ ਉਨ੍ਹਾਂ ਨੇ ਪਰਵਾਨ ਨਾ ਕੀਤੀ। ਉਨਾਂ ਨੂੰ 1972 ਈ. ਵਿਚ ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਦੀ ਸੈਨੇਟ ਦਾ ਮੈਂਬਰ ਮਨੋਨੀਤ ਕੀਤਾ ਗਿਆ। ਉਹ ਤਾਂ ਲਗਨ ਨਾਲ ਸਬੰਧਤ ਖੇਤਰ ਵਿਚ ਕੰਮ ਕਰਨ ਵਿਚ ਵਿਸ਼ਵਾਸ਼ ਰੱਖਦੇ ਸਨ, ਉਹ ਮਿਹਨਤ ਦਾ ਫਲ ਪ੍ਰਾਪਤੀ ਵਾਸਤੇ ਚਿੰਤਤ ਨਹੀਂ ਸਨ ਹੁੰਦੇ।

ਬਲਰਾਜ ਸਾਹਨੀ ਨੇ ਆਪਣੇ ਪਰਿਵਾਰ ਦੇ ਜੀਆਂ ਦੀ ਖੁਸ਼ਹਾਲੀ ਅਤੇ ਬਿਹਤਰੀ ਵਲ ਵੀ ਪੂਰਾ ਧਿਆਨ ਦਿੱਤਾ। ਉਨ੍ਹਾਂ ਦੀ ਇੱਛਾ ਹੁੰਦੀ ਕਿ ਉਨ੍ਹਾਂ ਦੇ ਮਾਤਾ ਪਿਤਾ ਉਨ੍ਹਾਂ ਕੋਲ ਰਹਿਣ ਅਤੇ ਉਹ ਉਨ੍ਹਾਂ ਦੀ ਸੇਵਾ ਕਰ ਸਕਣ। ਉਨ੍ਹਾਂ ਨੇ 1961 ਈ. ਵਿਚ ਟਰਨਰ ਰਾਇਲ ਲੇਨ ਬੰਬਈ ਵਿਖੇ ਇਕ ਵੱਡਾ ਪਲਾਟ ਲੈ ਕੇ ਬਹੁਤ ਖੂਬਸੂਰਤ ਮਕਾਨ ਬਣਾਇਆ। ਉਨ੍ਹਾਂ ਨੇ ਮਕਾਨ ਦਾ ਨਕਸ਼ਾ ਬਨਾਉਣ ਵਾਲੇ ਦੇ ਨਾਂ ਤੇ ਮਕਾਨ ਦਾ ਨਾਂ 'ਏਕਰਾਮਾ' ਰੱਖਿਆ। ਉਨ੍ਹਾਂ ਨੇ ਆਪਣੇ ਬੱਚਿਆਂ ਪ੍ਰੀਕਸ਼ਤ, ਸ਼ਬਨਮ ਨੂੰ ਲਾਰੈਂਸ

ਸਕੂਲ, ਸਨਾਵਰ ਵਿਖੇ ਪੜ੍ਹਨ ਪਾਇਆ। ਉਨ੍ਹਾਂ ਨੇ ਪ੍ਰੀਕਸ਼ਤ ਨੂੰ ਰੰਗਮੰਚ ਦੀ ਪੜ੍ਹਾਈ ਵਾਸਤੇ ਮਾਸਕੋ ਭੇਜਿਆ। ਉਨ੍ਹਾਂ ਨੇ ਸੰਤੋਸ਼ ਸਾਹਨੀ ਦੀ ਕੁਖੋਂ ਪੈਦਾ ਹੋਈ ਆਪਣੀ ਬੱਚੀ ਸਨੋਬਰ ਨੂੰ ਵੀ ਬੰਬਈ ਦੇ ਵਧੀਆ ਸਕੂਲ ਵਿਚ ਦਾਖ਼ਲ ਕਰਵਾਇਆ ਅਤੇ ਡਾਢਾ ਲਾਡ ਪਿਆਰ ਦਿੱਤਾ। ਉਨ੍ਹਾਂ ਦਾ ਛੋਟਾ ਭਰਾ ਭੀਸ਼ਮ ਸਾਹਨੀ ਉਨ੍ਹਾਂ ਕੋਲ ਕਈ ਵਾਰ ਜਾ ਕੇ ਕਿੰਨੇ ਕਿਨੇ ਦਿਨ ਰਹਿ ਆਉਂਦਾ। ਬਲਰਾਜ, ਸੰਤੋਸ਼ ਅਤੇ ਉਨ੍ਹਾਂ ਦੇ ਬੱਚਿਆਂ ਨੇ ਉਸ ਨੂੰ ਪੂਰਾ ਪਿਆਰ ਆਦਰ ਸਤਿਕਾਰ ਦਿੱਤਾ।

ਬਲਰਾਜ ਸਾਹਨੀ ਦੇ ਪਿਤਾ ਜੀ ਦਾ 1961 ਈ. ਵਿਚ ਦੇਹਾਂਤ ਹੋ ਗਿਆ ਅਤੇ ਉਨ੍ਹਾਂ ਦੀ ਮੌਤ ਤੋਂ ਛੇ ਵਰ੍ਹੇ ਬਾਅਦ ਉਨ੍ਹਾਂ ਦੇ ਮਾਤਾ ਜੀ ਵੀ ਸਵਰਗਪੁਰੀ ਸਿਧਾਰ ਗਏ। ਉਨ੍ਹਾਂ ਨੂੰ ਆਪਣੇ ਮਾਤਾ ਪਿਤਾ ਦੀ ਮੌਤ ਤੇ ਡੂੰਘਾ ਸਦਮਾ ਪਹੁੰਚਿਆ। ਹੁਣ ਉਨ੍ਹਾਂ ਦਾ ਕਿਸੇ ਕੰਮ ਵਿਚ ਦਿਲ ਨਾ ਲਗਦਾ ਪਰ ਕਿੰਨੀ ਕੁ ਦੇਰ ਉਹ ਇਹ ਅਵਸਥਾ ਵਿਚ ਰਹਿ ਸਕਦੇ ਸਨ। ਆਖਰ ਦੁਨੀਆਦਾਰੀ ਤਾਂ ਕਰਨੀ ਹੀ ਪੈਂਦੀ ਹੈ।

ਉਨ੍ਹਾਂ ਨੇ ਆਪਣੀ ਲੜਕੀ ਸ਼ਬਨਮ ਜਿਸ ਨੇ ਬੰਬਈ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕੀਤੀ ਸੀ, ਜੋ ਕਲਾਤਮਕ ਰੁਚੀਆਂ ਵਾਲੀ ਸੀ, ਦਾ ਵਿਆਹ ਇਕ ਵਿਉਪਾਰੀ ਪਰਿਵਾਰ ਵਿਚ ਅਵਿਨਾਸ਼ ਨਾਲ ਕਰ ਦਿੱਤਾ। ਉਨ੍ਹਾਂ ਨੇ ਆਪਣੇ ਬੇਟੇ ਪ੍ਰੀਕਸ਼ਤ ਦਾ ਵਿਆਹ ਵੀ ਅਪ੍ਰੈਲ, 1970 ਈ. ਵਿਚ ਚੇਤਨ ਆਨੰਦ ਦੀ ਭਤੀਜੀ ਅਰੁਨਾ (ਮਨੀ) ਨਾਲ ਕਰ ਦਿੱਤਾ। ਪ੍ਰੀਕਸ਼ਤ ਦਾ ਜੀਵਨ ਵਿਆਹ ਉਪਰੰਤ ਖੁਸਹਾਲ ਰਿਹਾ ਪਰ ਸਬਨਮ ਆਪਣੇ ਸਹੁਰੇ ਘਰ ਖੁਸ਼ ਨਾ ਰਹਿ ਸਕੀ। ਉਸ ਦੇ ਸਹੁਰੇ ਘਰ ਅਤੇ ਪੇਕੇ ਘਰ ਦੇ ਮਾਹੌਲ ਵਿਚ ਬਹੁਤ ਅੰਤਰ ਸੀ। ਸ਼ਬਨਮ ਮਾਨਸਿਕ ਪੀੜਾ ਦਾ ਸ਼ਿਕਾਰ ਹੋ ਗਈ। ਸ਼ਬਨਮ ਦੀ ਤਰਸਯੋਗ ਹਾਲਤ ਦਾ ਬਲਰਾਜ ਸਾਹਨੀ ਦੇ ਨਿਤਾਪ੍ਰਤੀ ਦੇ ਜੀਵਨ ਤੇ ਮਾੜਾ ਅਸਰ ਪਿਆ। ਉਨ੍ਹਾਂ ਨੇ ਸ਼ਬਨਮ ਨੂੰ ਉਸ ਦੇ ਸਹੁਰੇ ਘਰੋਂ ਵਾਪਸ ਲਿਆਉਣ ਦਾ ਮਨ ਵੀ ਬਣਾ ਲਿਆ। ਸ਼ਬਨਮ ਆਪਣੇ ਪਿਤਾ ਨੂੰ ਪਰੇਸ਼ਾਨ ਨਹੀਂ ਸੀ ਕਰਨਾ ਚਾਹੁੰਦੀ। ਉਸ ਨੇ ਆਪਣੇ ਸਹੁਰਿਆਂ ਦੇ ਵਤੀਰੇ ਤੋਂ ਤੰਗ ਆ ਕੇ 5 ਮਾਰਚ, 1972 ਈ. ਨੂੰ ਆਤਮ ਹੱਤਿਆ ਕਰ ਲਈ । ਬਲਰਾਜ ਸਾਹਨੀ ਉਨ੍ਹਾਂ ਦਿਨਾਂ ਵਿਚ ਬੰਬਈ ਨਹੀਂ ਸਨ। ਉਹ

ਚੋਣ ਪਰਚਾਰ ਵਾਸਤੇ ਮੱਧ ਪ੍ਰਦੇਸ਼ ਗਏ ਹੋਏ ਸਨ । ਜਦ ਵਾਪਸ ਪਰਤਣ ਤੇ ਬਲਰਾਜ ਸਾਹਨੀ ਨੂੰ ਆਪਣੀ ਬੇਟੀ ਸ਼ਬਨਮ ਦੀ ਮੌਤ ਬਾਰੇ ਖ਼ਬਰ ਮਿਲੀ ਤਾਂ ਉਨ੍ਹਾਂ ਦੇ ਦਿਲ ਨੂੰ ਡੂੰਘੀ ਸੱਟ ਵੱਜੀ। ਉਨ੍ਹਾਂ ਨੇ ਆਪਣੇ ਮਨ ਨੂੰ ਕਾਬੂ ਵਿਚ ਰੱਖਣ ਲਈ ਬੜੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਾ ਹੋ ਸਕੇ। ਉਨ੍ਹਾਂ ਨੂੰ ਲਗਦਾ ਕਿ ਉਹ ਸ਼ਬਨਮ ਦੇ ਜਾਣ ਨਾਲ ਇਕ ਕੀਮਤੀ ਹੀਰਾ ਗੁਆ ਬੈਠੇ ਹਨ। ਉਹ ਆਪਣੀ ਬੇਟੀ ਦੇ ਵਿਯੋਗ ਵਿਚ ਉਦਾਸ ਰਹਿੰਦੇ। ਉਨ੍ਹਾਂ ਦੇ ਦਿਲ ਦੀ ਧੜਕਨ ਤੇਜ਼ ਰਹਿੰਦੀ। ਉਨ੍ਹਾਂ ਦਾ ਦਿਲ ਬੰਬਈ ਤੋਂ ਉਕਤਾ ਗਿਆ। ਉਨ੍ਹਾਂ ਨੇ ਪੰਜਾਬ ਆਉਣ ਦਾ ਫੈਸਲਾ ਕਰ ਲਿਆ ਅਤੇ ਕਈ ਦੋਸਤਾਂ ਨੂੰ 14 ਅਪ੍ਰੈਲ, 1973 ਈ. ਨੂੰ ਬੰਬਈ ਤੋਂ ਪੰਜਾਬ ਪਹੁੰਚਣ ਬਾਰੇ ਸੂਚਨਾ ਵੀ ਦੇ ਦਿਤੀ। ਉਨ੍ਹਾਂ ਨੇ ਆਪਣੇ ਛੋਟੇ ਭਰਾ ਭੀਸ਼ਮ ਸਾਹਨੀ ਨੂੰ 8 ਅਪ੍ਰੈਲ 1973 ਈ. ਨੂੰ ਇਕ ਚਿੱਠੀ ਲਿਖੀ ਜਿਸ ਵਿਚ 14 ਅਪ੍ਰੈਲ, 1973 ਈ. ਨੂੰ ਬੰਬਈ ਤੋਂ ਰਵਾਨਾ ਹੋਣ ਬਾਰੇ ਸੂਚਿਤ ਕੀਤਾ। ਪਰਮਾਤਮਾ ਨੂੰ ਇਹ ਮਨਜੂਰ ਨਹੀਂ ਸੀ । ਬਲਰਾਜ ਸਾਹਨੀ ਨੂੰ 13 ਅਪ੍ਰੈਲ 1973 ਈ. ਨੂੰ ਵਿਸਾਖੀ ਵਾਲੇ ਦਿਨ ਦਿਲ ਦਾ ਦੌਰਾ ਪਿਆ। ਉਨ੍ਹਾਂ ਨੂੰ ਬੰਬਈ ਦੇ ਨਾਨਾਵਤੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਨੇ ਬੰਬਈ ਦੇ ਡਾਕਟਰ ਨੂੰ ਇਕ ਕਾਗਜ਼ ਦੇ ਟੁਕੜੇ ਤੇ ਲਿਖ ਕੇ ਦਿਤਾ 'ਮੈਨੂੰ ਕੋਈ ਅਫ਼ਸੋਸ ਨਹੀਂ, ਮੈਂ ਭਰਪੂਰ ਅਤੇ ਖੁਸ਼ਹਾਲ ਜ਼ਿੰਦਗੀ ਜੀਵੀ ਹੈ।" ਕੁਝ ਹੀ ਪਲਾਂ ਵਿਚ ਉਨ੍ਹਾਂ ਦੇ ਦਿਲ ਦੀ ਧੜਕਨ ਸਦਾ ਲਈ ਬੰਦ ਹੋ ਗਈ। ਬਲਰਾਜ ਸਾਹਨੀ ਦੀ ਇੱਛਾ ਅਨੁਸਾਰ ਉਨ੍ਹਾਂ ਦੀ ਲਾਸ਼ ਨੂੰ ਲਾਲ ਝੰਡੇ ਵਿਚ ਲਪੇਟਿਆ ਗਿਆ ਅਤੇ ਲੈਲਿਨ ਦੀਆਂ ਪੁਸਤਕਾਂ ਉਨਾਂ ਦੇ ਆਲੇ-ਦੁਆਲੇ ਰੱਖੀਆਂ ਗਈਆਂ। ਕਿਸੇ ਧਾਰਮਕ ਪੁਸਤਕ 'ਚੋਂ ਪਾਠ ਨਾ ਕੀਤਾ ਗਿਆ। ਉਨ੍ਹਾਂ ਦੀ ਮੁਰਦਾ ਦੇਹ ਦੀ ਅਗਵਾਈ ਦੋ ਸਾਥੀਆਂ ਨੇ ਲਾਲ ਝੰਡੇ ਚੁੱਕ ਕੇ ਕੀਤੀ। ਉਨ੍ਹਾਂ ਨੇ 'ਬਲਰਾਜ ਸਾਹਨੀ ਕੋ ਲਾਲ ਸਲਾਮ, ਬਲਰਾਜ ਸਾਹਨੀ ਜ਼ਿੰਦਾਬਾਦ' ਅਤੇ 'ਇਨਕਲਾਬ ਜਿੰਦਾਬਾਦ' ਰਾਮ ਨਾਮ ਸਤਿ ਹੈ ਨਾ ਬੋਲਿਆ।

ਬਲਰਾਜ ਸਾਹਨੀ ਦੀ ਮੌਤ ਦੀ ਖ਼ਬਰ ਸਾਰੇ ਸੰਸਾਰ ਵਿਚ ਇਕ ਦਮ ਫੈਲ ਗਈ। ਉਨ੍ਹਾਂ ਦੀ ਮੌਤ ਦਾ ਸਦਮਾ ਸੰਤੋਸ਼ ਸਾਹਨੀ ਨੂੰ ਹੀ ਨਾ ਹੋਇਆ, ਉਨ੍ਹਾਂ ਦੀ ਮੌਤ ਨੇ ਪ੍ਰੀਕਸ਼ਤ ਅਤੇ ਅਰੁਨ ਨੂੰ ਹੀ ਭੁੱਬੀ ਨਾ ਰੁਆਇਆ, ਉਨ੍ਹਾਂ ਦੇ ਵਿਛੋੜੇ ਨੇ ਸਨੋਬਰ ਨੂੰ ਹੀ ਵਿਛੋੜਾ ਨਾ ਦਿੱਤਾ, ਭੀਸ਼ਮ ਸਾਹਨੀ ਦਾ ਹੀ ਦਿਲ ਨਾ ਦੁਖਾਇਆ, ਉਨ੍ਹਾਂ ਦੀ ਮੌਤ ਨਾਲ ਭਾਰਤੀ ਫਿਲਮਾਂ ਨਾਲ ਥੋੜ੍ਹਾ ਬਹੁਤ ਮਸ ਰੱਖਣ ਵਾਲੇ ਨੂੰ ਵੀ ਦੁੱਖ ਹੋਇਆ ਅਤੇ ਪੰਜਾਬੀ ਸਾਹਿਤ ਪ੍ਰੇਮੀਆਂ ਦੀਆਂ ਅੱਖਾਂ 'ਚੋਂ ਅੱਥਰੂ ਨਾ ਨਿਕਲੇ, ਉਨ੍ਹਾਂ ਦੇ ਦਿਲ ਵੀ ਰੋਏ। ਉਨ੍ਹਾਂ ਦੀ ਮੌਤ ਬਾਰੇ ਖ਼ਬਰ ਸੁਣ ਕੇ ਉਨ੍ਹਾਂ ਦੇ ਘਰ ਬਾਹਰ ਲੋਕਾਂ ਦੀ ਭੀੜ ਹੋ ਗਈ। ਇਨ੍ਹਾਂ ਵਿਚ ਉਨ੍ਹਾਂ ਦੇ ਦੋਸਤਾਂ, ਰਿਸ਼ਤੇਦਾਰਾਂ, ਸਿਆਸਦਾਨਾਂ, ਉਚ ਅਧਿਕਾਰੀਆਂ, ਸ਼ਹਿਰ ਦੇ ਪਤਵੰਤੇ ਲੋਕਾਂ ਤੋਂ ਇਲਾਵਾ ਮੱਛੀਆਂ ਫੜਨ ਵਾਲੇ, ਹੋਟਲਾਂ ਦੇ ਬੈਠੇ ਗਰੀਬ ਲੋਕ ਅਤੇ ਗਲੀ ਦੇ ਲੜਕੇ ਵੀ ਵੱਡੀ ਤਾਦਾਦ ਵਿਚ ਇੱਕਠੇ ਹੋਏ ਸਨ। ਮੱਛੀਆਂ ਫੜਨ ਵਾਲੇ ਤਾਂ ਵਰਸੋਵਾ ਤੋਂ ਪਹੁੰਚੇ ਸਨ ਅਤੇ ਉਨ੍ਹਾਂ ਨੇ ਬਲਰਾਜ ਸਾਹਨੀ ਦੀ ਮ੍ਰਿਤਕ ਦੇਹ ਦੀ ਸਾਰੀ ਰਾਤ ਰਾਖੀ ਕੀਤੀ। ਹੋਟਲਾਂ ਦੇ ਬੈਠੇ ਇਸ ਕਰਕੇ ਪਹੁੰਚੇ ਕਿਉਂਕਿ ਬਲਰਾਜ ਸਾਹਨੀ ਨੇ ਉਨ੍ਹਾਂ ਦੀ ਪ੍ਰਬੰਧਕੀ ਕਮੇਟੀ ਵਿਰੁੱਧ ਹੜਤਾਲ ਸਮੇਂ ਤਨੋ ਮਨੋ ਧਨੋ ਮਦਦ ਕੀਤੀ ਸੀ। ਬਲਰਾਜ ਸਾਹਨੀ ਦੀ ਗਰੀਬ ਲੋਕਾਂ ਨਾਲ ਨਿੱਜੀ ਨੇੜਤਾ ਸੀ ਇਸ ਕਰਕੇ ਉਹ ਹਰਮਨ ਪਿਆਰੇ ਸਨ ।

ਭੀਸ਼ਮ ਸਾਹਨੀ ਦੇ ਸ਼ਬਦਾਂ ਵਿਚ, ਉਹ ਹਰ ਤਬਕੇ ਦੇ ਲੋਕਾਂ ਵਿਚ ਘੁਲ ਮਿਲ ਜਾਂਦੇ ਸਨ, ਉਹ ਸੰਜੀਦਾ ਪੁਸਤਕਾਂ ਵੀ ਪੜ੍ਹਦੇ ਸਨ, ਉਹ ਆਪਣੇ ਚੌਗਿਰਦੇ ਵਿਚ ਵਾਪਰਦੇ ਨੂੰ ਦੇਖਣ ਜਾਣਨ ਦੇ ਇਛੁੱਕ ਵੀ ਹੁੰਦੇ ਸਨ। ਉਹ ਸੋਕਾ ਗ੍ਰਸਤ ਇਲਾਕਿਆਂ ਅਤੇ ਦੰਗੇ ਫਸਾਦਾਂ ਵਾਲੀਆਂ ਥਾਵਾਂ ਤੇ ਪਹੁੰਚ ਕੇ ਅਸਲੀਅਤ ਜਾਣਨਾ ਚਾਹੁੰਦੇ ਸਨ ਅਤੇ ਦੰਗਾਂ ਪੀੜਤਾਂ ਦੀ ਮਦਦ ਕਰਦੇ ਸਨ। ਉਹ ਇਕ ਕਲਾਕਾਰ, ਲੇਖਕ ਅਤੇ ਨਾਗਰਿਕ ਦੇ ਤੌਰ ਤੇ ਅਜਿਹਾ ਕਰਨਾ ਆਪਣੀ ਜ਼ਿੰਮੇਵਾਰੀ ਸਮਝਦੇ ਸਨ।"

ਪੰਜਾਬੀ ਦੇ ਮਾਸਕ ਪੱਤਰ ਪ੍ਰੀਤਲੜੀ ਦੇ ਬਾਨੀ ਅਤੇ ਪ੍ਰਸਿਧ ਲੇਖਕ ਗੁਰਬਖ਼ਸ਼ ਸਿੰਘ ਨੇ ਬਲਰਾਜ ਸਾਹਨੀ ਦੇ ਚਲੇ ਜਾਣ ਨਾਲ ਪੰਜਾਬੀ ਸਾਹਿਤ ਵਿਚ ਨਾ

ਪੂਰਿਆ ਜਾਣ ਵਾਲਾ ਘਾਟਾ ਦਰਸਾਇਆ "ਬਲਰਾਜ ਵਰਗੀ ਸ਼ਾਨਦਾਨ ਸਖ਼ਸੀਅਤ ਸਦੀਆਂ ਵਿਚ ਕਦੇ ਆਉਂਦੀ ਹੈ, ਸਿਨੇਮਾ ਦੀ ਦੁਨੀਆਂ ਨੂੰ ਤਾਂ ਘਾਟਾ ਪੈਣਾ ਹੀ ਸੀ, ਪੰਜਾਬੀ ਸਾਹਿਤ ਦਾ ਸਦਮਾ ਕਿਸੇ ਨਾਪ ਤੋਂ ਬਾਹਰ ਹੈ। ਉਹ ਪੰਜਾਬੀ ਦਾ ਨਿਰਾ ਪ੍ਰਤਿਭਾ ਭਰਪੂਰ ਨਿਰਾਲਾ ਲੇਖਕ ਹੀ ਨਹੀਂ, ਉਹ ਪੰਜਾਬੀ ਬੋਲੀ ਤੇ ਪੰਜਾਬੀਅਤ ਦਾ ਅਤਿ ਸੁਹਿਰਦ ਤੇ ਸਮਰਥ ਪ੍ਰਚਾਰਕ ਵੀ ਸੀ। ਉਹ ਪੱਛਮੀ ਤੇ ਪੂਰਬੀ ਪੰਜਾਬ ਦਾ ਪਿਆਰਾ ਹੋਣ ਕਰਕੇ ਦੋਹਾਂ ਲੋਕ-ਨਦੀਆਂ ਦਾ ਸੰਗਮ ਸੀ। ਉਹ ਹਿੰਦੂ ਸਿੱਖਾਂ ਵਿਚ ਅਤਿ ਲੋੜੀਂਦੇ ਸਮਝੌਤੇ ਦਾ ਹੋਣਹਾਰ ਪੁਲ ਸੀ। ਉਹ ਨੌਜਵਾਨਾਂ ਦੀਆ ਜੀਵਨ-ਤਾਂਘਾਂ ਦਾ ਧਰੂ ਸੀ, ਉਹ ਮਨੁੱਖੀ ਚਰਿੱਤਰ ਦਾ ਚਮਕਦਾ ਸਿਤਾਰਾ ਸੀ ।'[2] ਬੰਬਈ ਦੀ ਪ੍ਰਸਿੱਧ ਸਮਾਜ ਸੇਵਕਾ ਕਪਿਲਾ ਖੰਡਵਾਲਾ ਨੇ ਬਲਰਾਜ ਦੀ ਮੌਤ ਨੂੰ ਬਹੁਤ ਵੱਡਾ ਖੱਪਾ ਦੱਸਿਆ, "ਉਹ ਚਲਾ ਗਿਆ ਹੈ, ਪਰ ਕਲਾ, ਸਾਹਿਤ ਤੇ ਸਿਆਸਤ ਵਿਚ ਬੜਾ ਵੱਡਾ ਖੱਪਾ ਪਾ ਗਿਆ ਹੈ, ਤੇ ਓਦੂੰ ਵੀ ਵਡੇਰਾ ਖੱਪਾ ਆਪਣੇ ਮਿੱਤਰ ਪਿਆਰਿਆਂ ਤੇ ਉਸ ਮਨੁੱਖਤਾ ਦੇ ਦਿਲਾਂ ਵਿਚ ਪਾ ਗਿਆ ਹੈ। ਜਿਸ ਨੂੰ ਉਹ ਏਨਾ ਪਿਆਰਦਾ ਸੀ ।"[3] ਉਨ੍ਹਾਂ ਦੀ ਪਤਨੀ ਸੰਤੋਸ਼ ਸਾਹਨੀ ਨੇ ਆਪਣੀ ਕਾਵਿ-ਸ਼ਰਧਾਂਜਲੀ ਵਿਚ ਉਨਾਂ ਨੂੰ ਸਭਨਾਂ ਵਰਗਾਂ ਦੇ ਲੋਕਾਂ ਵਲੋਂ ਮਿਲੇ ਮੋਹ, ਸਤਿਕਾਰ ਵਲ ਸੰਕੇਤ ਕੀਤਾ :-

ਸੋ ਮੇਰੇ ਬਲਰਾਜ
ਜਦ ਤੇਰੇ ਬੁੱਲਾਂ ਤੇ
ਹੱਸ ਹੱਸ ਕੇ ਕੀਤੀ।
ਕਲਾ, ਸਾਹਿਤ, ਵਿਸ਼ਵ ਸ਼ਾਂਤੀ
ਮਨੁੱਖਤਾ ਸ਼ਾਇਸਤਗੀ ਲਈ ਕੀਤੀ
ਕਰੜੀ ਮੁਸ਼ਕਤ ਦੀ ਆਖ਼ਰੀ ਸ਼ਾਂਤ ਜੋਤ
ਆਖ਼ਰੀ ਨਿਮ੍ਹੀ ਮੁਸਕੜੀ ਸੀ,
ਪਰ,
ਤੇਰੀ ਸੁਗੰਧਤ ਸਵਾਸ

ਅਨੰਤ ਦੇ ਸਵਾਸ
ਵਿਚ ਮਿਲ ਚੁਕੀ ਸੀ,
ਤੇ ਫੇਰ, ਜਦ
ਹਰ ਤਬਕੇ, ਹਰ ਧਰਮ, ਹਰ ਉਮਰ ਦੇ
ਤੇਰੇ ਸ਼ਰਧਾਲੂਆਂ ਨੇ
ਤੇਰੀ ਈਸਾ ਮਸੀਹ ਜਿਹੀ
ਸੁੰਦਰ ਦੇਹ ਨੂੰ
ਆਪਣੇ ਮੋਢਿਆਂ 'ਤੇ ਚੁੱਕ, ਤੈਨੂੰ
ਅਗਨੀ, ਜਲ, ਵਾਯੂ, ਪ੍ਰਿਥਵੀ, ਆਕਾਸ਼
ਨਾਲ ਫੇਰ ਇਕ ਕਰ ਦਿੱਤਾ,"[4]

ਬਲਰਾਜ ਸਾਹਨੀ ਦੀ ਯਾਦ ਅੱਜ ਵੀ ਆਮ ਲੋਕਾਂ ਵਿਚ ਤਾਜ਼ਾ ਹੈ, 'ਬੁੱਧੀਜੀਵੀਆਂ ਦੇ ਦਿਲਾਂ ਵਿਚ ਸਦੀਵੀ ਸਥਾਨ ਬਣਾਈ ਬੈਠੀ ਹੈ, ਸਿਆਸਤਦਾਨਾਂ ਅਤੇ ਪੱਤਰਕਾਰਾਂ ਨੂੰ ਅਕਸਰ ਆਉਂਦੀ ਹੈ। ਰੋਜ਼ਾਨਾ ਨਵਾਂ ਜ਼ਮਾਨਾ ਦੇ ਮੁੱਖ ਸੰਪਾਦਕ ਜਗਜੀਤ ਸਿੰਘ ਆਨੰਦ ਨੇ ਆਪਣੇ ਇਕ ਲੇਖ 'ਏਕਤਾ ਤੇ ਸਦਭਾਵਨਾ ਦੀ ਸਾਕਾਰ ਮੂਰਤ ਬਲਰਾਜ' ਵਿਚ ਲਿਖਿਆ ਸੀ, ਜੰਮਿਆ ਇਹ ਬਹੁਪੱਖੀ ਸਫ਼ਲਤਾਵਾਂ ਵਾਲਾ ਨਿਰਮਾਣ, ਨਿੱਘਾ ਦੇ ਨਿਰਛਲ ਮਨੁੱਖ ਮਜ਼ੂਦਰਾਂ ਦੇ ਕੌਮਾਂਤਰੀ ਦਿਵਸ 1 ਮਈ ਨੂੰ, ਤੁਰਦਾ ਬਣਿਆ-ਪੰਜਾਬੀਆਂ ਦੇ ਸਾਂਝੇ ਤਿਉਹਾਰ ਵਿਸਾਖੀ ਵਾਲੇ ਦਿਨ। ਅੱਜ ਜਦੋਂ ਕੌਮੀ ਏਕਤਾ, ਇਕੱਠਤਾ ਤੇ ਇਕਸੁਰਤਾ ਦੀ ਭਾਵਨਾ ਦਾ ਸਾਂਝੇ ਪਿਆਰੇ ਪੰਜਾਬ ਵਿਚ ਏਨਾ ਆਭਾਵ ਹੈ, ਉਹ ਮਹਾਂ ਮਨੁੱਖ ਮੁੜ-ਮੁੜ ਚੇਤੇ ਆਉਂਦਾ ਹੈ ਜਿਹੜਾ ਇਸ ਦੀ ਸਾਕਾਰ ਮੂਰਤ ਸੀ।"

ਬਲਰਾਜ ਸਾਹਨੀ ਨੇ ਆਪਣੇ 60 ਸਾਲਾਂ ਦੇ ਜੀਵਨ ਸਫਰ ਵਿਚ ਆਪਣੇ ਮਿਲਾਪੜੇ ਸੁਭਾਅ ਨਾਲ ਹਰ ਵਰਗ ਦੇ ਲੋਕਾਂ ਦਾ ਦਿਲ ਜਿੱਤਿਆ, ਆਪਣੇ ਵਿਵੇਕ ਨਾਲ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਅਤੇ ਆਪਣੀ ਸਿਆਣਪ ਨਾਲ ਉਨ੍ਹਾਂ ਤੋਂ ਪ੍ਰਸ਼ੰਸਾ ਪ੍ਰਾਪਤ

ਕੀਤੀ। ਬਲਰਾਜ ਸਾਹਨੀ ਨੇ ਜਿਸ ਖੇਤਰ ਵਿਚ ਵੀ ਪੈਰ ਧਰਿਆ ਉਥੇ ਨਾਮਣਾ ਖੱਟਿਆ। ਉਨ੍ਹਾਂ ਨੇ ਸ਼ਾਂਤੀ ਨਿਕੇਤਨ ਵਿਖੇ ਗੁਰੂਦੇਵ ਰਾਬਿੰਦਰ ਨਾਥ ਟੈਗੋਰ ਦੇ ਮਨ ਤੇ ਆਪਣੀ ਸੁਘੜਤਾ ਦਾ ਪ੍ਰਭਾਵ ਪਾਇਆ, ਉਨ੍ਹਾਂ ਨੇ ਸੇਵਾ ਗਰਾਮ (ਵਰਧਾ) ਵਿਖੇ ਆਪਣੇ ਕੰਮ ਨਾਲ ਮਹਾਤਮਾ ਗਾਂਧੀ ਕੋਲੋਂ ਵਾਹਵਾ ਲਈ, ਉਨ੍ਹਾਂ ਨੇ ਫਿਲਮਾਂ ਵਿਚ ਅਭਿਨੈ ਕਰਕੇ ਫਿਲਮੀ ਦੁਨੀਆਂ ਵਿਚ ਵਿਲੱਖਣ ਸਥਾਨ ਬਣਾਇਆ ਅਤੇ ਹਰ ਵਰਗ ਦੇ ਲੋਕਾਂ ਲਈ ਹਰਮਨ ਪਿਆਰੇ ਅਭਿਨੇਤਾ ਬਣੇ, ਉਨ੍ਹਾਂ ਨੇ ਇਕ ਹੰਢੇ ਹੋਏ ਰੰਗ ਕਰਮੀ ਦੇ ਤੌਰ ਤੇ ਰੰਗਮੰਚ ਨਾਲ ਨੇੜਤਾ ਨਾਤਾ ਕਾਇਮ ਰੱਖਿਆ, ਉਨ੍ਹਾਂ ਨੇ ਕਈ ਭਾਸ਼ਾਵਾਂ ਬੋਲਣੀਆਂ, ਪੜ੍ਹਣੀਆਂ ਤੇ ਲਿਖਣੀਆਂ ਸ਼ੁਰੂ ਕੀਤੀਆਂ, ਉਨ੍ਹਾਂ ਨੇ ਅੰਗ੍ਰੇਜ਼ੀ, ਹਿੰਦੀ ਅਤੇ ਪੰਜਾਬੀ ਵਿਚ ਸਾਹਿਤ ਰਚਿਆ। ਉਹ ਫਿਲਮੀ, ਸਾਹਿਤਕ ਅਤੇ ਸਮਾਜ-ਸੇਵਾ ਕਾਰਨ ਕਈ ਸੰਸਥਾਵਾਂ ਦੇ ਅਹੁਦੇਦਾਰ ਵੀ ਮਨੋਨੀਤ ਹੋਏ। ਉਨ੍ਹਾਂ ਨੂੰ ਇਨ੍ਹਾਂ ਖੇਤਰਾਂ ਵਿਚ ਸੇਵਾਵਾਂ ਕਰਨ ਲਈ ਮਾਨ-ਸਨਮਾਨ ਵੀ ਦਿੱਤੇ ਗਏ। ਉਨ੍ਹਾਂ ਦੀ ਬੇਵਕਤੀ ਮੌਤ ਨਾਲ ਹੋਰਨਾਂ ਖੇਤਰਾਂ ਦੇ ਨਾਲ-ਨਾਲ ਪੰਜਾਬੀ ਸਾਹਿਤ ਨੂੰ ਸਭ ਤੋਂ ਵੱਧ ਘਾਟਾ ਪਿਆ। ਉਨ੍ਹਾਂ ਕੋਲੋਂ ਪੰਜਾਬੀ ਸੁਨੇਹੀਆਂ ਨੂੰ ਅਜੇ ਹੋਰ ਬਹੁਤ ਆਸਾਂ ਸਨ ਪਰ ਉਹ ਪੰਜਾਬ ਅਤੇ ਪੰਜਾਬੀਆਂ ਦੀਆਂ ਆਸਾਂ ਆਪਣੇ ਨਾਲ ਹੀ ਲੈ ਕੇ ਚਲੇ ਗਏ।

ਬਿਛੜਾ ਵੋਹ ਇਸ ਅਦਾ ਸੇ ਕਿ ਰੁੱਤ ਹੀ ਬਦਲ ਗਈ,
ਇਕ ਸ਼ਖ਼ਸ ਸਾਰੇ ਸ਼ਹਿਰ ਕੋ ਵਿਰਾਂ ਕਰ ਗਯਾ।

ਬਲਰਾਜ ਸਾਹਨੀ- ਇਕ ਬਹੁਪੱਖੀ ਪ੍ਰਤਿਭਾ

ਬਲਰਾਜ ਸਾਹਨੀ ਬਹੁਪੱਖੀ ਸ਼ਖਸੀਅਤ ਦੇ ਮਾਲਕ ਸਨ। ਉਨ੍ਹਾਂ ਨੇ ਰੰਗਮੰਚ ਤੇ ਆਪਣੀ ਕਲਾ ਦੇ ਜੌਹਰ ਵਿਖਾਏ, ਫਿਲਮਾਂ ਵਿਚ ਅਭਿਨੈ ਕਰਕੇ ਨਾਂ ਬਣਾਇਆ, ਸਾਹਿਤ ਸਿਰਜਣਾ ਕਰਕੇ ਆਪਣੀਆਂ ਪੈੜਾਂ ਪਾਈਆਂ। ਉਹ ਪੰਜਾਬੀ ਵਿਚ ਇਕ ਸਫਲ ਸਫਰਨਾਮਾ ਲੇਖਕ ਵਜੋਂ ਸਥਾਪਤ ਹੋਏ, ਉਨ੍ਹਾਂ ਨੇ ਰੋਜ਼ਾਨਾ ਡਾਇਰੀ ਲਿਖ ਕੇ ਕਈ ਵਧੀਆ ਨਿਬੰਧ ਲਿਖੇ, ਇਹ ਨਿਬੰਧ ਬਿਰਤਾਂਤਕ ਅਤੇ ਵਰਣਨਾਤਮਕ ਸ਼ੈਲੀ ਵਿਚ ਹਨ, ਕਹਾਣੀਨੁਮਾ ਵੀ ਹਨ, ਉਨ੍ਹਾਂ ਨੇ ਦੋ ਨਾਟਕ ਇਕ ਹਿੰਦੀ ਵਿਚ 'ਜਾਦੂ ਕੀ ਕੁਰਸੀ' ਅਤੇ ਇਕ ਪੰਜਾਬੀ ਵਿਚ "ਕੀ ਇਹ ਸੱਚ ਹੈ ਬਾਪੂ?" ਲਿਖੇ, ਉਨ੍ਹਾਂ ਨੇ ਇਕ ਕਵਿਤਾਵਾਂ ਦੀ ਪੁਸਤਕ 'ਵੇਟਰ ਦੀ ਵਾਰ' ਲਿਖੀ। ਇਸ ਅਧਿਆਇ ਵਿਚ ਅਸੀਂ ਬਲਰਾਜ ਸਾਹਨੀ ਦੀ ਸ਼ਖਸੀਅਤ ਦੇ ਵਿਭਿੰਨ ਪਹਿਲੂਆਂ ਬਾਰੇ ਵਿਚਾਰ ਕਰਾਂਗੇ।

ਬਲਰਾਜ ਸਾਹਨੀ-ਇਕ ਸਫਰਨਾਮਾ ਲੇਖਕ

ਬਲਰਾਜ ਸਾਹਨੀ ਨੂੰ ਘੁੰਮਣ ਫਿਰਨ ਦਾ ਸ਼ੌਕ ਬਚਪਨ ਤੋਂ ਹੀ ਸੀ। ਉਹ ਆਪਣੇ ਦੋਸਤਾਂ ਨਾਲ ਪ੍ਰੋਗਰਾਮ ਬਣਾ ਕੇ ਨੇੜੇ ਦੀਆਂ ਮਹੱਤਵਪੂਰਨ ਥਾਵਾਂ ਤੇ ਸਾਈਕਲਾਂ ਉਤੇ ਅਕਸਰ ਜਾ ਆਉਂਦੇ। ਉਨ੍ਹਾਂ ਦਾ ਇਹ ਸ਼ੌਕ ਸਾਰੀ ਜ਼ਿੰਦਗੀ ਜਾਰੀ ਰਿਹਾ। ਉਨ੍ਹਾਂ ਨੇ ਹਿੰਦੁਸਤਾਨ ਦਾ ਕੋਨਾ- ਕੋਨਾ ਘੁੰਮਿਆ, ਉਨ੍ਹਾਂ ਨੂੰ ਵਿਦੇਸ਼ਾਂ ਵਿਚ ਜਾਣ ਦਾ ਵੀ ਅਵਸਰ ਮਿਲਿਆ। ਦੇਸ਼ ਅਤੇ ਵਿਦੇਸ਼ ਦੇ ਸਫਰ ਦੌਰਾਨ ਉਨ੍ਹਾਂ ਬਹੁਤ ਮਿੱਤਰ ਬਣਾਏ, ਉਨ੍ਹਾਂ ਨੇ ਹੋਰਨਾਂ ਸਭਿਆਚਾਰਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਹੋਰਨਾਂ ਭਾਸ਼ਾਵਾਂ ਦਾ ਗਿਆਨ ਹਾਸਲ ਕੀਤਾ। ਪੰਜਾਬੀ ਦੀ ਕਵਿਤਰੀ ਅਤੇ ਬਲਰਾਜ ਸਾਹਨੀ ਦੀ ਪ੍ਰਸ਼ੰਸਕ ਕੁਲਦੀਪ ਦੇ ਸ਼ਬਦਾਂ ਵਿਚ 'ਸਫਰ ਬਲਰਾਜ ਸਾਹਨੀ ਦੀ ਜ਼ਿੰਦਗੀ ਸੀ। ਟਿਕ ਕੇ ਬਹਿਣਾ ਉਨ੍ਹਾਂ ਦੇ ਸੁਭਾਅ ਵਿਚ ਵੀ ਨਹੀਂ ਸੀ, ਕਿਸਮਤ ਵਿਚ ਵੀ ਨਹੀਂ। ਫਿਲਮਾਂ ਦੀ ਬੇਤਰਤੀਬ ਜ਼ਿੰਦਗੀ ਨੇ ਉਨ੍ਹਾਂ ਨੂੰ ਅੱਜ ਏਥੇ, ਕੱਲ੍ਹ ਉੱਥੇ ਭਟਕਾਇਆ। ਉਨ੍ਹਾਂ ਦਾ ਇੱਕ ਮੌਤ ਜੇ ਸ੍ਰੀਨਗਰ ਤੋਂ ਆਉਂਦਾ ਤਾਂ ਦੂਸਰਾ ਦਿੱਲੀ ਤੋਂ, ਤੀਸਰਾ ਆਗਰੇ ਤੋਂ ਤਾਂ ਚੌਥਾ ਮਾਲੇਗਾਂਵ ਤੋਂ। ਇਕ ਥਾਂ ਉਹ ਪਤਨੀ ਤੇ ਧੀ ਨਾਲ ਛੁੱਟੀ ਕੱਟ ਰਹੇ ਹੁੰਦੇ, ਦੂਸਰੀ ਥਾਂ ਨੁਮਾਇਸ਼ ਦੇਖ ਰਹੇ ਹੁੰਦੇ, ਤੀਸਰੀ ਥਾਂ ਸ਼ੂਟਿੰਗ ਕਰ ਰਹੇ ਹੁੰਦੇ, ਤੇ ਚੌਥੀ ਥਾਂ ਇਪਟਾ ਦਾ ਕੋਈ ਡਰਾਮਾ ਖੇਡ ਰਹੇ ਹੁੰਦੇ। ਏਨੇ ਸਫਰ ਤੋਂ ਬਾਅਦ ਜਦੋਂ ਬੰਬਈ ਪੁੱਜਦੇ ਹੋਣਗੇ ਤਾਂ ਕੋਈ ਵੱਡੀ ਗੱਲ ਨਹੀਂ ਕਿ ਕਦੀ-ਕਦੀ ਆਪਣੇ ਘਰ ਵਿਚ ਵੀ ਮਹਿਮਾਨਾਂ ਵਾਂਗ ਵੜਦੇ ਹੋਣ ਪਰ ਜਿਸ ਘਰ ਵਿਚ ਬਲਰਾਜ ਸਾਹਨੀ ਇਕ ਵਾਰ ਜਾ ਆਉਂਦੇ, ਘਰ ਵਾਲੇ ਉਨ੍ਹਾਂ ਨੂੰ ਪਰਿਵਾਰ ਦਾ ਜੀਅ ਸਮਝਣ ਲੱਗ ਜਾਂਦੇ। ਅੰਦਾਜ਼ਾ ਕਰੋ ਬਲਰਾਜ ਸਾਹਨੀ ਦੀ ਮੌਤ ਨੇ ਕਿੰਨੇ ਘਰ ਉਜਾੜੇ ਹੋਣਗੇ।"

ਬਲਰਾਜ ਸਾਹਨੀ ਨੇ ਆਪਣੇ ਅਨੇਕਾਂ ਸਫਰ ਕਲਮਬਧ ਕੀਤੇ। ਉਹ ਸਫਰ ਬਲਰਾਜ ਸਾਹਨੀ ਦੇ ਘੁੰਮਣ ਫਿਰਨ ਦੇ ਸ਼ੌਕ ਦਾ ਸਬੂਤ ਤਾਂ ਹਨ ਪਰ ਉਨ੍ਹਾਂ ਨੂੰ ਪਾਠਕਾਂ

ਸਾਹਮਣੇ ਰੌਚਕ ਢੰਗ ਨਾਲ ਲਿਖਤੀ ਰੂਪ ਵਿਚ ਪੇਸ਼ ਕਰਨ ਦਾ ਪ੍ਰਮਾਣ ਵੀ ਹਨ। ਲੇਖਾਂ ਤੋਂ ਇਲਾਵਾ ਉਨ੍ਹਾਂ ਨੇ ਆਪਣੇ ਸਫਰ ਦੀ ਦਾਸਤਾਨ ਦੇ ਸਫਰਨਾਮਿਆਂ 'ਮੇਰਾ ਪਾਕਿਸਤਾਨੀ ਸਫਰਨਾਮਾ' ਅਤੇ 'ਮੇਰਾ ਰੂਸੀ ਸਫਰਨਾਮਾ' ਰਾਹੀਂ ਪੇਸ਼ ਕੀਤੀ ਹੈ।

ਬਲਰਾਜ ਸਾਹਨੀ ਨੇ 1962 ਈ. ਵਿਚ ਪਾਕਿਸਤਾਨ ਦਾ ਸਫਰ ਕਰਨ ਦਾ ਪ੍ਰੋਗਰਾਮ ਬਣਾਇਆ। ਉਨ੍ਹਾਂ ਦੀ ਇੱਛਾ ਸੀ ਕਿ ਉਹ ਆਪਣਾ ਰਾਵਲਪਿੰਡੀ ਵਾਲਾ ਘਰ ਦੇਖ ਕੇ ਆਉਣ, ਭੇਰੇ ਜਾਣ ਅਤੇ ਹੋਰ ਸ਼ਹਿਰ ਵੀ ਦੇਖਣ। ਉਨ੍ਹਾਂ ਨੇ ਗੌਰਮਿੰਟ ਕਾਲਜ, ਲਾਹੌਰ ਦੇ ਪ੍ਰਿੰਸੀਪਲ ਡਾਕਟਰ ਨਜ਼ੀਰ ਅਹਿਮਦ ਦੇ ਨਿਮੰਤਰਣ ਤੇ ਪਾਕਿਸਤਾਨ ਜਾਣ ਦਾ ਪੱਕਾ ਇਰਾਦਾ ਬਣਾ ਲਿਆ। ਜਦ ਉਨ੍ਹਾਂ ਦੀ ਮਾਤਾ ਜੀ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਬਲਰਾਜ ਸਾਹਨੀ ਨੂੰ ਪਾਕਿਸਤਾਨ ਜਾਣ ਤੋਂ ਰੋਕਿਆ। ਉਨ੍ਹਾਂ ਨੇ ਗੁੱਸੇ ਵਿਚ ਆਖਿਆ, ਹੁਣ ਕਿਹੜੇ ਪਾਸੇ ਦੀ ਦੋਸਤੀ ਤੇ ਕਿਹੜੇ ਘਰ ਬਾਰ! ਸਾਡਾ ਹੁਣ ਕੇ ਲਗਾ ਰਹਿ ਗਿਐ ਉਨ੍ਹਾਂ ਥਾਂਵਾਂ ਨਾਲ......... ਤੂੰ ਤਾਂ ਪੁੱਤਰ ਸੈਰ ਸਪਾਟੇ ਚੜ੍ਹਿਆ ਰਹਿਸੈਂ ਤੇ ਮੇਰੀ ਵਿਚੇ ਜਾਨ ਟੰਗੀ ਰਹਿ ਸੀ। ਬੜੇ ਮੂਰਖ ਲੋਕ ਨੇ ਉਹ। ਉਨ੍ਹਾਂ ਦਾ ਵਿਸਾਹ ਕੋਈ ਨਹੀਂ।"[2]

ਬਲਰਾਜ ਸਾਹਨੀ ਨੇ ਆਪਣੀ ਮਾਤਾ ਜੀ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਦੂਜੇ ਤੀਜੇ ਦਿਨ ਤਾਰ ਪਾ ਦਿਆ ਕਰਨਗੇ ਪਰ ਪਾਈ ਨਾ। ਉਹ 9 ਅਕਤੂਬਰ, 1962 ਨੂੰ ਦਿੱਲੀ ਤੋਂ ਪਾਕਿਸਤਾਨ ਲਈ ਰਾਵਾਨਾ ਹੋ ਪਏ। ਉਹ 11 ਅਕਤੂਬਰ, ਨੂੰ ਲਾਹੌਰ ਪਹੁੰਚੇ। ਉਨ੍ਹਾਂ ਦੇ ਮੇਜ਼ਬਾਨ ਡਾਕਟਰ ਨਜ਼ੀਰ ਅਹਿਮਦ ਨੇ ਉਨ੍ਹਾਂ ਦਾ ਤਹਿ ਦਿਲੋਂ ਆਉ ਭਗਤ ਕੀਤਾ। ਬਲਰਾਜ ਸਾਹਨੀ ਉਨ੍ਹਾਂ ਦੀ ਦੇਖਭਾਲ ਹੇਠ 26 ਅਕਤੂਬਰ, 1962 ਤੱਕ ਪਾਕਿਸਤਾਨ ਵਿਚ ਰਹੇ।

ਬਲਰਾਜ ਸਾਹਨੀ ਦਾ ਇਹ ਸਫਰਨਾਮਾ 15 ਕਾਂਡਾਂ ਵਿਚ ਵਿਭਾਜਤ ਹੈ ਅਤੇ ਅਖੀਰ ਵਿਚ 'ਪੁਨਰਪੀ' ਹੈ। ਬਲਰਾਜ ਸਾਹਨੀ ਨੇ ਇਸ ਸਫਰਨਾਮੇ ਵਿਚ ਪਾਕਿਸਤਾਨ ਦੇ ਸਫਰ ਦੌਰਾਨ ਵੇਖੀਆਂ ਥਾਂਵਾਂ ਅਤੇ ਉਥੋਂ ਦੇ ਲੋਕਾਂ ਦੇ ਵਿਵਹਾਰ ਬਾਰੇ ਦਿਲਚਸਪ ਢੰਗ ਨਾਲ ਵਰਣਨ ਕੀਤਾ ਹੈ। ਡਾਕਟਰ ਨਜ਼ੀਰ ਅਹਿਮਦ ਨੇ ਉਨ੍ਹਾਂ ਨੂੰ ਲਾਹੌਰ ਦੀਆਂ ਕੁਝ ਥਾਵਾਂ ਵਿਖਾਈਆਂ। ਉਹ ਉਥੋਂ ਦੇ ਲੋਕਾਂ ਦੇ ਮੂੰਹੋਂ ਪੰਜਾਬੀ ਬੋਲੀ ਸੁਣ ਕੇ ਬਹੁਤ ਖੁਸ਼

ਹੋਏ। ਉਹ ਤਾਂ ਪਾਕਿਸਤਾਨ ਗਏ ਹੀ ਏਸੇ ਮਕਸਦ ਨਾਲ ਸਨ। 'ਪਾਕਿਸਤਾਨ ਆਉਣ ਦਾ ਸਭ ਤੋਂ ਵੱਡਾ ਲਾਲਚ ਹੀ ਤਾਂ ਮੈਨੂੰ ਇਹੋ ਸੀ। ਰੱਜ ਕੇ ਆਪਣੀ ਪੰਜਾਬੀ ਬੋਲੀ ਸੁਣਾ- ਮਾਝੀ, ਲਹਿੰਦੀ, ਪੋਠੋਹਾਰੀ, ਮੇਰੀਆਂ ਆਪਣੀਆਂ ਮਾਤ-ਬੋਲੀਆਂ ਜਿਨ੍ਹਾਂ ਤੋਂ ਮੈਂ ਉਮਰ ਦਾ ਇਤਨਾ ਵੱਡਾ ਹਿੱਸਾ ਵਿਮੁੱਖ ਰਹਿ ਕੇ ਬਿਤਾਅ ਛੱਡਿਆ ਸੀ। ਕਿਤਨਾ ਵੱਡਾ ਗੁਨਾਹ ਕੀਤਾ ਸੀ। ਪਰ ਫੇਰ ਵੀ ਉਹਨਾਂ ਮੈਨੂੰ ਨਹੀਂ ਵਿਸਾਰਿਆ। ਕਿਤਨੀ ਪਿਆਰੀ ਹੈ ਲਾਹੌਰ ਵਾਲਿਆਂ ਦੀ ਬੋਲੀ। ਏਥੇ ਇਹ ਕਿਤਨੀ ਸਜਰੀ-ਸਜਰੀ ਲਗਦੀ ਹੈ। ਜਿਵੇਂ ਪੈਲੀਆਂ ਵਿਚ ਲਹਿਲਹਾਂਦੀ ਸੁਨਹਿਰੀ ਸਰ੍ਹੋਂ, ਜਿਵੇਂ ਖੂਹਾਂ ਦੇ ਵਗਦੇ ਪਾਣੀ। ਬੰਬਈ ਵਿੱਚ ਮੇਰੇ ਅਨੇਕਾਂ ਮਿੱਤਰ ਇਹੋ ਬੋਲੀ ਬੋਲਦੇ ਹਨ, ਪਰ ਉਥੇ ਇਹ ਕੰਨਾਂ ਨੂੰ ਬੇਹੀ-ਬੇਹੀ ਜਿਹੀ ਲਗਦੀ ਹੈ।"[3]

ਬਲਰਾਜ ਸਾਹਨੀ ਨੂੰ ਲਾਹੌਰ ਦੀਆਂ ਪੁਰਾਣੀਆਂ ਯਾਦਾਂ ਤਾਜ਼ਾ ਹੋਈਆਂ। ਜਿਥੇ ਉਹ ਠਹਿਰੇ ਉਹ ਪ੍ਰੋਫੈਸਰ ਜੀ.ਡੀ. ਸੋਂਧੀ ਦੀ ਰਿਹਾਇਸ਼ ਗਾਹ ਸੀ। ਰੈਟੀਗਨ ਰੋਡ ਤੇ ਉਨ੍ਹਾਂ ਦੇ ਫੁੱਫੜ ਜੀ ਦਾ ਘਰ ਹੁੰਦਾ ਸੀ। ਉਨ੍ਹਾਂ ਨੂੰ ਪ੍ਰੋਫੈਸਰ ਰੁਚੀ ਰਾਮ, ਪ੍ਰੋਫੈਸਰ ਗੁਲਬਹਾਰ ਸਿੰਘ ਅਤੇ ਪ੍ਰੋਫੈਸਰ ਮਦਨ ਗੋਪਾਲ ਸਿੰਘ ਦੀਆਂ ਯਾਦਾਂ ਵੀ ਆਈਆਂ। ਵਿਦਿਆਰਥੀ ਜੀਵਨ ਵਿਚ ਉਹ ਗੋਰਿਆਂ ਵਾਂਗ ਸੋਲਾ ਹੈਟ ਪਾਈ ਮਾਲ ਰੋਡ ਅਤੇ ਮੈਕਲੋਡ ਰੋਡ ਤੇ ਘੁੰਮਦੇ ਹੁੰਦੇ ਸਨ।

ਮਘਿਆਲ ਜਾਣ ਸਮੇਂ ਡਾ. ਨਜ਼ੀਰ ਅਹਿਮਦ ਨੇ ਬਲਰਾਜ ਸਾਹਨੀ ਨੂੰ ਆਪਣੇ ਦੋ ਦੋਸਤਾਂ ਅੰਜੁਮ ਤੱਕੀ ਅਤੇ ਸੇਰ ਅਫ਼ਜ਼ਲ ਜਾਫ਼ਰੀ ਦੇ ਪਤੇ ਦਿੱਤੇ ਤਾਂ ਕਿ ਬਲਰਾਜ ਦੀ ਪੂਰੀ ਦੇਖਭਾਲ ਹੋ ਸਕੇ। ਬਲਰਾਜ ਨੂੰ ਮਘਿਆਲ ਦੇ ਲੋਕਾਂ ਵਲੋਂ ਪੂਰਾ ਆਦਰ ਮਿਲਿਆ ਪਰ ਉਹ ਪੁਲਿਸ ਅਧਿਕਾਰੀਆਂ ਦੇ ਵਤੀਰੇ ਤੋਂ ਨਾ ਖੁਸ਼ ਰਹੇ। ਉਨ੍ਹਾਂ ਨੇ ਹੀਰ ਦਾ ਮਕਬਰਾ ਬੜੇ ਚਾਅ ਨਾਲ ਦੇਖਿਆ ਜਿਸ ਦਾ ਅਧੂਰਾਪਨ ਹੀਰ ਦੀ ਅਧੂਰੀ ਜ਼ਿੰਦਗੀ ਵਲ ਸੰਕੇਤ ਕਰਦਾ ਸੀ। ਬਲਰਾਜ ਸਾਹਨੀ ਹੀਰ ਦਾ ਮਜ਼ਾਰ ਪੁਲਿਸ ਅਧਿਕਾਰੀਆਂ ਨੂੰ ਦੱਸੇ ਬਿਨਾਂ ਦੇਖਣ ਚਲੇ ਗਏ ਜਿਸ ਕਰਕੇ ਪੁਲਿਸ ਕਰਮਚਾਰੀਆਂ ਨੇ ਉਨ੍ਹਾਂ ਨਾਲ ਸਖਤੀ ਵਰਤੀ। ਉਨ੍ਹਾਂ ਨੂੰ ਗੈਸਟ ਹਾਊਸ 'ਚੋਂ ਜੇਲ੍ਹ-ਘਰ ਠਹਿਰਣ ਲਈ ਆਦੇਸ਼ ਦੇ

ਦਿੱਤੇ। ਬਲਰਾਜ ਸਾਹਨੀ ਅਜਿਹੇ ਵਤੀਰੇ ਤੋਂ ਦੁਖੀ ਹੋਏ ਅਤੇ ਪਾਕਿਸਤਾਨ ਆਉਣ ਲਈ ਕੀਤੇ ਫੈਸਲੇ ਤੇ ਪਛਤਾਏ, ਮੈਂ ਉਸ ਵੇਲੇ ਤੇ ਘੜੀ ਨੂੰ ਲੱਖ-ਲੱਖ ਲਾਅਨਤਾਂ ਦੇ ਰਿਹਾ ਸਾਂ ਜਦੋਂ ਮੇਰੇ ਮਨ ਵਿਚ ਪਾਕਿਸਤਾਨ ਦੀ ਸੈਰ ਕਰਨ ਦਾ ਖਿਆਲ ਉਠਿਆ। ਖਾ ਗਈ ਖਸਮਾਂ ਨੂੰ ਉਹ ਸੈਰ, ਭਾਵੇਂ ਉਹ ਆਪਣੀ ਜਨਮ-ਭੂਮੀ ਹੀ ਕਿਉਂ ਨਾ ਹੋਵੇ, ਜਿਸ ਲਈ ਆਪਣੀ ਗੈਰਤ ਤੇ ਇੱਜ਼ਤ ਕੁਰਬਾਨ ਕਰਨੀ ਪਏ।"[4]

ਬਾਅਦ ਵਿਚ ਬਲਰਾਜ ਸਾਹਨੀ ਨੇ ਇਹ ਸੋਚ ਕੇ ਆਪਣੇ ਮਨ ਨੂੰ ਧਰਵਾਸ ਦਿੱਤਾ ਕਿ ਸ਼ਾਇਦ ਪਾਕਿਸਤਾਨ ਦੇ ਮੁਸਾਫਰਾਂ ਨਾਲ ਹਿੰਦੁਸਤਾਨ ਵਿਚ ਵੀ ਅਜਿਹਾ ਹੀ ਵਤੀਰਾ ਕੀਤਾ ਜਾਂਦਾ ਹੋਵੇ। ਪ੍ਰੋਫੈਸਰ ਅੰਜੁਮ ਤੱਕੀ, ਸ਼ੇਰ ਅਫਜੁਲ ਜਾਫ਼ਰੀ ਅਤੇ ਬਿਲਾਲ ਜੂਬੇਰੀ ਨੇ ਬਲਰਾਜ ਸਾਹਨੀ ਦੀ ਆਪਣੀ ਵਿੱਤ ਮੁਤਾਬਕ ਸਹਾਇਤਾ ਕੀਤੀ। ਉਨ੍ਹਾਂ ਦਾ ਸਫਰ ਦਿਲਚਸਪ ਬਣਾਉਣ ਲਈ ਉਨ੍ਹਾਂ ਦੇ ਨਾਲ ਰਹੇ। ਸਯਦ ਜ਼ਫ਼ਰ ਅਲੀ ਜ਼ਫ਼ੂਰ ਨੇ ਉਨ੍ਹਾਂ ਨੂੰ ਆਪਣੀਆਂ ਹਿੰਦੀ ਦੀਆਂ ਕਵਿਤਾਵਾਂ ਸੁਣਾਈਆਂ। ਹੀਰ ਰਾਂਝੇ ਦਾ ਮਜ਼ਾਰ ਝੰਗ ਵਿਚ ਨਹੀਂ ਮਘਿਆਲ ਵਿਖੇ ਹੈ।

ਬਲਰਾਜ ਸਾਹਨੀ ਨੇ ਆਪਣੇ ਪਾਕਿਸਤਾਨ ਦੇ ਸਫਰ ਦੌਰਾਨ ਝੰਗ/ਮਘਿਆਲ ਤੋਂ ਬਾਅਦ ਭੇਰਾ, ਸਰਗੋਧਾ, ਰਾਵਲਪਿੰਡੀ, ਲਾਲ ਸੂਝਾ, ਕੋਹਮਰੀ, ਸੁਹਾਂ, ਟੋਪੀ, ਰੱਖ, ਚਕਲਾਲਾ, ਟੈਕਸਲਾ ਆਦਿ ਥਾਵਾਂ ਵੀ ਦੇਖੀਆਂ। ਭੇਰਾ ਬਲਰਾਜ ਸਾਹਨੀ ਲਈ ਅਭੁੱਲ ਥਾਂ ਸੀ ਕਿਉਂਕਿ ਉਨ੍ਹਾਂ ਨੇ ਬਚਪਨ ਵਿਚ ਕਈ ਸਾਲ ਉਥੇ ਬਿਤਾਏ ਸਨ। ਸਰਗੋਧੇ ਉਹ ਆਪਣੇ ਸਾਥੀਆਂ ਸਿੰਕਦਰ, ਸ਼ਾਕਿਰ ਤੇ ਮੁਸਤਹਿਮੀਨ ਨਾਲ ਗਏ। ਉਨ੍ਹਾਂ ਨੂੰ ਮੋਹਨ ਲਾਲ ਸਾਹਨੀ ਕੋਲੋਂ ਪਤਾ ਲੱਗਾ ਕਿ ਜੇ ਉਹ ਆਪਣੀ ਜਾਇਦਾਦ ਕਲੇਮ ਕਰ ਲੈਂਦੇ ਤਾਂ ਉਨ੍ਹਾਂ ਨੂੰ ਲੱਖਾਂ ਰੁਪਏ ਮਿਲ ਜਾਣੇ ਸਨ। ਉਹ ਚੌਧਰੀ ਗੁਲਾਮ ਮੁਹੰਮਦ ਨੂੰ ਵੀ ਮਿਲੇ ਜੋ ਉਨ੍ਹਾਂ ਨੂੰ ਦੋਸਤ ਮੁਹੰਮਦ ਨੂੰ ਵੀ ਮਿਲਵਾਉਂਦੇ ਹਨ। ਇਹ ਉਨ੍ਹਾਂ ਦੀ ਭਾਵਕ ਮਿਲਣੀ ਸੀ। ਚੌਧਰੀ ਗੁਲਾਮ ਮੁਹੰਮਦ ਅਤੇ ਦੋਸਤ ਮੁਹੰਮਦ ਦੀਆਂ ਅੱਖਾਂ ਬਦੋ ਬਦੀ ਤਰ ਹੋ ਗਈਆਂ। ਸਰਗੋਧਿਉਂ, ਲਾਲਾਗੂਸ ਜਾਣ ਲੱਗਿਆ ਬਲਰਾਜ ਸਾਹਨੀ ਨੂੰ ਪਤਾ ਲਗਾ ਕਿ ਪਾਕਿਸਤਾਨ ਦੀਆਂ ਰੇਲ ਗੱਡੀਆਂ ਦੇ ਨਾਂ ਤੇਜ਼ ਗਾਮ, ਤੇਜ਼ ਰੋਅ, ਸੁਬਕ, ਗ੍ਰਾਮ, ਸੁਬਕ

ਰੌਅ ਅਤੇ ਛਾਚੀ ਆਦਿ ਹਨ। ਉਹ ਲਾਲਾਮੂਸੇ ਤੋਂ ਰਾਵਲਪਿੰਡੀ ਪਹੁੰਚੇ ਜਿਥੇ ਡਾਕਟਰ ਨਜ਼ੀਰ ਅਹਿਮਦ ਨੇ ਆਪਣੇ ਇਕ ਪ੍ਰੀਕ੍ਰਿਤ ਸੱਜਣ ਨੂੰ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਤੇ ਬੈਠਣ ਲਈ ਕਹਿ ਭੇਜਿਆ ਸੀ।

ਬਲਰਾਜ ਸਾਹਨੀ ਰਾਵਲਪਿੰਡੀ ਵਿਚ ਫ਼ਲੈਸ਼ਮੈਨ ਹੋਟਲ ਵਿਚ ਠਹਿਰਣ ਲਈ ਗਏ ਪਰ ਉਥੇ ਜਗ੍ਹਾ ਨਾ ਮਿਲਣ ਕਰਕੇ ਉਹ ਮੈਟਰੋਪੋਲ ਹੋਟਲ ਵਿਚ ਠਹਿਰੇ। ਰਾਵਲਪਿੰਡੀ ਵਿਖੇ ਉਹ ਆਪਣੇ ਦੋਸਤਾਂ ਬੋਸਤਾਨ, ਬਖ਼ਸ਼ਾ, ਮੁਰਤਜ਼ਾ ਖ਼ਾਨ ਅਤੇ ਕਈਆਂ ਹੋਰਨਾਂ ਨੂੰ ਵੀ ਮਿਲੇ। ਉਹ ਆਪਣੇ ਛਾਛੀ ਮੁਹੱਲੇ ਵਾਲੇ ਘਰ ਵੀ ਗਏ। ਉਥੇ ਉਸ ਸਮੇਂ ਵਿਆਹ ਹੋ ਰਿਹਾ ਸੀ। ਬਲਰਾਜ ਸਾਹਨੀ ਨੇ ਜੰਝ ਨੂੰ ਆਪ ਰੋਟੀ ਖਵਾਈ। ਉਸ ਨੂੰ ਇਹ ਬੜਾ ਦਿਲ ਭਿਜਵਾਂ ਦ੍ਰਿਸ਼ ਲੱਗਾ। ਉਨ੍ਹਾਂ ਦੇ ਮਿੱਤਰ ਖੁਰਸ਼ੀਦ ਜੋ ਟੈਕਸੀ ਡਰਾਇਵਰ ਸੀ ਨੇ ਵੀ ਉਨ੍ਹਾਂ ਨੂੰ ਕਾਫ਼ੀ ਘੁੰਮਾਇਆ। ਉਹ ਕੋਹਮਰੀ ਦੇਖਣ ਵੀ ਗਏ। ਉਨ੍ਹਾਂ ਨੇ ਟੋਪੀ ਰੱਖ ਜਿਸ ਦਾ ਨਾਂ ਅਜ਼ੂਬ ਪਾਰਕ ਪੈ ਗਿਆ ਹੈ ਦੇ ਨਜ਼ਾਰੇ ਵੀ ਮਾਣੇ। ਉਨ੍ਹਾਂ ਦਾ ਸੀ.ਆਈ.ਡੀ. ਦੇ ਆਦਮੀ ਪਿੱਛਾ ਕਰਦੇ ਰਹੇ। ਇਹ ਉਨ੍ਹਾਂ ਦੀ ਡਿਊਟੀ ਸੀ।

ਬਲਰਾਜ ਸਾਹਨੀ ਨੇ ਚਕਲਾਲੇ ਤੋਂ ਲਾਹੌਰ ਤੱਕ ਦਾ ਸਫਰ ਹਵਾਈ ਜਹਾਜ਼ ਰਾਹੀਂ ਕੀਤਾ। ਉਨ੍ਹਾਂ ਨੇ ਪੋਠੋਹਾਰ ਦਾ ਸਾਰਾ ਇਲਾਕਾ ਪੰਖੇਰੂ ਅੱਖ ਨਾਲ ਦੇਖਿਆ। ਉਤੋਂ ਉਨ੍ਹਾਂ ਨੂੰ ਮੰਗਲਾ ਡੈਮ ਵਿਖਾਈ ਦਿੱਤਾ। ਲਾਹੌਰ ਦਾ ਹਵਾਈ ਅੱਡਾ ਬਾਹਰੋਂ ਭਾਵੇਂ ਇਕ ਫੈਕਟਰੀ ਦੀ ਸ਼ੈਡ ਜਾਪਦਾ ਹੈ ਪਰ ਅੰਦਰੋਂ ਦਿਲਕਸ਼ ਹੈ। ਉਹਦਾ ਬਹੁਤਾ ਹਿੱਸਾ ਏਅਰ ਕੰਡੀਸ਼ਨ ਹੈ। ਹਰ ਪਾਸੇ ਫਬਵਾਂ ਅਤੇ ਹਲਕਾ ਫੁਲਕਾ ਫਰਨੀਚਰ ਰੱਖਿਆ ਹੋਇਆ ਹੈ। ਅਜਿਹਾ ਵਾਤਾਵਰਣ ਯੂਰਪ ਦੇ ਹਵਾਈ ਅੱਡਿਆਂ ਤੇ ਵੀ ਨਹੀਂ ਮਿਲਦਾ। ਲਾਹੌਰ ਪਹੁੰਚ ਕੇ ਬਲਰਾਜ ਸਾਹਨੀ ਨੂੰ ਲੱਗਾ ਕਿ ਅਨਾਰਕਲੀ ਬਾਜ਼ਾਰ ਵਿਚ ਭੀੜ ਉਤਨੀ ਹੈ ਪਰ ਰੌਣਕ ਉਤਨੀ ਨਹੀਂ, ਪਿੰਡੀ ਵਾਂਗ ਉਥੇ ਵੀ ਜਿਥੇ ਪਹਿਲਾਂ ਹਿੰਦੂ ਕੱਪੜਾ ਵੇਚਦੇ ਸਨ ਉਥੇ ਹੁਣ ਮੁਸਲਮਾਨ ਵੇਚਦੇ ਹਨ। ਬਲਰਾਜ ਸਾਹਨੀ ਨੇ ਇਬਾਲ ਦਾ ਮਜ਼ਾਰ ਦੇਖਿਆ, ਗੁਰੂ ਅਰਜਨ ਦੇਵ ਜੀ ਦੀ ਸਮਾਧ ਦੇਖੀ। ਉਹ ਹੁਣ ਇਤਿਹਾਸਕ ਖੰਡਰ ਜਾਪਦੀ ਹੈ। ਮੁਸਲਮਾਨਾਂ ਨੂੰ ਇਹ ਚੇਤਾ ਹੀ ਵਿਸਰ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੇ

ਪੀਰ ਮੀਆਂ ਮੀਰ ਕੋਲੋਂ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਈ ਸੀ। ਉਨ੍ਹਾਂ ਨੇ ਸ਼ੇਖ ਫਰੀਦ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਸੀ । ਜੇ ਉਨ੍ਹਾਂ ਨੂੰ ਇਹ ਜਾਣਕਾਰੀ ਦਿੱਤੀ ਜਾਂਦੀ ਤਾਂ ਉਹ ਗੁਰੂ ਅਰਜਨ ਦੇਵ ਜੀ ਦੀ ਸਮਾਧ ਦੀ ਚੰਗੀ ਤਰ੍ਹਾਂ ਦੇਖ ਭਾਲ ਕਰਦੇ।

ਲਾਹੌਰ ਵਿਖੇ ਹੀ ਬਲਰਾਜ ਸਾਹਨੀ ਨੂੰ ਪਾਕਿਸਤਾਨ ਆਰਟ ਕੌਂਸਲ ਦੇ ਮੈਂਬਰਾਂ ਨੇ ਚਾਹ ਪੀਣ ਲਈ ਬੁਲਾਇਆ। ਸੱਯਦ ਇਮਿਤਿਹਆਜ਼ ਲਈ ਤਾਜ ਜਿਨ੍ਹਾਂ ਦੇ ਪਿਆਲੇ 'ਚੋਂ ਬਲਰਾਜ ਸਾਹਨੀ ਨੇ ਅਭਿਨੈ ਕਲਾ ਦੇ ਸ਼ੌਕ ਦਾ ਪਹਿਲਾ ਘੁੱਟ ਭਰਿਆ ਸੀ ਅਤੇ ਕਈ ਮੈਂਬਰ ਉਥੇ ਹਾਜ਼ਰ ਸਨ। ਉਨ੍ਹਾਂ ਨੇ ਸੁਭਾਸ਼ ਚੰਦਰ ਬੋਸ ਦੇ ਸਾਥੀ ਅਤੇ ਆਪਣੇ ਕਾਲਜ ਜੀਵਨ ਦੇ ਦੋਸਤ ਕਰਨਲ ਅਸਿਨ ਕਾਦਿਰ ਨਾਲ ਬੈਠ ਕੇ 'ਪਦਮਾ ਨਦੀਰ ਮਾਂਝੀ' ਬੰਗਾਲੀ ਨਾਵਲ ਤੇ ਆਧਾਰਤ ਪੂਰਬੀ ਪਾਕਿਸਤਾਨ ਵਿਚ ਬਣੀ ਫਿਲਮ ਦੇਖੀ। ਉਸ ਨੂੰ ਕੁਝ ਵਰ੍ਹੇ ਪਹਿਲਾਂ ਮਾਸਕੋ ਦੇ ਫਿਲਮ ਉਤਸਵ ਤੇ ਪੁਰਸਕਾਰ ਪ੍ਰਾਪਤ ਹੋਇਆ ਸੀ। ਉਹ ਸਟੂਡੀਓ ਵਿਚ ਵੀ ਗਏ ਨੀਲੁ, ਦਰਪਨ, ਜਾਫਰੀ, ਆਸਲਮ ਪਰਵੇਜ਼, ਲੈਲਾ, ਸਬੀਹਾ ਤੇ ਕਈ ਹੋਰਨਾਂ ਫਿਲਮ ਸਟਾਰਾਂ ਨੂੰ ਵੀ ਮਿਲੇ। ਉਨ੍ਹਾਂ ਦੀ ਮੁਲਾਕਾਤ ਪ੍ਰਸਿੱਧ ਪ੍ਰੋਡਿਊਸਰ ਡਾਇਰੈਕਟਰ ਰਿਆਜ਼ ਸ਼ਾਹਿਦ ਅਤੇ ਮਸ਼ਹੂਰ ਫਿਲਮ ਅਦਾਕਾਰ ਇਲਾਉਦੀਨ ਕਮਾਲ ਨਾਲ ਵੀ ਹੋਈ। ਉਨ੍ਹਾਂ ਅਨੁਸਾਰ ਪਾਕਿਸਤਾਨ ਵਿਚ ਸਾਲ ਵਿਚ 40 ਫਿਲਮਾਂ ਬਣਦੀਆਂ ਹਨ। ਉਨ੍ਹਾਂ 'ਚੋਂ 60% ਭਾਰਤੀ ਅਤੇ ਅਮਰੀਕਾ ਦੀ ਨਕਲ ਹੁੰਦੀਆਂ ਹਨ, 30% ਰਵਾਇਤੀ ਫਾਰਮੂਲਿਆਂ ਮੁਤਾਬਕ ਹੁੰਦੀਆਂ ਹਨ ਅਤੇ 10% ਨਿਰੋਲ ਕਲਾਮਈ ਹੁੰਦੀਆਂ ਹਨ। ਬਲਰਾਜ ਸਾਹਨੀ ਦਾ ਵਿਚਾਰ ਸੀ ਕਿ ਭਾਰਤੀ ਅਤੇ ਪਾਕਿਸਤਾਨੀ ਫਿਲਮਾਂ ਦਾ ਵਟਾਂਦਰਾ ਜ਼ਰੂਰ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਪਾਕਿਸਤਾਨ ਦੇ ਸਫਰ ਦੌਰਾਨ 'ਔਲਾਦ' ਸੁਸਰਾਲ, ਬੰਜਾਰਨ ਅਤੇ 'ਚਿਰਾਗ ਜਲਤਾ ਰਹਾ' ਆਦਿ ਉਰਦੂ ਫਿਲਮਾਂ ਦੇਖੀਆਂ। ਪੰਜਾਬੀ ਫਿਲਮ 'ਕਰਤਾਰ ਸਿੰਘ' ਦੇਖਣ ਨੂੰ ਉਨ੍ਹਾਂ ਦਾ ਜੀਅ ਕੀਤਾ ਪਰ ਉਹ ਕਿਧਰੇ ਲੱਗੀ ਨਹੀਂ ਸੀ। ਉਨ੍ਹਾਂ ਨੇ ਲਾਹੌਰ ਦੇ 'ਐਵਰ-ਨਿਊ' ਸਟੂਡਿਓ ਵਿਚ ਕਈ ਬਣ ਰਹੀਆਂ ਫਿਲਮਾਂ ਦੀਆਂ ਰੀਲਾਂ ਵੇਖੀਆਂ। 'ਸੁਸਰਾਲ' ਫਿਲਮ ਤਾਂ ਉਨ੍ਹਾਂ

‘ਦੋਬਿਆ ਜ਼ਮੀਨ' 'ਜਾਗਤੇ ਰਹੋ' ਅਤੇ 'ਪਾਥੇਰ ਪੰਚਾਲੀ' ਫਿਲਮਾਂ ਦੇ ਬਰਾਬਰ ਦੀ ਲੱਗੀ। ਬਲਰਾਜ ਸਾਹਨੀ ਦੀਆਂ ਆਪਣੀਆਂ ਫਿਲਮਾਂ 'ਹਮਲੋਕ' ਉਨ੍ਹਾਂ ਦਿਨਾਂ ਵਿਚ ਪਾਕਿਸਤਾਨ ਵਿਚ ਚਲ ਚੁੱਕੀਆਂ ਸਨ।

ਪਾਕਿਸਤਾਨ ਤੋਂ ਭਾਰਤ ਰਵਾਨਾ ਹੋਣ ਤੋਂ ਇਕ ਦਿਨ ਪਹਿਲਾਂ ਉਨ੍ਹਾਂ ਨੂੰ ਸਰਕਾਰੀ ਕਾਲਜ ਲਾਹੌਰ ਦੇ ਹਾਲ ਵਿਚ ਰਾਤ ਦਾ ਖਾਣਾ ਦਿੱਤਾ ਗਿਆ। ਉਥੇ ਸੱਯਦ ਇਮਤਿਆਜ਼ ਅਲੀ ਤਾਜ, ਇਮਦਾਦ ਹੁਸੈਨ ਅਤੇ ਕਈ ਹੋਰ ਕਲਾ ਪ੍ਰੇਮੀ ਵੀ ਪਹੁੰਚੇ। ਬਲਰਾਜ ਸਾਹਨੀ ਦੇ ਮੁੱਖ ਮੇਜ਼ਬਾਨ ਡਾਕਟਰ ਨਜ਼ੀਰ ਅਹਿਮਦ ਨੇ ਕਿਹਾ, 'ਜਬ ਬੰਬਈ ਮੇਂ ਬਲਰਾਜ ਸਾਹਨੀ ਸੇ ਮੁਲਾਕਾਤ ਹੁਈ ਔਰ ਉਨਹੇਂ ਮੈਨੇ ਆਪਣੇ ਯਹਾਂ ਠਹਿਰਨੇ ਕੀ ਦਾਅਵਤ ਦੀ, ਤੋਂ ਮੁਝੇ ਮੁਤਲਕ ਅੰਦਾਜ਼ਾ ਨਹੀਂ ਥਾ ਕਿ ਵੋਹ ਇਤਨੀ ਮਸ਼ਹੂਰ ਹਸਤੀ ਹੈ। ਔਰ ਉਨ ਕੀ ਵਜ੍ਹਾ ਸੇ ਮੇਰੇ ਘਰ ਮੇਂ ਇਤਨੀ ਭੀੜ ਭਾੜ ਹੋ ਜਾਏਗੀ ।"[5]

ਬਲਰਾਜ ਸਾਹਨੀ ਪਾਕਿਸਤਾਨੋਂ ਕੌੜੀਆਂ ਮਿੱਠੀਆਂ ਯਾਦਾਂ ਲੈ ਕੇ ਭਾਰਤ ਆਉਣ ਲਈ ਤਿਆਰ ਸਨ। ਉਹੋ ਹਿੰਦੂ ਡਰਾਈਵਰ ਅਤੇ ਉਸ ਦਾ ਸਿੱਖ ਫਾਇਰਮੈਨ ਜੋ ਪੰਦਰਾਂ ਦਿਨ ਪਹਿਲਾਂ ਉਨ੍ਹਾਂ ਨੂੰ ਪਾਕਿਸਤਾਨ ਛੱਡ ਕੇ ਗਏ ਸਨ ਤੇ ਹੁਣ ਭਾਰਤ ਵਾਪਸ ਲਿਜਾ ਰਹੇ ਸਨ। ਪਾਕਿਸਤਾਨੀ ਪੰਜਾਬੀ ਕਵੀ ਅਹਿਮਦ ਰਾਹੀ ਵੀ ਉਨ੍ਹਾਂ ਨੂੰ ਵਿਦਾਇਗੀ ਦੇਣ ਆਇਆ। ਉਹ ਬਲਰਾਜ ਸਾਹਨੀ ਦੇ ਚਿਹਰੇ ਨੂੰ ਭੁੱਲ ਨਾ ਸਕਿਆ। ਉਸ ਦਾ ਸਾਰੀ ਦੁਪਹਿਰ ਤੇ ਸ਼ਾਮ ਕੋਈ ਕੰਮ ਕਰਨ ਨੂੰ ਜੀਅ ਨਾ ਕੀਤਾ। ਰਾਤ ਉਹ ਕਿੰਨੀ ਦੇਰ ਸੌਂ ਨਾ ਸਕਿਆ। ਉਸਨੇ ਬਲਰਾਜ ਸਾਹਨੀ ਦੇ ਨਾਂ ਤੇ ਇਕ ਕਵਿਤਾ ਲਿਖੀ ਅਤੇ ਉਸ ਰਾਤ ਉਨ੍ਹਾਂ ਨੂੰ ਡਾਕ 'ਚ ਭੇਜ ਦਿੱਤੀ। ਇਹ ਇਕ ਭਾਵਕ ਕਵਿਤਾ ਸੀ ਜਿਸ ਵਿਚ ਦੋਹਾਂ ਦੇਸ਼ਾਂ ਵਿੱਚੋਂ ਮਜਬੂਰੀ ਹਿਜਰਤ ਕਰਕੇ ਆਏ ਲੋਕਾਂ ਦੀਆਂ ਭਾਵਨਾਵਾਂ ਦਾ ਵਿਸ਼ਲੇਸ਼ਣ ਸੀ।

ਇਸ ਸਫ਼ਰਨਾਮੇ ਦੇ ਅੰਤ ਵਿਚ 'ਪੁਨਰਪੀ' ਅਧੀਨ ਬੰਬਈ ਵਿਖੇ 9 ਜੁਲਾਈ, 1967 ਨੂੰ ਨਿਕਲੇ ਜਲੂਸ ਦਾ ਵੇਰਵਾ ਪੇਸ਼ ਕੀਤਾ ਗਿਆ ਹੈ। ਇਸ ਜਲੂਸ ਵਿਚ ਬਲਰਾਜ ਸਾਹਨੀ ਨੇ ਅਲੀ ਸਰਦਾਰ ਜਾਫ਼ਰੀ, ਗੰਗਾ ਰਾਮ ਜੋਸ਼ੀ, ਕਾਮਰੇਡ ਸਾਬਿਰ

ਅਤੇ ਬੇਗਮ ਕਮਾਲ ਅਹਿਮਦ ਨਾਲ ਹਿੱਸਾ ਲਿਆ। ਉਹ ਲੋਕ ਮੁਸਲਮਾਨਾਂ ਨੂੰ ਅਰਬ ਵਿੱਚੋਂ ਕੱਢਣ ਵਿਰੁੱਧ ਜਲੂਸ ਕੱਢ ਰਹੇ ਸਨ। ਬਲਰਾਜ ਸਾਹਨੀ ਤਾਂ ਧਰਮ ਨਿਰਪੱਖ ਹੋ ਕੇ ਇਸ ਵਿਚ ਸ਼ਾਮਲ ਹੋਏ ਸਨ । ਜੋ ਲੋਕ ਉਲਾਰੂ ਭਾਸ਼ਨ ਦੇ ਰਹੇ ਸਨ ਉਹ ਬਲਰਾਜ ਸਾਹਨੀ ਨੂੰ ਉੱਕਾ ਪਸੰਦ ਨਾ ਆਏ ਅਤੇ ਜਦ ਬੇਗਮ ਕਮਾਲ ਅਹਿਮਦ ਨੇ ਫਿਰਕੂ ਸੋਚ ਵਾਲਿਆਂ ਦੀਆਂ ਧੱਜੀਆਂ ਉਡਾਈਆਂ, ਉਸ ਨੇ ਸਾਮਰਾਜੀ ਸਾਜਸ਼ਾਂ ਨੂੰ ਨੰਗਾ ਕੀਤਾ ਤਾਂ ਬਲਰਾਜ ਸਾਹਨੀ ਨੂੰ ਬਹੁਤ ਖੁਸ਼ੀ ਹੋਈ। ਉਸ ਦੇ ਭਾਸ਼ਨ ਨੂੰ ਸੁਣਨ ਲਈ ਹੋਰਨਾਂ ਫਿਰਕਿਆਂ ਦੇ ਲੋਕ ਹਿੰਦੂ, ਪਾਰਸੀ, ਸਿੱਖ ਵੀ ਸ਼ਾਮਲ ਹੋ ਗਏ। ਹੁਣ ਉਹ ਮੁਸਲਮਾਨਾਂ ਦਾ ਹੀ ਨਹੀਂ ਸਾਰੇ ਭਾਰਤੀਆਂ ਦਾ ਜਲਸਾ ਬਣ ਗਿਆ। ਬਲਰਾਜ ਸਾਹਨੀ ਨੇ ਬੇਗਮ ਕਮਾਲ ਅਹਿਮਦ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਇਹ ਸਫਰਨਾਮਾ ਉਸ ਨੂੰ ਸਮਰਪਿਤ ਕਰ ਦਿੱਤਾ।

ਬਲਰਾਜ ਸਾਹਨੀ ਨੇ 1962 ਈ. ਵਿਚ ਪਾਕਿਸਤਾਨ ਦਾ ਸਫ਼ਰ ਮੁਕਾਇਆ ਹਿੰਦੀ ਅਤੇ ਉਰਦੂ ਵਿਚ ਇਹ ਸਫਰਨਾਮਾ ਉਦੋਂ ਹੀ ਛਪ ਗਿਆ ਪਰ ਪੰਜਾਬੀ ਵਿਚ ਇਹ ਪਹਿਲੀ ਵਾਰ 1967 ਈ. ਵਿਚ ਪ੍ਰਕਾਸ਼ਿਤ ਹੋਇਆ। ਇਹ ਸਫ਼ਰਨਾਮਾ ਬਲਰਾਜ ਸਾਹਨੀ ਦੀ ਪਾਕਿਸਤਾਨ ਦੀ ਮਿੱਟੀ ਅਤੇ ਉਥੋਂ ਦੇ ਲੋਕਾਂ ਨਾਲ ਭਾਵਕ ਸਾਂਝ ਦਰਸਾਉਣ ਵਾਲਾ ਹੈ। ਬਲਰਾਜ ਸਾਹਨੀ ਦਾ ਵਿਚਾਰ ਸੀ ਕਿ ਜੇ ਪਾਕਿਸਤਾਨ ਅਤੇ ਭਾਰਤ ਦੀ ਰਾਜਨੀਤਕ ਸਾਂਝ ਨਹੀਂ ਬਣ ਸਕਦੀ ਤਾਂ ਸਭਿਆਚਾਰਕ ਸਾਂਝ ਤਾਂ ਕਾਇਮ ਰਹਿਣੀ ਚਾਹੀਦੀ ਹੈ। ਇਹ ਸਫਰਨਾਮਾ ਪੜ੍ਹਨ ਉਪਰੰਤ ਬਲਰਾਜ ਸਾਹਨੀ ਦੇ ਸੰਵੇਦਨਸ਼ੀਲ ਹੋਣ ਦਾ ਪਤਾ ਲਗਦਾ ਹੈ, ਉਨ੍ਹਾਂ ਦੀ ਪਾਕਿਸਤਾਨ ਦੇ ਲੋਕਾਂ ਅਤੇ ਉਥੋਂ ਦੀਆਂ ਥਾਂਵਾਂ ਨਾਲ ਭਾਵਕ ਸਾਂਝ ਬਾਰੇ ਜਾਣਕਾਰੀ ਮਿਲਦੀ ਹੈ। ਉਨ੍ਹਾਂ ਦੀ ਮਾਨਵਵਾਦੀ ਸੋਚ ਉਘੜਦੀ ਹੈ ਅਤੇ ਉਨ੍ਹਾਂ ਦੇ ਅਨੁਭਵੀ ਹੋਣ ਦੇ ਪ੍ਰਮਾਣ ਮਿਲਦੇ ਹਨ। ਇਸ ਸਫ਼ਰਨਾਮੇ ਦੇ ਅਧਿਐਨ ਤੋਂ ਬਾਅਦ ਇਹ ਤੱਥ ਵੀ ਸਪਸ਼ਟ ਹੁੰਦਾ ਹੈ ਕਿ ਬਲਰਾਜ ਸਾਹਨੀ ਨੇ ਛੋਟੀ ਤੋਂ ਛੋਟੀ ਘਟਨਾ ਬਾਰੇ ਭਾਵਕ ਜਾਂ ਬੌਧਿਕ ਪ੍ਰਤੀਕਰਮ ਦਿੱਤਾ ਹੈ। ਬਲਰਾਜ ਸਾਹਨੀ ਦੇ ਇਸ ਸਫਰਨਾਮੇ 'ਚੋਂ ਪਾਕਿਸਤਾਨ ਦੇ ਸਮਾਜੀ ਵਰਤਾਰੇ ਬਾਰੇ ਜਾਣਕਾਰੀ ਮਿਲਦੀ ਹੈ, ਉਥੋਂ

ਦੀਆਂ ਸਭਿਆਚਾਰਕ ਸਰਗਰਮੀਆਂ ਬਾਰੇ ਪਤਾ ਲਗਦਾ ਹੈ, ਉਥੋਂ ਦੇ ਸਰਕਾਰੀ ਅਧਿਕਾਰੀਆਂ ਦੇ ਵਿਵਹਾਰ ਬਾਰੇ ਪਤਾ ਲਗਦਾ ਹੈ, ਉਥੋਂ ਦੇ ਸਾਹਿਤਕਾਰਾਂ ਅਤੇ ਉਨ੍ਹਾਂ ਦੀਆਂ ਸਾਹਿਤਕ ਗਤੀਵਿਧੀਆਂ ਬਾਰੇ ਜਾਣਕਾਰੀ ਮਿਲਦੀ ਹੈ, ਉਥੋਂ ਦੇ ਫਿਲਮੀ ਅਦਾਕਾਰਾਂ, ਫਿਲਮ ਪ੍ਰੋਡਿਊਸਰਾਂ ਅਤੇ ਨਿਰਮਾਤਾਵਾਂ ਦੇ ਵਿਚਾਰਾਂ ਦਾ ਪਤਾ ਲਗਦਾ ਹੈ ਉਥੋਂ ਦੀਆਂ ਫਿਲਮਾਂ ਦੀ ਸਥਿਤੀ ਉਘੜਦੀ ਹੈ। ਬਲਰਾਜ ਸਾਹਨੀ ਦਾ ਸੁਭਾਅ ਅਤੇ ਉਨ੍ਹਾਂ ਦੀਆਂ ਰੁਚੀਆਂ ਵੀ ਇਸ ਸਫਰਨਾਮੇ 'ਚੋਂ ਦ੍ਰਿਸ਼ਟਮਾਨ ਹੁੰਦੀਆਂ ਹਨ। ਇਸ ਸਫਰਨਾਮੇ 'ਚੋਂ ਪਾਕਿਸਤਾਨ ਦੀ ਭੂਗੋਲਿਕ ਸਥਿਤੀ ਬਾਰੇ ਵੀ ਵਿਸਥਾਰ ਵਿਚ ਜਾਣਕਾਰੀ ਮਿਲਦੀ ਹੈ।

ਬਲਰਾਜ ਸਾਹਨੀ ਅਜੇ ਡੀ.ਏ.ਵੀ. ਕਾਲਜ ਰਾਵਲਪਿੰਡੀ ਵਿਖੇ ਐਫ.ਏ.ਦੇ ਵਿਦਿਆਰਥੀ ਹੀ ਸਨ ਕਿ ਉਨ੍ਹਾਂ ਨੇ ਮਾਰਕਸ ਦੀ ਪੜ੍ਹਾਈ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਜਿੰਨਾ ਕੁ ਮਾਰਕਸ ਪੜ੍ਹਿਆ ਉਸ 'ਚੋਂ ਉਨ੍ਹਾਂ ਦਾ ਵਿਸ਼ਵਾਸ਼ ਬਣਿਆ ਕਿ ਮਾਰਕਸ ਪੜ੍ਹਨ ਵਾਲਾ ਆਪਣੇ ਆਲੇ-ਦੁਆਲੇ ਨੂੰ ਚੰਗੇਰਾ ਬਣਾ ਸਕਦਾ ਹੈ, ਉਹ ਆਪਣੀ ਸੋਚਣੀ ਨਾਲ ਹੋਰਨਾਂ ਵਿਚ ਵੀ ਪਰਿਵਰਤਨ ਲਿਆ ਸਕਦਾ ਹੈ। ਬਲਰਾਜ ਸਾਹਨੀ ਦਾ ਸਾਰੀ ਉਮਰ IPTA ਨਾਲ ਜੁੜੇ ਰਹਿਣਾ ਵੀ ਇਸ ਗੱਲ ਦਾ ਪ੍ਰਮਾਣ ਹੈ ਕਿ ਉਹ ਸਮਾਜ ਵਿਚ ਆਰਥਕ ਸਮਾਨਤਾ ਕਾਇਮ ਕਰਨ ਦੇ ਸਮਰਥਕ ਸਨ । ਉਨ੍ਹਾਂ ਦਾ ਰੂਸ ਦੇ ਨਿਜ਼ਾਮ ਤੋਂ ਪ੍ਰਭਾਵਿਤ ਹੋਣਾ ਅਤੇ ਰੂਸ ਦਾ ਕਈ ਵਾਰ ਦੌਰਾ ਕਰਨਾ ਉਨ੍ਹਾਂ ਦੇ ਮਾਰਕਸਵਾਦੀ ਚਿੰਤਕ ਹੋਣ ਦਾ ਸਬੂਤ ਹੈ ।

ਬਲਰਾਜ ਸਾਹਨੀ ਨੇ ਰੂਸ ਦੀ ਪਹਿਲੀ ਯਾਤਰਾ 1954 ਈ. ਵਿਚ ਕੀਤੀ ਜਦੋਂ ਉਹ ਇਕ ਫਿਲਮ ਡੈਲੀਗੇਸ਼ਨ ਦੇ ਮੈਂਬਰ ਵਜੋਂ ਭਾਰਤੀ ਫਿਲਮ ਉਤਸਵ ਵਿਚ ਭਾਗ ਲੈਣ ਲਈ ਗਏ। ਉਨ੍ਹਾਂ ਦੀਆਂ ਫਿਲਮਾਂ ਦੋ ਬੀਘਾ ਜ਼ਮੀਨ ਅਤੇ ਰਾਜ ਕਪੂਰ ਦੀ ਫਿਲਮ ਅਵਾਰਾ ਉਸ ਉਤਸਵ ਵਿਚ ਵਿਖਾਈਆਂ ਗਈਆਂ। ਉਹ ਉਨ੍ਹਾਂ ਲੋਕਾਂ ਤੋਂ ਪ੍ਰਭਾਵਿਤ ਹੋ ਕੇ ਭਾਰਤ ਵਾਪਸ ਆਏ। ਦੂਸਰੀ ਵਾਰ ਉਹ 1956 ਈ. ਵਿਚ ਰੂਸ ਗਏ, ਉਸ ਤੋਂ ਬਾਅਦ ਉਨ੍ਹਾਂ ਨੂੰ 'ਪ੍ਰਦੇਸੀ' ਫਿਲਮ ਦੇ ਸਿਲਸਿਲੇ ਵਿਚ ਜਾਣਾ ਪਿਆ। 'ਪ੍ਰਦੇਸੀ' ਇੰਡੋ-ਸੋਵੀਅਤ

ਪ੍ਰੋਡਕਸ਼ਨ ਸੀ। ਇਹ ਫਿਲਮ 14ਵੀਂ ਸਦੀ ਦੇ ਰੂਸੀ ਵਿਉਪਾਰੀ ਅਫਨਾਸੀ ਨਿਕੀਤਿਨ ਦੀਆਂ ਜੀਵਨ ਘਟਨਾਵਾਂ ਤੇ ਆਧਾਰਤ ਸੀ। ਬਲਰਾਜ ਸਾਹਨੀ ਨੇ ਇਸ ਫਿਲਮ ਵਿਚ ਅਫ਼ਨਾਸੀ ਨਿਕੀਤਿਨ ਦੇ ਇਕ ਦੋਸਤ ਦਾ ਰੋਲ ਅਦਾ ਕੀਤਾ।

ਬਲਰਾਜ ਸਾਹਨੀ ਹਿੰਦ ਸੋਵੀਅਤ ਦੀਆਂ ਕਈ ਸਭਾਵਾਂ ਦੇ ਸਰਗਰਮ ਮੈਂਬਰ ਵੀ ਰਹੇ। ਉਹ ਹਿੰਦ ਸੋਵੀਅਤ ਕਲਚਰਲ ਸੋਸਾਇਟੀ ਦੇ ਉਪ ਪ੍ਰਧਾਨ ਰਹੇ। ਉਨ੍ਹਾਂ ਨੂੰ 1964 ਈ. ਵਿਚ ਇਸਕਸ ਦੇ ਨੁਮਾਇੰਦੇ ਵਜੋਂ ਸੋਸਾਇਟੀ ਦੀ ਜਨਰਲ ਸਕੱਤਰ ਸ੍ਰੀਮਤੀ ਦਿਲਸ਼ਾਦ ਚਾਰੀ ਦੇ ਇਸਰਾਰ ਕਰਨ ਤੇ ਰੂਸ ਜਾਣਾ ਪਿਆ। ਇਹ ਉਨ੍ਹਾਂ ਦੀ ਚੌਥੀ ਰੂਸ-ਫੇਰੀ ਸੀ । ਉਨ੍ਹਾਂ ਦੇ ਨਾਲ ਤੀਹਾਂ ਕੁ ਵਰ੍ਹਿਆਂ ਦਾ ਮਲਿਯਾਲੀ ਗੱਭਰੂ ਗੋਪਾਲਨ, ਸਿਤਾਰਾ ਜਿਲ੍ਹੇ ਦੇ ਕਰਾਡ ਸ਼ਹਿਰ ਵਿਚ ਪ੍ਰੈਕਟਿਸ ਕਰਨ ਵਾਲੇ ਡਾਕਟਰ ਦਾਤਾਰ ਅਤੇ ਪੰਜਾਬ ਕਾਂਗਰਸ ਦੇ ਉਪ ਪ੍ਰਧਾਨ, ਮੰਤਰੀ ਅਤੇ ਪਾਰਲੀਮੈਂਟ ਦੇ ਮੈਂਬਰ ਰਹਿ ਚੁਕੇ ਗਿਆਨੀ ਜ਼ੈਲ ਸਿੰਘ ਸਨ। ਉਨ੍ਹਾਂ ਸਭ ਨੇ ਦਿੱਲੀ ਤੋਂ ਮਾਸਕੋ ਲਈ ਹਵਾਈ ਜਹਾਜ਼ ਤੇ ਚੜ੍ਹਨ ਲੱਗਿਆ ਬਲਰਾਜ ਸਾਹਨੀ ਨੂੰ ਆਪਣੇ ਡੈਲੀਗੇਸ਼ਨ ਦਾ 1 ਲੀਡਰ ਬਣਾ ਲਿਆ। ਗਿਆਨੀ ਜ਼ੈਲ ਸਿੰਘ ਨੇ ਆਪ ਕਿਹਾ, ਬਲਰਾਜ ਜੀ, ਸਾਡੇ ਤਿੰਨਾਂ ਦੀ ਬੜੀ ਪ੍ਰਬਲ ਇੱਛਾ ਹੈ ਕਿ ਤੁਸੀਂ ਸਾਡੇ ਡੈਲੀਗੇਸ਼ਨ ਦੇ ਲੀਡਰ ਬਣਨਾ ਮਨਜ਼ੂਰ ਕਰ ਲਓ ।"[6]

ਬਲਰਾਜ ਸਾਹਨੀ ਨੇ ਆਪਣੇ ਰੂਸੀ ਸਫਰਨਾਮੇ ਵਿਚ ਬੰਬਈ ਤੋਂ ਚਲਣ ਸਮੇਂ ਤੋਂ ਲੈ ਕੇ ਰੂਸ ਦੀ ਸਾਰੀ ਯਾਤਰਾ ਦੇ ਵਿਰਵੇ ਨੂੰ ਦਿਲਚਸਪ ਢੰਗ ਨਾਲ ਦਰਸਾਇਆ ਹੈ। ਇਹ ਸਾਰੀ ਯਾਤਰਾ ਉਨ੍ਹਾਂ ਨੇ ਤਿੰਨ ਹਫ਼ਤਿਆਂ ਵਿਚ ਕੀਤੀ। ਰੂਸ ਜਾਣ ਤੋਂ ਪਹਿਲਾਂ ਬਲਰਾਜ ਸਾਹਨੀ ਨੇ ਆਪਣੇ ਨਵੇਂ ਘਰ ਵਿਚ ਆਪਣੀ ਪਤਨੀ ਸੰਤੋਸ਼, ਆਪਣੀ ਲੜਕੀ ਸ਼ਬਨਮ, ਉਸ ਦੀ ਸਹੇਲੀ ਮੀਨਾ ਅਤੇ ਆਪਣੇ ਮਾਸੀ ਦੇ ਲੜਕੇ ਵੇਦ ਨਾਲ ਜਾ ਕੇ ਦੀਵੇ ਜਗਾਏ। ਘਰ ਵਾਪਸ ਆ ਕੇ ਉਨ੍ਹਾਂ ਨੇ ਮਾਸਕੋ ਜਾਣ ਦੀ ਤਿਆਰੀ ਸ਼ੁਰੂ ਕੀਤੀ। ਲਿਉ ਟਾਲਸਟਾਇ ਦੀ ਸਹੇਲੀ ਨਤਾਸ਼ਾ ਜਿਸ ਦੀ ਪੰਜਾਬੀ ਵਿਚ ਬਹੁਤ ਦਿਲਚਸਪੀ ਸੀ ਉਸ ਵਾਸਤੇ ਸ਼ਿਵ ਕੁਮਾਰ ਦਾ ਕਾਵਿ-ਸੰਗ੍ਰਹਿ 'ਆਟੇ ਦੀਆਂ ਚਿੜੀਆਂ' ਅਤੇ ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ 'ਮੇਰਾ ਪਿੰਡ' ਰੱਖ ਲਈਆਂ। ਮਿਠਿਆਈ ਦੇ ਦੋ ਡੱਬੇ ਸੰਤੋਸ਼

ਨੂੰ ਦੇ ਦਿੱਤੇ ਅਤੇ ਇਕ ਡੱਬਾ ਆਚਾਰ ਦਾ ਪ੍ਰੀਕਸ਼ਤ ਲਈ ਦਿੱਤਾ। ਪ੍ਰੀਕਸ਼ਤ ਉਨ੍ਹਾਂ ਦਿਨਾਂ ਵਿਚ ਮਾਸਕੋ ਗਿਆ ਹੋਇਆ ਸੀ। ਬਲਰਾਜ ਸਾਹਨੀ ਅਫੜਾ ਦਫੜੀ ਵਿਚ ਮਾਸਕੋ ਲਈ ਰਾਵਾਨਾ ਹੋਏ। ਸੰਤੋਸ਼ ਨੇ ਸਤਵੰਤੀ ਸੁਹਜ ਨਾਲ ਉਨ੍ਹਾਂ ਨੂੰ ਸਫ਼ਰ ਲਈ ਸ਼ੁਭਕਾਮਨਾਵਾਂ ਦਿੱਤੀਆਂ, "ਅੱਜ ਬੜਾ ਮੁਬਾਰਕ ਦਿਨ ਹੈ। ਇਕ ਦਿਵਾਲੀ, ਦੂਜਾ ਸ਼ਬਨਮ ਦਾ ਜਨਮ ਦਿਨ, ਤੀਜਾ ਕੁਝ ਘੰਟਿਆਂ ਅੰਦਰ ਪ੍ਰੀਕਸ਼ਤ ਨੂੰ ਜਾ ਮਿਲਾਂਗੇ । ਸ਼ਾਲਾ ! ਤੁਹਾਡਾ ਸਫਰ ਵੀ ਹਰ ਤਰ੍ਹਾਂ ਨਾਲ ਸੁਖਾਲਾ ਤੇ ਸਫ਼ਲ ਹੋਵੇ।"

ਦਿੱਲੀ ਤੋਂ ਮਾਸਕੋ ਜਾ ਰਹੇ ਹਵਾਈ ਜਹਾਜ਼ ਵਿਚ ਸਫਰ ਕਰਦਿਆਂ ਜਦ ਬਲਰਾਜ ਸਾਹਨੀ ਨੂੰ ਸੂਚਨਾ ਮਿਲੀ ਕਿ ਉਨ੍ਹਾਂ ਦਾ ਹਵਾਈ ਜਹਾਜ਼ ਪਾਕਿਸਤਾਨ ਤੋਂ ਲੰਘ ਰਿਹਾ ਹੈ ਤਾਂ ਉਨ੍ਹਾਂ ਨੇ ਆਪਣੀ ਮਾਤ ਭੂਮੀ ਰਾਵਲਪਿੰਡੀ ਨੂੰ ਦੇਖਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਭੇਰਾ ਅਤੇ ਲਾਹੌਰ ਦੀ ਯਾਦ ਆਈ। ਉਨ੍ਹਾਂ ਨੇ ਆਪਣਾ ਧਿਆਨ ਦੂਸਰੇ ਪਾਸੇ ਲਾਉਣ ਲਈ ਪ੍ਰਕਿਰਤਕ ਨਜ਼ਾਰੇ ਦੇਖਣੇ ਸ਼ੁਰੂ ਕੀਤੇ। ਉਨ੍ਹਾਂ ਦੇ ਜਿਹਨ ਵਿਚ ਬੱਦਲਾਂ ਦੇ ਦ੍ਰਿਸ਼ਾਂ ਨਾਲ ਮਹਾਂਕਵੀ ਕਾਲੀਦਾਸ ਦਾ ਬਿੰਬ ਵੀ ਉਭਰਿਆ 'ਹੋਰ ਅੱਗੇ ਜਾ ਕੇ ਫੁਟੀਆਂ ਮਿਲਣੀਆਂ ਅਤੇ ਇੱਕੋ ਤਿੱਤਰ-ਖੰਭੀ ਬਦਲੀ ਦਾ ਰੂਪ ਧਾਰਨ ਕਰਨੀਆਂ ਸ਼ੁਰੂ ਹੋ ਗਈਆਂ। ਸ਼ਾਇਦ ਏਰਲ ਸਾਗਰ ਨੂੰ ਇਨ੍ਹਾਂ ਨੇ ਹੀ ਆਪਣੇ ਆਂਚਲ ਵਿਚ ਛੁਪਾ ਲਿਆ। ਕਦੇ ਕਦੇ ਇਨ੍ਹਾਂ ਬੱਦਲਾਂ ਦੀ ਹਿੱਕ ਉਪਰ ਸੂਰਜ ਦੀ ਟਿੱਕੀ ਦਾ ਅਕਸ ਛਲਕ ਪੈਂਦਾ। ਬੱਦਲਾਂ ਨੂੰ ਮੂੰਹ ਉਤਾਂਹ ਚੁੱਕ ਕੇ ਵੇਖਣ ਦੇ ਦਿਨਾਂ ਤੀਕਰ ਹੀ ਸ਼ਾਇਰਾਂ ਦੇ ਮਨ ਵਿਚ ਉਨ੍ਹਾਂ ਦਾ ਰੋਮਾਂਟਿਕ ਤਸੱਵਰ ਕਾਇਮ ਰਿਹਾ। ਜਦੋਂ ਆਪ ਬੱਦਲਾਂ ਤੋਂ ਉਪਰ ਉਡੱਣਾ ਸ਼ੁਰੂ ਕਰ ਦਿੱਤਾ ਤਾਂ ਦਿਲ ਵਿਚ ਉਨ੍ਹਾਂ ਲਈ ਇੱਜ਼ਤ ਹੀ ਕੀ ਰਹਿ ਜਾਣੀ ਸੀ। ਜੇ ਕਾਲੀਦਾਸ ਆਪ ਉਡ ਸਕਦਾ ਹੁੰਦਾ ਤਾਂ ਉਨ੍ਹਾਂ ਕਦੇ ਮੇਘਦੂਤ ਨਹੀਂ ਸੀ ਲਿਖਣਾ ।"[8]

ਮਾਸਕੋ ਪਹੁੰਚ ਕੇ ਉਨ੍ਹਾਂ ਨੂੰ ਤਾਪਮਾਨ ਵਿਚ ਕਾਫ਼ੀ ਫਰਕ ਲੱਗਾ। ਉਥੇ ਬਹੁਤ ਠੰਢ ਸੀ। ਰੂਸੀ ਮੇਜ਼ਬਾਨਾਂ ਵਿਚ ਕੁਝ ਵਿਅਕਤੀ ਤਾਂ ਬਲਰਾਜ ਸਾਹਨੀ ਦੇ ਪਹਿਲਾਂ ਹੀ ਵਾਕਫ ਸਨ ਜਿਵੇਂ ਪ੍ਰੋਫੈਸਰ ਦਿਆਕਾਫ਼ ਅਤੇ ਮਿਸਟਰ ਯਾਕਨਿਨ। ਉਨ੍ਹਾਂ ਨੂੰ ਫੁੱਲਾਂ ਦੇ ਗੁਲਦਸਤੇ ਦੇ ਕੇ ਹਵਾਈ ਅੱਡੇ ਤੇ ਉਨ੍ਹਾਂ ਦਾ ਸੁਆਗਤ ਕੀਤਾ। ਉਨ੍ਹਾਂ ਨੂੰ ਇਹ ਵੀ

ਮਹਿਸੂਸ ਹੋਇਆ ਕਿ ਉਹ ਤੇ ਡਾਕਟਰ ਦਾਤਾਰ ਏਨੀ ਠੰਢ ਵਿਚ ਬਿਨ੍ਹਾਂ ਓਵਰਕੋਟ ਗਏ ਸਨ। ਪ੍ਰਬੰਧਕਾਂ ਨੇ ਉਨ੍ਹਾਂ ਲਈ ਓਵਰਕੋਟਾਂ ਦਾ ਬੰਦੋਬਸਤ ਕਰਨ ਵਲ ਸੰਕੇਤ ਕੀਤਾ ਪਰ ਪ੍ਰੀਕਸ਼ਤ ਨੇ ਆਪਣੇ ਪਿਤਾ ਬਲਰਾਜ ਸਾਹਨੀ ਨੂੰ ਓਵਰਕੋਟ ਲੈਣ ਤੋਂ ਮਨ੍ਹਾ ਕਰ ਦਿੱਤਾ। ਉਨ੍ਹਾਂ ਦੇ ਦੋ-ਭਾਸ਼ੀਏ ਦਾ ਨਾਂ ਗਲੋਬੇਫ ਸੀ। ਉਹ ਮੋਟਰ ਵਿਚ ਉਨ੍ਹਾਂ ਸਭ ਨੂੰ ਯੁਕਮਈਨਾ ਹੋਟਲ ਵਿਚ ਲੈ ਗਿਆ। ਉਨ੍ਹਾਂ ਨੇ ਕੁਝ ਇਮਾਰਤਾਂ ਤੇ ਲਾਲ ਝੰਡਿਆਂ, ਝੰਡੀਆਂ ਅਤੇ ਮਾਰਕਸ, ਲੈਨਿਲ, ਏਂਗਲਜ਼, ਕੋਸੀਗਿਨ ਅਤੇ ਬ੍ਰਿਜ਼ਨੇਵ ਆਦਿ ਲੀਡਰਾਂ ਦੀਆਂ ਤਸਵੀਰਾਂ ਨਾਲ ਸਜਾਵਟ ਕੀਤੀ ਦੇਖੀ। ਉਹ ਸਰਕਾਰੀ ਇਮਾਰਤਾਂ ਤੇ ਨਹੀਂ ਸਗੋਂ ਰਿਹਾਇਸ਼ੀ ਮਕਾਨਾਂ ਤੇ ਲਗੀਆਂ ਹੋਈਆਂ ਸਨ । ਬਲਰਾਜ ਸਾਹਨੀ ਨੇ ਪ੍ਰੀਕਸ਼ਤ ਕੋਲੋਂ ਖਰੂਸ਼ਚੋਵ ਦਾ ਪਲੜਾ ਉਲਟਣ ਬਾਰੇ ਪੁਛਿਆ ਤਾਂ ਪ੍ਰੀਕਸ਼ਤ ਨੇ ਦੱਸਿਆ ਕਿ ਉਸ ਦੀਆਂ ਅੰਦਰੂਨੀ ਨੀਤੀਆਂ ਕਾਰਨ ਅਜਿਹਾ ਹੋਇਆ ਹੈ। ਉਨ੍ਹਾਂ ਸਭ ਨੂੰ ਮਾਸਕੋ ਦੇ ਸਕਰਾਈਨਾ ਹੋਟਲ ਵਿਚ ਠਹਿਰਾ ਦਿੱਤਾ ਗਿਆ। ਗਿਆਨੀ ਜ਼ੈਲ ਸਿੰਘ ਗਲੋਬੇਫ਼ ਨੂੰ ਸਾਰੀ ਸੈਰ ਦੌਰਾਨ ਕਬੂਤਰ ਭਈਆ ਕਹਿ ਕੇ ਬੁਲਾਂਦੇ ਰਹੇ ਕਿਉਂਕਿ ਉਸ ਨੇ ਆਪ ਦਸਿਆ ਸੀ ਕਿ ਰੂਸੀ ਜ਼ਬਾਨ ਵਿਚ ਗਲੋਬੇਫ ਨੂੰ ਕਬੂਤਰ ਕਹਿੰਦੇ ਹਨ।

ਉਹ ਸ਼ਾਮ ਨੂੰ 'ਦੋਸਤੀ ਭਵਨ' ਵਿਚ ਪਹੁੰਚੇ ਜਿੱਥੇ ਹੋਰਨਾਂ ਮੁਲਕਾਂ ਦੇ ਨੁਮਾਇੰਦੇ ਵੀ ਪਹੁੰਚੇ ਹੋਏ ਸਨ। ਉਥੇ ਸਭ ਨੂੰ ਇਸਕਸ ਦੇ ਮੰਤਵਾਂ ਬਾਰੇ ਦਸਿਆ ਗਿਆ। ਇਸਕਸ ਦਾ ਮੁੱਖ ਦਫ਼ਤਰ ਮਾਸਕੋ ਵਿਖੇ 'ਦੋਸਤੀ ਭਵਨ' ਵਿਚ ਹੈ। ਉਥੇ 15 ਅਲਗ-ਅਲਗ ਵਿਭਾਗ ਹਨ। ਉਸ ਦਾ ਆਪਣਾ ਸਿਨਮਾ ਹਾਲ ਵੀ ਉਸੇ ਇਮਾਰਤ ਵਿਚ ਹੈ। ਕੇਂਦਰੀ ਸੰਸਥਾ ਆਪਣੀਆਂ ਦੋ ਪੱਤਰਕਾਵਾਂ ਕੱਢਦੀ ਹੈ। ਇਕ 'ਮਾਸਕੋ ਸਮਾਚਾਰ' ਜੋ ਰੂਸੀ ਭਾਸ਼ਾ ਤੋਂ ਇਲਾਵਾ ਅੰਗ੍ਰੇਜ਼ੀ ਵਿਚ ਵੀ ਪ੍ਰਕਾਸ਼ਿਤ ਹੁੰਦੀ ਹੈ ਅਤੇ ਦੂਜੀ 'ਸੰਸਕ੍ਰਿਤੀ ਅਤੇ ਜੀਵਨ'। ਇਸ ਸੰਸਥਾ ਦਾ ਵਧੇਰੇ ਕੰਮ ਨਿਰਵੇਤਨ ਸੇਵਕ ਚਲਾਉਂਦੇ ਹਨ। ਬਲਰਾਜ ਸਾਹਨੀ ਨੇ ਕੁਝ ਮਿੰਟਾਂ ਵਿੱਚ ਸੰਸਥਾ ਦੇ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਉਸ ਕਾਨਫਰੰਸ ਵਿਚ ਨਿਮੰਤਰਤ ਕੀਤਾ ਸੀ। ਗਿਆਨੀ ਜ਼ੈਲ ਸਿੰਘ ਨੇ ਵੀ ਪ੍ਰਭਾਵਮਈ ਤਕਰੀਰ ਕੀਤੀ। ਉਹ ਸੈਸ਼ਨ ਦੇਰ ਰਾਤ ਤੱਕ ਚਲਿਆ ਅਤੇ ਹੋਟਲ ਵਿਚ ਵਾਪਸ

ਆਉਣ ਤੇ ਵੀ ਬਲਰਾਜ ਸਾਹਨੀ ਨੂੰ ਆਪਣੀ ਬੇਟੀ ਸ਼ਬਨਮ ਦਾ ਜਨਮ ਦਿਨ ਮਨਾਉਣ ਦੀ ਯਾਦ ਆਉਂਦੀ ਰਹੀ।

ਉਸ ਤੋਂ ਬਾਅਦ ਉਨ੍ਹਾਂ ਨੇ ਮਾਸਕੋ ਸ਼ਹਿਰ ਦੀ ਸੈਰ ਕੀਤੀ। ਉਹ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਲੜਕੀ ਅਨੁਸੁਈਆ ਨੂੰ ਵੀ ਮਿਲੇ । ਉਨ੍ਹਾਂ ਨੇ ਉਥੋਂ ਦਾ ਇਨਕਲਾਬ ਅਜਾਇਬ ਘਰ ਵੀ ਵੇਖਿਆ, ਉਨ੍ਹਾਂ ਨੇ ਕਲਾਰਾ ਜ਼ੈਟਕਿਨ ਸਿਲਾਈ ਫੈਕਟਰੀ ਵੀ ਵੇਖੀ, ਉਨ੍ਹਾਂ ਨੇ ਮਾਸਕੋ ਯੂਨੀਵਰਸਿਟੀ ਦੀ ਸੈਰ ਵੀ ਕੀਤੀ ਜੋ ਚਾਲੀ ਮੰਜ਼ਲੀ ਬਿਲਡਿੰਗ ਵਿਚ ਹੈ। ਉਨ੍ਹਾਂ ਨੂੰ ਇਹ ਵੀ ਪਤਾ ਲੱਗਾ ਕਿ ਮਾਸਕੋ ਯੂਨੀਵਰਸਿਟੀ ਦੀ ਨੀਂਹ ਵਿਸ਼ਵ ਪ੍ਰਸਿੱਧ ਵਿਗਿਆਨੀ ਲੈਮੋਨੋਸੋਫ਼ ਨੇ 1755 ਈ. ਵਿਚ ਰੱਖੀ ਸੀ । ਹੁਣ ਉਸ ਯੂਨੀਵਰਸਿਟੀ ਵਿਚ 14 ਵਿਸ਼ਿਆਂ ਵਿਚ ਪੜ੍ਹਾਈ ਕਰਵਾਈ ਜਾਂਦੀ ਹੈ। ਇਹ ਨਵੀਂ ਇਮਾਰਤ 1948 ਈ. ਵਿਚ ਬਣਨੀ ਸ਼ੁਰੂ ਹੋਈ ਅਤੇ 1953 ਈ. ਵਿਚ ਪੂਰੀ ਹੋਈ। ਉਸ ਯੂਨੀਵਰਸਿਟੀ ਵਿਚ 30 ਹਜ਼ਾਰ ਦੇ ਕਰੀਬ ਵਿਦਿਆਰਥੀ ਹਨ। ਉਥੇ ਵਿਸ਼ਵ ਦੇ 95 ਦੇਸ਼ਾਂ ਵਿੱਚੋਂ ਵਿਦਿਆਰਥੀ ਆ ਕੇ ਸਿੱਖਿਆ ਲੈ ਰਹੇ ਸਨ। ਉਸ ਇਮਾਰਤ ਵਿਚ 48000 ਹਜ਼ਾਰ ਕਮਰੇ ਹਨ। ਉਨ੍ਹਾਂ ਨੇ ਇਕ ਪਬਲਿਕ ਮੀਟਿੰਗ ਵਿਚ ਵੀ ਹਿੱਸਾ ਲਿਆ ਜਿੱਥੋਂ ਉਨ੍ਹਾਂ ਨੂੰ ਰੂਸ ਦੇ ਇਤਿਹਾਸ ਬਾਰੇ ਕਾਫ਼ੀ ਜਾਣਕਾਰੀ ਮਿਲੀ। ਉਨ੍ਹਾਂ ਨੇ ਇਨਕਲਾਬ ਪਰੇਡ ਵੀ ਵੇਖੀ। ਰੂਸੀ ਇਨਕਲਾਬ ਦੀ ਵਰ੍ਹੇ-ਗੰਢ ਕੇਵਲ ਰੂਸੀਆਂ ਲਈ ਨਹੀਂ ਸਗੋਂ ਸਾਰੇ ਸੰਸਾਰ ਦੇ ਪੀੜਤਾਂ ਲਈ ਖੁਸ਼ੀ ਦਾ ਦਿਨ ਹੁੰਦਾ ਹੈ। ਉਹ ਮਾਸਕੋ ਰੇਡੀਓ ਸਟੇਸ਼ਨ ਤੇ ਵੀ ਗਏ। ਉਨ੍ਹਾਂ ਚਹੁੰਆਂ ਨੇ ਉਥੇ ਆਪੋ ਆਪਣੀ ਤਕਰੀਰ ਰਿਕਾਰਡ ਕਰਵਾਈ। ਫਿਰ ਉਹ ਗਲੋਬੇਫ਼ ਦੀ ਅਗਵਾਈ ਵਿਚ ਕਈ ਰਮਣੀਕ ਥਾਵਾਂ ਤੇ ਘੁੰਮੇ। ਉਨ੍ਹਾਂ ਨੇ ਪ੍ਰੀਕਸ਼ਤ ਨਾਲ ਸੋਵੀਅਤ ਫਿਲਮ ਹੈਮਲੈਟ ਵੇਖੀ। ਉਨ੍ਹਾਂ ਨੇ ਖੇਤੀ ਨੁਮਾਇਸ਼ ਵੀ ਵੇਖੀ। ਉਥੋਂ ਦੀ ਗਾਇਡ ਨੇ ਉਨ੍ਹਾਂ ਨੂੰ ਦੱਸਿਆ ਕਿ ਸੋਵੀਅਤ ਯੂਨੀਅਨ ਵਿਚ ਚਾਰ ਲੱਖ ਸੱਠ ਹਜ਼ਾਰ ਡਾਕਟਰ ਹਨ। ਉਥੇ 50 ਸਾਲ ਦੀ ਔਰਤ ਅਤੇ 60 ਸਾਲ ਦੇ ਮਰਦ ਨੂੰ ਪੈਨਸ਼ਨ ਮਿਲਣੀ ਸ਼ੁਰੂ ਹੋ ਜਾਂਦੀ ਹੈ । ਡਾਕਟਰ ਦਾਤਾਰ ਨੇ ਬਰਫ਼ ਤੇ ਘੁੰਮ ਕੇ ਆਨੰਦ ਲਿਆ।

ਉਥੋਂ ਉਹ ਦੇਸ਼ ਮੋਲਦਾਵੀਆ ਵਲ ਗਏ ਤੇ ਫੇਰ ਵਿਮਾਨ ਵਿਚ ਬੈਠ ਕੇ ਕਿਸ਼ਨੇਫ ਪਹੁੰਚੇ। ਉਥੇ ਵੀ ਉਨ੍ਹਾਂ ਦੇ ਠਹਿਰਣ ਦਾ ਪ੍ਰਬੰਧ ਇਕ ਹੋਟਲ ਵਿਚ ਕੀਤਾ ਗਿਆ। ਉਨ੍ਹਾਂ ਨੇ ਮੋਲਦਾਵੀਆ ਦੇ ਪ੍ਰੈਜ਼ੀਡੈਂਟ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੂੰ ਪਤਾ ਲੱਗਾ ਕਿ ਮੋਲਦਾਵੀਆ ਨੂੰ ਰੂਸ ਦਾ ਹਿੱਸਾ ਬਣਿਆ 52 ਸਾਲ ਹੋ ਗਏ ਹਨ। ਜ਼ਾਰ ਨੇ ਉਨ੍ਹਾਂ ਨੂੰ ਸੁਤੰਤਰ ਕਰਵਾਇਆ ਸੀ। ਉਥੇ ਇਕ ਯੂਨੀਵਰਸਿਟੀ ਵੀ ਤਿਆਰ ਹੋ ਰਹੀ ਸੀ। ਸਾਇੰਸ ਅਤੇ ਇੰਜੀਨੀਅਰਿੰਗ ਇੰਸਟੀਚਿਊਟ ਦੀ ਇਮਾਰਤ ਵੀ ਬਣ ਰਹੀ ਸੀ । ਉਨ੍ਹਾਂ ਨੂੰ ਇਹ ਵੀ ਪਤਾ ਲਗਾ ਕਿ ਉਥੇ ਚੋਣਾਂ ਕਿਵੇਂ ਹੁੰਦੀਆਂ ਹਨ। ਉਹ ਮੂਰਤੀਕਾਰ ਦੁਧਿਨਾਵਸਕੀ ਦੀ ਕਲਾਕਾਰ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਨੇ ਮਿਚੂਰਿਨ ਸਾਂਝਾ ਫਾਰਮ ਵੀ ਵੇਖਿਆ ਜਿਥੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਥੇ ਆਮਦਨੀ ਦਾ ਮੁੱਖ ਸਾਧਨ ਅੰਗੂਰ ਹਨ। ਉਨ੍ਹਾਂ ਤੋਂ 30 ਲੱਖ ਦੇ ਆਸ ਪਾਸ ਆਮਦਨ ਹੁੰਦੀ ਹੈ। ਉਨ੍ਹਾਂ ਨੂੰ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਜਦੋਂ ਦੇਸ਼ ਵਿਚ ਆਮ ਚੋਣਾਂ ਹੁੰਦੀਆਂ ਹਨ ਉਦੋਂ ਹੀ ਪਿੰਡ ਪੰਚਾਇਤ ਦੀਆਂ ਚੋਣਾਂ ਵੀ ਕਰਵਾ ਦਿੱਤੀਆਂ ਜਾਂਦੀਆਂ ਹਨ। ਉਥੇ ਸੌ ਆਦਮੀ ਪਿੱਛੇ ਇਕ ਪਿੰਡ ਪੰਚਾਇਤ/ਇਲਾਕਾ ਪੰਚਾਇਤ ਦਾ ਮੈਂਬਰ ਚੁਣਿਆ ਜਾਂਦਾ ਹੈ। ਉਨ੍ਹਾਂ ਨੇ ਪਿੰਡ ਦੇ ਲੋਕਾਂ ਨੂੰ ਮਿਲਣਾ ਚਾਹਿਆ ਤਾਂ ਉਨ੍ਹਾਂ ਦੀ ਇਹ ਇੱਛਾ ਵੀ ਪੂਰੀ ਕੀਤੀ ਗਈ। ਉਹ ਪਹਿਲੇ ਘਰ 80 ਵਰ੍ਹਿਆਂ ਦੇ ਬੁੱਢੇ ਨੂੰ ਮਿਲ ਕੇ ਬਹੁਤ ਖੁਸ਼ ਹੋਏ ਉਸ ਦੀ ਕਾਠੀ ਅਜੇ ਮਜ਼ਬੂਤ ਸੀ। ਬੁੱਢੜੀ ਦੀ ਪੁਸ਼ਾਕ ਕਸ਼ਮੀਰਨਾ ਜਾਂ ਪਠਾਣਾਂ ਨਾਲ ਮੇਲ ਖਾਂਦੀ ਸੀ । ਬੁੱਢੜੀ ਨੇ ਉਨ੍ਹਾਂ ਨੂੰ ਘਰ ਦੀ ਬਣੀ ਅੰਗੂਰੀ ਸ਼ਰਾਬ ਦੇ ਪਿਆਲੇ ਦਿੱਤੇ ਪਰ ਗਿਆਨੀ ਜੀ ਅਤੇ ਡਾਕਟਰ ਦਾਤਾਰ ਦੇ ਨਾ ਨੁਕਰ ਕਰਨ ਤੇ ਉਸ ਨੇ ਕਿਹਾ ਕਿ ਜੇ ਉਹ ਨਾ ਪੀਣਗੇ ਤਾਂ ਬਦਸ਼ਗਨੀ ਹੋਵੇਗੀ। ਉਨ੍ਹਾਂ ਦੋਹਾਂ ਨੂੰ ਮਜ਼ਬੂਰਨ ਪੀਣੀ ਪਈ। ਇਸ ਡੈਲੀਗੇਸ਼ਨ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਦਾ ਸਲੂਕ ਭਾਰਤ ਦੇ ਦਿਹਾਤੀ ਲੋਕਾਂ ਵਾਲਾ ਨਿੱਘਾ ਅਤੇ ਨਿਰਮਲ ਸੀ। ਉਨ੍ਹਾਂ ਨੂੰ 'ਦੋਸਤੀ ਭਵਨ' ਵਿਚ ਦਿੱਤੀ ਵਿਦਾਇਗੀ ਪਾਰਟੀ ਵੀ ਨਾ ਭੁੱਲਣ ਵਾਲਾ ਦ੍ਰਿਸ਼ ਬਣ ਗਈ।

ਉਸ ਤੋਂ ਬਾਅਦ ਉਹ ਲੈਨਿਨ ਗਰਾਡ ਗਏ। ਉਨ੍ਹਾਂ ਦਾ ਪ੍ਰੋਫੈਸਰ ਬਾਰਾਨਿਕਾਫ਼ ਨੇ ਨਿੱਘਾ ਸੁਆਗਤ ਕੀਤਾ। ਪ੍ਰੋਫੈਸਰ ਬਾਰਾਨਿਕਾਫ਼ ਸੰਸਕ੍ਰਿਤ, ਹਿੰਦੀ ਦੇ ਵਿਦਵਾਨ ਸਨ। ਉਨ੍ਹਾਂ ਨੂੰ ਪਤਾ ਲੱਗਾ ਕਿ ਇਨਕਲਾਬ ਤੋਂ ਬਾਅਦ ਪੀਟਰਗਰਾਡ ਦਾ ਨਾਂ ਲੈਨਿਨਗਰਾਡ ਪਿਆ ਸੀ। ਉਨ੍ਹਾਂ ਨੂੰ ਰੂਸੀ ਫਿਲਮੀ ਅਦਾਕਾਰ ਚਰਖਾਸ਼ਾਫ਼ ਨੇ ਵੀ ਪ੍ਰਭਾਵਿਤ ਕੀਤਾ। ਚਰਖਾਸ਼ਾਫ ਨੇ ਪ੍ਰਸਿੱਧ ਫਿਲਮਾਂ 'ਅਲੈਗਜਾਂਡਰ ਨੈਵਕਸੀ', 'ਮਾਂ' ਅਤੇ 'ਜ਼ਾਰ ਇਵਾਨ' ਵਿਚ ਹੀਰੋ ਦਾ ਰੋਲ ਅਦਾ ਕੀਤਾ ਸੀ।

ਉਹ ਪੰਜਾਬੀ ਵਿਚ ਦਿਲਚਸਪੀ ਰੱਖਣ ਵਾਲੀ ਨਤਾਸ਼ਾ ਨੂੰ ਵੀ ਮਿਲੇ। ਗਿਆਨੀ ਜ਼ੈਲ ਸਿੰਘ ਨਤਾਸ਼ਾ ਤੋਂ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਹੋਏ ਕਿਉਂਕਿ ਉਸ ਨੇ ਪ੍ਰੋਫੈਸਰ ਮੋਹਨ ਸਿੰਘ ਦੀਆਂ ਕਈ ਕਵਿਤਾਵਾਂ ਜ਼ਬਾਨੀ ਸੁਣਾ ਦਿੱਤੀਆਂ ਸਨ। ਉਨ੍ਹਾਂ ਨੇ ਆਪਣੇ ਸਫਰ ਦੌਰਾਨ ਇਹ ਵੀ ਦੇਖਿਆ ਕਿ ਪੰਡਤ ਜਵਾਹਰ ਲਾਲ ਨਹਿਰੂ ਦਾ ਜਨਮ ਦਿਨ 14 ਨਵੰਬਰ ਨੂੰ ਰੂਸ ਵਿਚ ਵੀ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਉਸ ਤੋਂ ਬਾਅਦ ਉਨ੍ਹਾਂ ਨੇ ਆਈਜ਼ਰਬਾਈਜਾਨ ਦੀ ਰਾਜਧਾਨੀ ਧਾਕੂ ਦੀ ਸੈਰ ਕੀਤੀ। ਉਥੇ ਸੋਵੀਅਤ ਦੇ ਤੇਲ ਦੇ ਜ਼ਖ਼ੀਰੇ ਹਨ ਅਤੇ ਉਥੇ ਵਧੇਰੇ ਵਸੋਂ ਮੁਸਲਮਾਨਾਂ ਦੀ ਹੈ। ਉਥੋਂ ਦੀ ਇੰਡਸਟਰੀ ਅਤੇ ਸੰਸਕ੍ਰਿਤੀ ਬਾਰੇ ਉਨ੍ਹਾਂ ਨੂੰ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ। ਸੋਵੀਅਤ-ਹਿੰਦ-ਦੋਸਤੀ ਦੇ ਅਹੁਦੇਦਾਰਾਂ ਤੋਫ਼ੀਕ ਕੁਲੀਏਵ, ਮਿਸਟਰ ਰਾਫਿਜ਼ ਅਤੇ ਮਿਸਟਰ ਜੱਬਾਰ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਨੇ ਆਈਜ਼ਰਬਾਈਜਾਨ ਦਾ ਨਵਾਂ ਸਨਅੱਤੀ ਸ਼ਹਿਰ ਸੁਮਗਾਈਡ ਵੀ ਘੁੰਮਿਆ। ਉਥੇ ਮਜ਼ਦੂਰਾਂ ਦੇ ਫਲੈਟ ਮਾਸਕੋ ਦੇ ਮਜ਼ਦੂਰਾਂ ਵਰਗੇ ਬਣੇ ਹੋਏ ਹਨ। ਉਨ੍ਹਾਂ ਵਿਚ ਸਾਰੀਆਂ ਸਹੂਲਤਾਂ ਹਨ। ਉਥੇ ਜਾਤੀ ਜ਼ਮੀਨ ਜਾਇਦਾਦ ਕਿਸੇ ਦੀ ਨਹੀਂ, ਉਨ੍ਹਾਂ ਨੂੰ ਰਾਤ ਦੇ ਖਾਣੇ ਸਮੇਂ ਰੈਸਤਰਾਂ ਵਿਚ ਲੋਕਾਂ ਦਾ ਇਕੱਠ ਇੱਕ ਬਾਗ਼ ਵਾਂਗ ਲੱਗਾ ਜਿਸ ਵਿਚ ਵੱਖਰੇ-ਵੱਖਰੇ ਫੁੱਲ ਹੁੰਦੇ ਹਨ। ਗਿਆਨੀ ਜ਼ੈਲ ਸਿੰਘ ਨੇ ਦੋ-ਭਾਸ਼ੀਏ ਗਲੋਬੇਫ਼ ਨੂੰ ਕਿਹਾ," ਅਰੇ ਕਬੂਤਰ ਭਈਆ, ਯਿਹ ਸਭ ਪਬਲਿਕ ਗਾਰਡਨ ਕੇ ਫਲਾਵਰ ਹੈਂ। ਆਪਣੇ ਗਮਲੇ ਮੇਂ ਫੂਲ ਲਗਾ ਹੈ ਉਸੇ ਤੋੜ ਸਕਤੇ ਹੈਂ," ਮਰੋੜ ਸਕਤੇ ਹੈਂ। ਮਗਰ ਪਬਲਿਕ ਗਾਰਡਨ ਮੇਂ ਤੋਂ ਫੂਲੋਂ ਕੋ

ਹਾਥ ਲਗਾਨੇ ਕਾ ਕਿਸੀ ਕੋ ਅਖਤਿਆਰ ਨਹੀਂ ਹੋਤਾ।" ਉਥੋਂ ਦੇ ਲੋਕ ਦੁੱਧ ਤੋਂ ਬਗ਼ੈਰ ਚਾਹ ਪੀ ਕੇ ਖੁਸ਼ ਹੁੰਦੇ ਹਨ। ਉਨ੍ਹਾਂ ਦਾ ਤਾਂ ਇਹ ਵੀ ਵਿਸ਼ਵਾਸ਼ ਹੈ ਕਿ ਆਈਜ਼ਰਬਾਈਜਾਨੀ ਜ਼ਿਆਦਾ ਚਾਹ ਪੀਣ ਕਾਰਨ ਹੀ ਲੰਬੀ ਉਮਰ ਦੇ ਹੁੰਦੇ ਹਨ।

ਉਹ ਸਮੁੰਦਰੀ ਤੇਲ-ਖੂਹ ਦੇਖ ਕੇ ਵੀ ਬੜੇ ਪ੍ਰਭਾਵਿਤ ਹੋਏ। ਉਥੋਂ ਦੇ ਡਾਇਰੈਕਟਰ ਤਾਹਿਰ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਕੇਂਦਰ ਦਾ ਨਾਂ 'ਆਰਕੀਬੋਧ' ਹੈ। ਯਾਕੂ ਦੇ ਇਲਾਕੇ ਦਾ 50% ਤੇਲ ਸਮੁੰਦਰ ਵਿੱਚੋਂ ਕੱਢਿਆ ਜਾਂਦਾ ਹੈ। ਤੇਲ ਦੇ ਜ਼ਖ਼ੀਰੇ 2000 ਮੀਟਰ ਹੇਠਾਂ ਹਨ। ਉਨ੍ਹਾਂ ਨੂੰ ਛੱਰੇ-ਖੂਹ, ਕੰਪਰੈਸਰ-ਖੂਹ ਅਤੇ ਪੰਪ-ਖੂਹ ਬਾਰੇ ਵੀ ਜਾਣਕਾਰੀ ਦਿੱਤੀ ਗਈ। ਡਾਇਰੈਕਟਰ ਨੇ ਭਾਵੁਕ ਹੋ ਕੇ ਉਨ੍ਹਾਂ ਨੂੰ ਕਿਹਾ, "ਮੈਂ ਜਦੋਂ ਤੁਹਾਨੂੰ ਮਿਲਿਆ, ਮੈਨੂੰ ਆਪਣਾ ਨਿੱਕਾ ਭਰਾ ਯਾਦ ਆਇਆ ਜੋ ਅੱਜਕਲ੍ਹ ਕੈਬੇ (ਗੁਜਰਾਤ) ਦੇ ਮਕਾਮ ਤੇਲ ਕੱਢਣ ਵਿਚ ਹਿੰਦੁਸਤਾਨ ਦੀ ਮਦਦ ਕਰ ਰਿਹਾ ਹੈ। ਇਸ ਤਰ੍ਹਾਂ ਤੁਸੀਂ ਉਸ ਦੇਸ਼ 'ਚੋਂ ਆਏ ਹੋ ਜਿਥੇ ਮੇਰਾ ਭਰਾ ਵਸਦਾ ਹੈ, ਇਸ ਲਈ ਤੁਸੀਂ ਵੀ ਮੇਰੇ ਭਰਾ ਹੋ। ਤੁਹਾਡੇ ਆਉਣ ਦਾ ਮੈਨੂੰ ਬੜਾ ਚਾਅ ਸੀ । ਮੈਂ ਤੁਹਾਨੂੰ ਕੇਵਲ ਇਹੋ ਆਖਣਾ ਚਾਹੁੰਦਾ ਹਾਂ ਕਿ ਅਸਾਂ ਸੋਵੀਅਤ ਲੋਕਾਂ ਦੇ ਦਿਲਾਂ ਵਿਚ ਤੁਹਾਡੇ ਮਹਾਨ ਦੇਸ਼ ਲਈ ਬੜਾ ਆਦਰ ਅਤੇ ਪਿਆਰ ਹੈ। ਸਾਡੇ ਕੋਲੋਂ ਜਿਸ ਕਿਸਮ ਦੀ ਸਹਾਇਤਾ ਦੀ ਤੁਹਾਨੂੰ ਲੋੜ ਹੋਵੇ, ਤੁਹਾਡੇ ਆਖਣ ਦੀ ਦੇਰ ਹੈ ਅਸੀਂ ਜਰੂਰ ਦਿਆਂਗੇ।[10]

ਯਾਕੂ ਵਿਖੇ ਵੀ ਉਨ੍ਹਾਂ ਨੂੰ ਪਿਆਰ ਭਿੰਨੀ ਵਿਦਾਇਗੀ ਪਾਰਟੀ ਦਿੱਤੀ ਗਈ। ਉਥੇ ਰੂਸ ਦੇ ਪ੍ਰਸਿੱਧ ਗਾਇਕ ਰਸ਼ੀਦ ਬੈਬੂਤਾਫ਼ ਨੇ ਇਕਬਾਲ ਦਾ ਪ੍ਰਸਿੱਧ ਗੀਤ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ' ਗਾ ਕੇ ਸਭ ਤੇ ਅਮਿੱਟ ਪ੍ਰਭਾਵ ਪਾ ਦਿੱਤਾ, ਸਮਗਾਈਡ ਦੇ ਮੇਅਰ ਕਰੀਮ ਅਖਦੇਵ ਵੀ ਉਥੇ ਪਹੁੰਚੇ। ਕਾਮਰੇਡ ਅਲੀ ਨੇ ਸਭ ਨਾਲ ਇਨਕਲਾਬੀ ਯਾਦਾਂ ਸਾਂਝੀਆਂ ਕਰਦਿਆਂ ਦਸਿਆ ਕਿ ਲੈਨਿਨ ਨੇ ਇਕ ਇਨਕਲਾਬ, ਦੀ ਨਹੀਂ ਤਿੰਨ ਇਨਕਲਾਬਾਂ ਦੀ ਰਹਿਨੁਮਾਈ ਕੀਤੀ ਸੀ। 1905 ਦਾ ਇਨਕਲਾਬ ਫਰਵਰੀ, 1917 ਦਾ ਇਨਕਲਾਬ ਅਤੇ ਅਕਤੂਬਰ 1917 ਦਾ ਇਨਕਲਾਬ। ਉਨ੍ਹਾਂ ਸਭ ਨੇ ਆਈਜ਼ਰਬਾਈਜਾਨ ਦੇ ਲੋਕਾਂ ਨੂੰ ਸਦਾ ਖੁਸ਼ ਰਹਿਣ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਉਨ੍ਹਾਂ ਨੂੰ ਮਜਬੂਰਨ ਦੋ ਦਿਨ ਹੋਰ ਰੂਸ ਵਿਚ ਠਹਿਰਣਾ ਪਿਆ ਕਿਉਂਕਿ 21 ਨਵੰਬਰ ਨੂੰ ਉਨ੍ਹਾਂ ਦੀਆਂ ਵਿਮਾਨ ਵਿਚ ਹਿੰਦੁਸਤਾਨ ਆਉਣ ਲਈ ਸੀਟਾਂ ਰਾਖਵੀਆਂ ਨਹੀਂ ਸਨ ਹੋ ਸਕੀਆਂ। ਪ੍ਰਬੰਧਕਾਂ ਨੇ ਆਪਣੀ ਮਜਬੂਰੀ ਦੱਸੀ ਕਿ ਉਹ 23 ਨਵੰਬਰ ਤੋਂ ਪਹਿਲਾਂ ਕਿਸੇ ਹਾਲਤ ਵਿਚ ਨਹੀਂ ਜਾ ਸਕਣਗੇ ਪਰ ਉਨ੍ਹਾਂ ਦੇ ਵਾਧੂ ਦਿਨ ਠਹਿਰਣ ਦਾ ਪ੍ਰਬੰਧ ਕਰ ਦਿੱਤਾ। ਡਾਕਟਰ ਦਾਤਾਰ ਨੂੰ ਪਿੱਛੇ ਰਹੀ ਆਪਣੀ ਬਿਮਾਰ ਪਤਨੀ ਦੀ ਚਿੰਤਾ ਸੀ ਪਰ ਹੁਣ ਕੀ ਕੀਤਾ ਜਾ ਸਕਦਾ ਸੀ। ਉਨ੍ਹਾਂ ਨੇ ਪ੍ਰਸਿੱਧ ਰੂਸੀ ਲੇਖਕ ਲਿਉ ਟਾਲਸਟਾਇ ਦੇ ਪਿੰਡ ਸਾਸਨਾਯਾ ਪੋਲਯਾਨਾ ਵਿਖੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਟਾਲਸਟਾਇ ਦੇ ਜੱਦੀ ਘਰ ਨੂੰ ਰੂਸ ਦੀ ਸਰਕਾਰ ਨੇ ਨੁਮਾਇਸ਼ਗਾਹ ਬਣਾਇਆ ਹੋਇਆ ਹੈ। ਉਥੇ ਟਾਲਸਟਾਇ ਦੀਆਂ ਤਸਵੀਰਾਂ ਤੋਂ ਇਲਾਵਾ ਧਾਰਮਕ ਅਤੇ ਪਰਿਵਾਰਕ ਤਸਵੀਰਾਂ ਵੀ ਟੰਗੀਆਂ ਹੋਈਆਂ ਹਨ। ਟਾਲਸਟਾਇ ਦੀ ਮੌਤ 1910 ਈ. ਵਿਚ ਹੋਈ ਅਤੇ ਉਸ ਦੀ ਪਤਨੀ ਦੀ 1919 ਈ. ਵਿਚ। ਉਸ ਦੀ ਪਤਨੀ ਨੇ ਜੱਦੀ ਜਾਇਦਾਦ ਬਿਲਕੁਲ ਨਾ ਵੇਚੀ ਕਿਉਂਕਿ ਉਸ ਨਾਲ ਉਸ ਦੇ ਪਤੀ ਦੀਆਂ ਯਾਦਾਂ ਜੁੜੀਆਂ ਸਨ।

ਬਲਰਾਜ ਸਾਹਨੀ ਨੇ ਮਾਸਕੋ ਵਿਖੇ ਕਾਨਫਰੰਸ ਦੀ ਅਖੀਰਲੀ ਮੀਟਿੰਗ ਜੋ ਵਿਦਾਇਗੀ ਪਾਰਟੀ ਸੀ ਵਿਚ ਭਾਰਤੀ ਡੈਲੀਗੇਸ਼ਨ ਵਲੋਂ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ, "ਸਾਹਿਬੇ ਸਦਰ ਅਕਾਦਮੀਸ਼ਨ ਟਿਟਸਿਨ, ਡੈਲੀਗੇਟ ਸਾਥੀਓ ਔਰ ਮਿੱਤਰੋ, ਆਪ ਕੇ ਇਸ ਮੁਬਾਰਕ ਸਮਾਰੋਹ ਦਾ ਸੁਆਗਤ ਕਰਨੇ ਕੇ ਲੀਏ ਮੈਂ ਔਰ ਮੇਰੇ ਸਾਥੀ ਹਿੰਦੁਸਤਾਨ ਕੇ ਮੁਖਤਲਿਫ਼ ਹਿੱਸੋਂ ਸੇ ਯਹਾਂ ਆਏ ਹੈਂ। ਆਪ ਸਭ ਕੇ ਲੀਏ, ਆਪ ਕੇ ਦੇਸ਼ ਕੀ ਮਹਾਨ ਜਨਤਾ ਕੇ ਲੀਏ ਪ੍ਰੇਮ ਔਰ ਸਨਮਾਨ ਕੇ ਫੂਲ ਹਾਥ ਮੇਂ ਉਠਾ ਕਰ ਹਮੇਂ ਵਿਸ਼ਵਾਸ ਹੈ ਕਿ ਇਸ ਕਾਨਫਰੰਸ ਮੇਂ ਆਪ ਸੋਵੀਅਤ ਸੰਘ ਔਰ ਭਾਰਤ ਦੋਨੋਂ ਕੀ ਮਿੱਤਰਤਾ ਕੋ ਔਰ ਮਜ਼ਬੂਤ ਬਨਾਨੇ ਕੇ ਰਾਸਤੇ ਤਲਾਸ਼ ਕਰੇਂਗੇ, ਆਪਣੀ ਸਰਗਰਮੀਉ ਕਾ ਦਾਇਰਾ ਔਰ ਭੀ ਵਸੀਹ ਕਰੇਂਗੇ। ਹਮਾਰੀ ਪ੍ਰਾਰਥਨਾ ਹੈ ਕਿ ਇਸ ਪਵਿੱਤਰ ਕਾਮ ਮੇਂ ਆਪ ਕੋ ਭਰਪੂਰ ਸਫਲਤਾ ਮਿਲੇ। ਹਮਾਰੇ ਦੋਨੋਂ ਦੇਸ਼ੋਂ ਕੀ ਦੋਸਤੀ ਸੰਸਾਰ ਭਰ ਕੇ ਅਮਨ ਕਾ ਆਧਾਰ ਸਤੰਭ ਹੈ। ਹਮੇਂ ਯਹਾਂ ਆਏ ਤੀਨ ਹਫ਼ਤੇ ਹੋ ਚੁਕੇ ਹੈਂ। ਇਸ ਦੌਰਾਨ ਮੈਂ ਹਮ

ਨੇ ਕੇਵਲ ਮਾਸਕੋ ਹੀ ਨਹੀਂ ਬਲਕਿ ਲੈਨਿਨਗਰਾਡ, ਕਿਸ਼ੀਨੇਵ, ਬਾਕੂ, ਸੁਮਗਾਈਡ ਆਦਿਕ ਦੂਰ ਦਰਾਜ਼ ਜਗੋਂ ਕਾ ਭ੍ਰਮਣ ਕੀਯਾ ਹੈ। ਆਪ ਕੀ ਸੁਹਿਰਦਤਾ ਔਰ ਮਹਿਮਾਨ ਨਵਾਜ਼ੀ ਨੇ ਹੀ ਇਸੇ ਸੰਭਵ ਬਣਾਇਆ, ਔਰ ਪ੍ਰਤੀ ਛਣ ਹਮ ਇਸ ਕੇ ਲੀਏ ਸੋਵੀਅਤ ਜਨਤਾ ਕੇ ਸ਼ੁਕਰ ਗੁਜ਼ਾਰ ਹੋ ਰਹੇ ਹੈਂ। ਹਮਾਰੀ ਯਾਤਰਾ ਹਮਾਰੇ ਜੀਵਨ ਕੀ ਏਕ ਸੁਨਹਿਰੀ ਯਾਦ ਬਣ ਗਈ ਹੈ।[11]

ਉਸ ਵਿਦਾਇਗੀ ਪਾਰਟੀ ਵਿਚ ਆਏ ਭਾਰਤੀ ਸਫ਼ੀਰ ਮਿਸਟਰ ਕੌਲ ਨੇ ਵੀ ਭਾਰਤ ਸਰਕਾਰ ਦਾ ਟੀਚਾ ਸਮਾਜਵਾਦੀ ਨਿਜ਼ਾਮ ਦੀ ਸਥਾਪਤੀ ਦੱਸਿਆ। ਉਸ ਤੋਂ ਬਾਅਦ ਸਾਂਸਕ੍ਰਿਤਕ ਸਮਾਗਮ ਹੋਇਆ ਜਿਸ ਵਿਚ ਹਿੰਦੁਸਤਾਨੀ ਕੁੜੀਆਂ ਮੁੰਡਿਆਂ ਨੇ ਰਾਬਿੰਦਰ ਨਾਥ ਟੈਗੋਰ ਦਾ ਇਕ ਬੰਗਾਲੀ ਗੀਤ ਗਾਇਆ ਫੇਰ ਰੂਸੀ ਬੱਚਿਆਂ ਨੇ ਗੀਤ ਗਾਏ। ਉਨ੍ਹਾਂ ਨੇ ਅੰਗ੍ਰੇਜ਼ੀ ਵਿਚ ਰਾਵਣ ਤੇ ਸੀਤਾ ਨੂੰ ਚੁਕ ਕੇ ਲੈ ਜਾਣ ਦੀ ਝਾਕੀ ਪੇਸ਼ ਕੀਤੀ । ਉਸ ਤੋਂ ਬਾਅਦ ਪ੍ਰੋਫੈਸ਼ਨਲ ਕਲਾਕਾਰਾਂ ਨੇ ਵੀ ਆਪਣਾ ਰੰਗਾਰੰਗ ਪ੍ਰੋਗਰਾਮ ਦਿੱਤਾ । ਉਸ ਸਮੇਂ ਦੌਰਾਨ ਬਲਰਾਜ ਸਾਹਨੀ ਨੂੰ ਕਈ ਪੱਤਰਕਾਰ ਮਿਲੇ ਅਤੇ ਉਨ੍ਹਾਂ ਦੀਆਂ ਤਸਵੀਰਾਂ ਅਖਬਾਰਾਂ ਵਿਚ ਦੇਣ ਲਈ ਖਿਚਵਾਈਆਂ।

ਬਲਰਾਜ ਸਾਹਨੀ ਨੇ ਅਖੀਰਲਾ ਦਿਨ ਆਪਣੇ ਬੇਟੇ ਪ੍ਰੀਕਸ਼ਤ, ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਬੇਟੀ ਅਨੁਸੁਈਆ ਅਤੇ ਬੰਗਾਲੀ ਭਾਸ਼ਾ ਵਿਚ ਵਿਸ਼ੇਸ਼ ਦਿਲਚਸਪੀ ਰੱਖਣ ਵਾਲੀ ਔਰਤ ਈਨਾ ਲਈ ਰਾਖਵਾਂ ਰਖ ਲਿਆ। ਪ੍ਰੀਕਸ਼ਤ ਉਨ੍ਹਾਂ ਨੂੰ ਹੋਟਲ ਵਿਚ ਮਿਲਣ ਲਈ ਆ ਗਿਆ। ਅਨੂਸੁਈਆ ਨੇ ਉਨ੍ਹਾਂ ਨੂੰ ਆਪਣੇ ਲਾਤਿਨ ਅਮਰੀਕੀ ਮੰਗੇਤਰ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਜਿਵੇਂ ਉਹ ਉਨ੍ਹਾਂ ਨੂੰ ਗੁਰਬਖਸ਼ ਸਿੰਘ ਜਾਂ ਨਵਤੇਜ ਸਿੰਘ ਦਾ ਨੁਮਾਇੰਦਾ ਸਮਝ ਰਹੀ ਹੋਵੇ। ਬਲਰਾਜ ਸਾਹਨੀ ਨੇ ਈਨਾ ਨੂੰ ਟੈਲੀਫੋਨ ਕਰਕੇ 'ਬਾਲਸ਼ਾਏ ਥੇਟਰ' ਦੇ ਸਾਹਮਣੇ ਬੁਲਾ ਲਿਆ ਸੀ। ਉਨ੍ਹਾਂ ਨੇ ਉਨ੍ਹਾਂ ਨੂੰ ਇਸ ਸਫ਼ਰ ਦੌਰਾਨ ਨਾ ਮਿਲ ਸਕਣ ਦਾ ਕਾਰਨ ਦੱਸ ਦਿੱਤਾ। ਉਹ ਆਪਣੇ ਸਾਥੀਆਂ ਤੋਂ ਵੱਖ ਨਹੀਂ ਸੀ ਹੋਣਾ ਚਾਹੁੰਦੇ ਕਿਉਂਕਿ ਉਹ ਉਨ੍ਹਾਂ ਦਾ ਲੀਡਰ ਬਣ ਕੇ ਆਏ ਹੋਏ ਸਨ। ਬਲਰਾਜ ਸਾਹਨੀ ਨੇ ਈਨਾ ਨੂੰ ਭਾਰਤ ਆਉਣ ਲਈ ਨਿਮੰਤਰਣ ਦਿੱਤਾ ਅਤੇ ਵਾਇਦਾ

ਕੀਤਾ ਕਿ ਉਹ ਸ਼ਾਂਤੀਨਿਕੇਤਨ ਆਪਣੇ ਨਾਲ ਲੈ ਕੇ ਜਾਣਗੇ। ਈਨਾ ਨੇ ਬਲਰਾਜ ਸਾਹਨੀ ਨੂੰ ਕਿਹਾ ਕਿ ਉਹ ਇਸ ਨੂੰ ਭਾਰਤ ਵਾਪਸ ਜਾ ਕੇ ਸੋਲਵੀ ਸਦੀ ਦੇ ਬੰਗਾਲੀ ਕਵੀ ਮੁਕੰਦ ਦਾਸ ਦੀ ਕਵਿਤਾ ਦੀ ਪੁਸਤਕ ਜ਼ਰੂਰ ਭੇਜਣ। ਬਲਰਾਜ ਸਾਹਨੀ ਨੇ ਉਸ ਨਾਲ ਵਾਅਦਾ ਕੀਤਾ ਕਿ ਉਹ ਕਲਕੱਤੇ ਜਾ ਕੇ ਪੁਸਤਕ ਖ਼ਰੀਦ ਕੇ ਉਸ ਨੂੰ ਜ਼ਰੂਰ ਭੇਜ ਦੇਣਗੇ। ਬਲਰਾਜ ਸਾਹਨੀ ਨੂੰ ਈਨਾ ਨਾਲ ਬੰਗਾਲੀ ਵਿਚ ਗੱਲ ਕਰਕੇ ਖੁਸ਼ੀ ਹੋਈ।

ਬਲਰਾਜ ਸਾਹਨੀ ਨੇ ਆਪਣੇ ਨਿੱਜੀ ਤਜ਼ਰਬਿਆਂ ਦੇ ਨਾਲ ਨਾਲ ਰੂਸ ਦੇ ਰਾਜ-ਪ੍ਰਬੰਧ ਦਾ ਬੜੀ ਬਾਰੀਕੀ ਵਿਚ ਵੇਰਵਾ ਪੇਸ਼ ਕੀਤਾ ਹੈ। ਇਸ ਸਫਰਨਾਮੇ 'ਚੋਂ ਰੂਸ ਅਤੇ ਭਾਰਤ ਦੀ ਆਰਥਕ, ਸਮਾਜਕ, ਮਨੱਅਤੀ, ਧਾਰਮਕ ਅਤੇ ਰਾਜਨੀਤਕ ਸਥਿਤੀ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਹ ਸਫਰਨਾਮਾ ਜਿੱਥੇ ਇਤਿਹਾਸਕ ਘਟਨਾਵਾਂ ਨੂੰ ਦਰਸਾਉਂਦਾ ਹੈ ਉਥੇ ਰੂਸੀਆਂ ਅਤੇ ਭਾਰਤੀਆਂ ਦੀ ਫ਼ਿਤਰਤ ਨੂੰ ਵੀ ਉਘਾੜਦਾ ਹੈ।

ਬਲਰਾਜ ਸਾਹਨੀ ਦੇ ਦੋਵੇਂ ਸਫਰਨਾਮੇ ਉਨ੍ਹਾਂ ਦੇ ਦੋਹਾਂ ਮੁਲਕਾਂ ਦੇ ਨਿੱਜੀ ਸਫ਼ਰ ਤੇ ਆਧਾਰਿਤ ਹਨ। ਉਨ੍ਹਾਂ ਵਿਚਲੀ ਬਿਰਤਾਂਤਕ ਸ਼ੈਲੀ ਉਨ੍ਹਾਂ ਨੂੰ ਰੌਚਿਕ ਬਣਾਉਂਦੀ ਹੈ। ਕਈ ਥਾਵਾਂ ਤੇ ਗਲਪੀ ਅੰਸ਼ ਸਫ਼ਰ ਦੌਰਾਨ ਵਾਪਰੀਆਂ ਘਟਨਾਵਾਂ ਨੂੰ ਗੌਣ ਰੂਪ ਦੇ ਦੇਂਦੇ ਹਨ ਜਿਵੇਂ 'ਮੇਰਾ ਰੂਸੀ ਸਫਰਨਾਮਾ' ਵਿਚ 'ਨਾਟਕਰੈਕਰ ਸਵੀਟ' ਅਤੇ 'ਕੁੜੀ ਦੀ ਅੜੀ' ਕਾਂਡ ਹਨ। ਇਨ੍ਹਾਂ ਸਫ਼ਰਨਾਮਿਆਂ ਵਿਚ ਨਾਟਕੀ ਅੰਸ਼ ਆਮ ਦੇਖਿਆ ਜਾ ਸਕਦਾ ਹੈ। ਇਸ ਵਿਧੀ ਨਾਲ ਲੇਖਕ ਨੇ ਆਪਣੀਆਂ ਰਚਨਾਵਾਂ ਦਾ ਪ੍ਰਭਾਵ ਵਧਾਇਆ ਹੈ। ਮੇਰਾ ਪਾਕਿਸਤਾਨੀ ਸਫਰਨਾਮਾ 'ਚੋਂ ਇਕ ਉਦਾਹਰਣ ਦੇਖੋ:

> "ਕੀ ਪੁਲਿਸ ਸਟੇਸ਼ਨ ਨਹੀਂ ਜਾਣਾ ਪਵੇਗਾ ?" ਮੈਂ ਹੈਰਾਨ ਹੋ ਕੇ ਪੁੱਛਿਆ,
> "ਕਿਉਂ ? ਉਹ ਕਿਸ ਵਾਸਤੇ ?"
> "ਹੁਣ ਤੱਕ ਤਾਂ ਮੈਨੂੰ ਹਮੇਸ਼ਾ ਦੋ ਥਾਂਵਾਂ ’ਤੇ ਜਾਣਾ ਪਿਆ ਹੈ।"

"ਅੱਛਾ ? ਇਹ ਤਾਂ ਖਾਹਮਖਾਹ ਦੀ ਤਕਲੀਫ਼ ਏ। ਨਹੀਂ, ਹੋਰ ਕਿਧਰੇ ਜਾਣ ਦੀ ਲੋੜ ਨਹੀਂ। ਹਾਂ ਵਾਪਸੀ ਵੇਲੇ ਫੇਰ ਇਕ ਵਾਰੀ ਏਥੇ ਆਉਣ ਦੀ ਜਹਿਮਤ ਉਠਾਉਣੀ ਪਵੇਗੀ ਤੁਹਾਨੂੰ ?"

"ਪਰ ਮੈਂ ਕੋਹਮਰੀ ਵੀ ਜਾਣਾ ਹੈ। ਮੇਰਾ ਵੀਜ਼ਾ ਹੈ ਉਥੋਂ ਦਾ।"

"ਤੁਸੀਂ ਬੜੀ ਖੁਸ਼ੀ ਨਾਲ ਕੋਹਮਰੀ ਜਾਓ।"

"ਘਰ ਜਾਣ ਤੋਂ ਪਹਿਲਾਂ ਏਥੇ ਆਉਣ ਦੀ

"ਕੋਈ ਲੋੜ ਨਹੀਂ।"[12]

ਇਸ ਸਫ਼ਰਨਾਮੇ ਵਿਚ ਤਾਂ ਝੰਗ ਦੀ ਬੋਲੀ ਵੀ ਵਰਤੀ ਹੈ ਜਿਵੇਂ,

ਅਖੇ "ਭਿਰਾ ਤੂੰ ਵੀ ਇਥਾਈ, ਤੇ ਅਸੀਂ ਵੀ ਇਥਾਈਂ ਵਧ ਪੈਸੇ ਘਿਨ ਕੇ ਵਤ ਅਸੀਂ ਚੋਰ ਬਣਨੇ ?"[13]

ਬਲਰਾਜ ਸਾਹਨੀ ਨੇ ਸੰਵਾਦ ਹੋਰਨਾਂ ਭਾਸ਼ਾਵਾਂ ਵਿਚ ਵੀ ਕਰਵਾਏ ਹਨ। ਬਲਰਾਜ ਸਾਹਨੀ ਅਤੇ ਈਨਾ ਦਾ ਇਕ ਬੰਗਾਲੀ ਵਿਚ ਸੰਵਾਦ ਪੇਸ਼ ਹੈ।

"ਉਹ ਤੁਸੀ........ ਕੈ ਮੋਨ ਆਛੋ .... ਈਨਾ ਲਈ ਬੰਗਾਲੀ ਬੋਲਣਾ ਅੰਗਰੇਜ਼ੀ ਦੇ ਮੁਕਾਬਲੇ ਕਿਤੇ ਜ਼ਿਆਦਾ ਸਰਲ ਸੀ।

"ਭਾਲੋ ਆਛੀ, ਦੈਖਾ ਹੋਵੀ ਕੋਖੂਨ, ਆਜ ਰਾੜੇ ਫਿਰੇ ਜਾਬੋ ਭਾਰ ਤੇ.........।"
[14]

ਇਨ੍ਹਾਂ ਸਫਰਨਾਮਿਆਂ ਵਿਚ ਬੋਲੀ ਮੁਹਾਵਰੇਦਾਰ ਵਰਤੀ ਗਈ ਹੈ। ਉਰਦੂ, ਫਾਰਸੀ ਦੇ ਸ਼ਬਦ ਤਾਂ ਆਮ ਵਰਤੇ ਗਏ ਹਨ ਜਿਵੇਂ ਨਾਕਮ, ਅਤਫ਼ਾਲ, ਸਮਾਜਤਾ, ਮਜ਼ਾਰ, ਸ਼ਾਇਸਤਗੀ, ਹਕੀਕਤ, ਮੁਹਾਡਜ਼, ਮੁਮੱਸਰ ਕੰਬਖ਼ਤ, ਸੁਵੇਸ਼ੀ, ਮਰਦੁਮ-ਖੇਜ਼ ਇਲਾਕਾ, ਮੁਰੱਵਤ, ਸਖਾਵਤ, ਨਾਗਵਾਰ, ਨਹੀਫ਼, ਮਫ਼ਰੂਰ, ਜਈਫ਼, ਮਹਿਰਾਬ, ਵਕਾਰ, ਮਹਿਦੂਦ, ਤਜ਼ਕਰਾ, ਕਲੇਵਰ, ਆਲਮਗੀਰ ਮੀਰ-ਮੁਸ਼ਾਇਰਾ, ਕਵੈਦ, ਮਸ਼ਗੂਲਾ, ਦੁਸ਼ਵਾਰ, ਅਲਕਤ, ਫਹਿਰਿਸਤ, ਮਸਰੂਫ਼ੀ, ਇਸਤਕਬਾਲ, ਬੇਨਜ਼ੀਰ, ਰੁਖ਼ਸਤ ਆਦਿ। ਅੰਗ੍ਰੇਜ਼ੀ ਦੇ ਵੀ ਕਈ ਸ਼ਬਦ ਵਰਤੇ ਹਨ। ਇਕ ਸੰਵਾਦ ਦੇਖੋ :

"ਪਲੀਜ ਡੈਡੀ ਲੈੱਟ ਸੀ ਸਟੇ ਏ ਲਿਟਲ ਵਾਈਲ ਮੋਰ ?"

"ਨੋ ਸਨ, ਨੋ ਮੋਰ, ਕਮ ਆਨ"[15]

ਸੋ ਬਲਰਾਜ ਸਾਹਨੀ ਦੇ ਦੋਵੇਂ ਸਫਰਨਾਮੇ 'ਮੇਰਾ ਪਾਕਿਸਤਾਨੀ ਸਫਰਨਾਮਾ' ਅਤੇ 'ਮੇਰਾ ਰੂਸੀ ਸਫਰਨਾਮਾ' ਉਨ੍ਹਾਂ ਦੇ ਸਫ਼ਲ ਸਫਰਨਾਮਾ ਲੇਖਕ ਹੋਣ ਦਾ ਪ੍ਰਮਾਣ ਹਨ, ਉਨ੍ਹਾਂ ਦੀ ਮਨੁੱਖੀ ਮਨ ਨੂੰ ਡੂੰਘਾਈ ਵਿਚ ਪੜ੍ਹਨ ਦੀ ਰੁਚੀ ਦਾ ਸਬੂਤ ਹਨ ਅਤੇ ਉਨ੍ਹਾਂ ਦੇ ਪ੍ਰੋਢ ਲੇਖਕ ਹੋਣ ਦਾ ਲਖਾਇਕ ਹਨ।

ਹਵਾਲੇ

1. ਕੁਲਦੀਪ ਕਲਪਨਾ, ਪ੍ਰੀਤਲੜੀ, ਜੂਨ 1973, ਪ੍ਰੀਤਨਗਰ			ਪੰਨਾ, 32
2. ਬਲਰਾਜ ਸਾਹਨੀ,	ਮੇਰਾ ਪਾਕਿਸਤਾਨੀ ਸਫਰਨਾਮਾ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1988,		ਪੰਨਾ, 9
3. ਉਹੀ	ਉਹੀ	ਉਹੀ	ਪੰਨਾ, 25
4. ਉਹੀ	ਉਹੀ	ਉਹੀ	ਪੰਨਾ, 67
5. ਉਹੀ	ਉਹੀ	ਉਹੀ	ਪੰਨਾ, 186
6. ਬਲਰਾਜ ਸਾਹਨੀ	ਮੇਰਾ ਰੂਸੀ ਸਫਰਨਾਮਾ, ਆਰਸੀ ਪਬਲਿਸ਼ਰਜ ਚਾਂਦਨੀ ਚੋਕ, ਦਿੱਲੀ, 1978,		ਪੰਨਾ, 32, 33
7. ਉਹੀ	ਉਹੀ	ਉਹੀ	ਪੰਨਾ, 25
8. ਉਹੀ	ਉਹੀ	ਉਹੀ	ਪੰਨਾ, 48,49
9. ਉਹੀ	ਉਹੀ	ਉਹੀ	ਪੰਨਾ, 329
10. ਉਹੀ	ਉਹੀ	ਉਹੀ	ਪੰਨਾ, 334
11. ਉਹੀ	ਉਹੀ	ਉਹੀ	ਪੰਨਾ, 369
12.ਬਲਰਾਜ ਸਾਹਨੀ	ਮੇਰਾ ਪਾਕਿਸਤਾਨੀ ਸਫਰਨਾਮਾ, ਆਰਸੀ ਪਬਲਿਸ਼ਰਜ਼		

ਚਾਂਦਨੀ ਚੌਕ, ਦਿੱਲੀ, 1988, ਪੰਨਾ 160

13. ਉਹੀ ਉਹੀ ਉਹੀ ਪੰਨਾ, 48

14. ਬਲਰਾਜ ਸਾਹਨੀ ਮੇਰਾ ਰੂਸੀ ਸਫਰਨਾਮਾ, ਆਰਸੀ ਪਬਲਿਸ਼ਰਜ਼,
ਚਾਂਦਨੀ ਚੌਕ ਦਿੱਲੀ, 1978, ਪੰਨਾ, 378

15. ਉਹੀ ਉਹੀ ਉਹੀ ਪੰਨਾ, 225

ਬਲਰਾਜ ਸਾਹਨੀ-ਇਕ ਨਿਬੰਧਕਾਰ

ਬਲਰਾਜ ਸਾਹਨੀ ਨੇ ਪੰਜਾਬੀ ਸਾਹਿਤ ਦੇ ਵਿਭਿੰਨ ਰੂਪਾਂ ਰਾਹੀਂ ਆਪਣੇ ਵਿਚਾਰਾਂ/ਭਾਵਾਂ ਦਾ ਪ੍ਰਗਟਾਵਾ ਕੀਤਾ ਪਰ ਉਹ ਇਕ ਸਫਰਨਾਮਾ ਲੇਖਕ ਵਜੋਂ ਵਧੇਰੇ ਪ੍ਰਸਿੱਧ ਹੋਏ। ਉਨ੍ਹਾਂ ਨੇ ਪੰਜਾਬੀ ਦੇ ਵੱਖ-ਵੱਖ ਪੱਤਰਕਾਵਾਂ ਵਿਚ ਆਪਣੇ ਨਿਬੰਧ ਵੀ ਛਪਵਾਏ। ਹੁਣ ਤੱਕ ਉਨ੍ਹਾਂ ਨਿਬੰਧਾਂ ਦੇ ਕਈ ਸੰਗ੍ਰਹਿ ਪ੍ਰਕਾਸ਼ਿ ਤ ਹੋ ਚੁਕੇ ਹਨ ਜਿਵੇਂ 'ਸਿਨਮਾ ਤੇ ਸਟੇਜ, ‘ਯਾਦਾਂ ਦਾ ਝਰੋਖਾ', 'ਇਤਿਹਾਸ ਦੀ ਪੈੜ', 'ਪੂਰਬ ਦੇ ਨਾਈ', 'ਕਾਮੇ' 'ਯਾਦਾਂ ਦੀ ਕੰਨੀ' ਅਤੇ 'ਕਲਮ ਕਿਤਾਬ'। ਉਨ੍ਹਾਂ ਦੀ ਪੁਸਤਕ 'ਮੇਰੀ ਫਿਲਮੀ ਆਤਮਕਥਾ' ਦੇ ਵੱਖ-ਵੱਖ ਹਿੱਸੇ ਵੀ ਸੰਪੂਰਨ ਨਿਬੰਧ ਹਨ ਅਤੇ ਉਨ੍ਹਾਂ ਵਿੱਚੋਂ ਕਈ ਉਪਰੋਕਤ ਵਰਣਤ ਪੁਸਤਕਾਂ ਵਿੱਚ ਸ਼ਾਮਲ ਹੀ ਹਨ। ਏਸੇ ਤਰ੍ਹਾਂ ਉਨ੍ਹਾਂ ਦੀ ਪੁਸਤਕ 'ਗੈਰ ਜਜ਼ਬਾਤੀ ਡਾਇਰੀ" ਡਾਇਰੀ, ਰੂਪ ਵਿਚ ਲਿਖੀ ਹੋਣ ਕਰਕੇ ਵੀ ਨਿਬੰਧਾਂ ਦਾ ਸੰਗ੍ਰਹਿ ਕਹੀ ਜਾ ਸਕਦੀ ਹੈ।

ਬਲਰਾਜ ਸਾਹਨੀ ਦੀਆਂ ਨਿਬੰਧ-ਪੁਸਤਕਾਂ ਦੇ ਨੇੜਲੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਪੁਸਤਕਾਂ ਵਿਚ ਨਿਬੰਧਾਂ ਦਾ ਦੁਹਰਾਉ ਹੈ। ਉਨ੍ਹਾਂ ਦੇ ਮੌਲਿਕ ਨਿਬੰਧਾਂ ਦੀ ਗਿਣਤੀ 42 ਹੈ। 'ਰੂਸ ਦੀ ਯਾਦ’, ਪਿੰਡੀ ਦੀ ਯਾਦ, "ਭੇਰੇ ਦੀ ਯਾਦ' ਅਤੇ 'ਨਿਰਾਲਾ ਜਲੂਸ' ਉਨ੍ਹਾਂ ਦੇ ਸਫਰਨਾਮਿਆਂ 'ਮੇਰਾ ਰੂਸੀ ਸਫਰਨਾਮਾ’ ਅਤੇ 'ਮੇਰਾ ਪਾਕਿਸਤਾਨੀ ਸਫਰਨਾਮਾ' ਦਾ ਹਿੱਸਾ ਹਨ। 'ਕਾਮੇਂ' ਪੁਸਤਕ ਵਿਚਲੇ ਸਾਰੇ ਨਿਬੰਧ ਹੋਰਨਾਂ ਪੁਸਤਕਾਂ 'ਚੋਂ ਚੁਣੇ ਗਏ ਹਨ।

ਬਲਰਾਜ ਸਾਹਨੀ ਦੇ ਨਿਬੰਧ ਆਮ ਜਾਣਕਾਰੀ ਦੇਣ ਵਾਲੇ ਹਨ, ਉਨ੍ਹਾਂ ਦੀ ਰੋਜ਼ਾਨਾ ਡਾਇਰੀ ਦਾ ਹਿੱਸਾ ਹਨ, ਉਨ੍ਹਾਂ ਦੀਆਂ ਯਾਦਾਂ ਨਾਲ ਸਬੰਧਤ ਹਨ ਅਤੇ ਉਨ੍ਹਾਂ ਦਾ ਜੀਵਨ- ਦ੍ਰਿਸ਼ਟੀਕੋਣ ਪ੍ਰਸਤੁਤ ਕਰਨ ਵਾਲੇ ਹਨ।

'ਸਿਨਮਾ ਤੇ ਸਟੇਜ' ਪੁਸਤਕ ਵਿਚ 'ਸਿਨਮਾ ਤੇ ਸਟੇਜ', 'ਐਕਟਿੰਗ ਦੀ ਕਲਾ' 'ਕਲਾਕਾਰ ਯੂਨੀਅਨ', 'ਸਟੂਡਿਓ ਵਿਚ: ਸੁਰੱਖਿਆ-ਫੰਡ-ਜਲੂਸ ਦੇ ਦੂਜੇ ਦਿਨ, 'ਬਿਮਲ

ਰਾਏ-ਇਕ ਸ਼ਰਧਾਂਜਲੀ' 'ਅਤੇ 'ਪ੍ਰਿਥਵੀ ਰਾਜ ਤੇ ਨਾਟਕ-ਕਲਾ' ਮੌਲਿਕ ਨਿਬੰਧ ਹਨ। ਇਹ ਨਿਬੰਧ ਸਿਨਮਾ ਅਤੇ ਨਾਟਕ ਦਾ ਅੰਤਰ ਦਰਸਾਉਣ ਵਾਲੇ ਹਨ, ਫਿਲਮੀ ਕਲਾਕਾਰਾਂ ਦੀਆਂ ਮੁਸ਼ਕਲਾਂ ਦਾ ਸਮਾਧਾਨ ਸੁਝਾਉਣ ਵਾਲੇ ਹਨ ਅਤੇ ਸਿਨਮਾ ਅਤੇ ਰੰਗਮੰਚ ਨਾਲ ਸਬੰਧਤ ਸ਼ਖ਼ਸੀਅਤਾਂ ਦੀ ਪ੍ਰਤੀਬਧਤਾ ਵਲ ਸੰਕੇਤ ਕਰਨ ਵਾਲੇ ਹਨ।

'ਸਿਨਮਾ ਅਤੇ ਸਟੇਜ' ਨਿਬੰਧ ਵਿਚ ਨਿਬੰਧਕਾਰ ਨੇ ਸਿਨਮਾ ਅਤੇ ਸਟੇਜ ਸਬੰਧੀ ਸਿਧਾਂਤਕ ਅਤੇ ਵਿਵਹਾਰਕ ਪੱਖ ਬਾਰੇ ਜਾਣਕਾਰੀ ਦਿੱਤੀ ਹੈ। ਸਿਨਮਾ ਅਤੇ ਸਟੇਜ ਸਮੂਹਕ ਕਲਾ ਹੈ। ਇਕ ਵਿਅਕਤੀ ਆਪਣੀਆਂ ਵਿਅਕਤੀਗਤ ਕੋਸ਼ਿਸ਼ਾਂ ਸਦਕਾ ਇਸ ਖੇਤਰ ਵਿਚ ਸਫਲ ਨਹੀਂ ਹੋ ਸਕਦਾ। ਬਲਰਾਜ ਸਾਹਨੀ ਨੇ ਸਿਨਮਾ ਨੂੰ ਅਣਗਿਣਤ ਕਲਾਵਾਂ ਦਾ ਸਮੂਹ ਦਸਿਆ ਹੈ ਜਿਵੇਂ ਕਹਾਣੀ, ਗੀਤ, ਸੰਗੀਤ, ਐਕਟਿੰਗ, ਨਾਚ, ਸ਼ਿਲਪਕਲਾ, ਚਿਤਰਕਲਾ ਤੇ ਮੂਰਤੀ ਕਲਾ, ਮੇਕ-ਅਪ, ਲਾਇਟਿੰਗ, ਫੋਟੋਗ੍ਰਾਫੀ, ਸਾਊਂਡ ਰਿਕਾਰਡਿੰਗ, ਐਡੀਟਿੰਗ, ਪ੍ਰਿੰਟਿੰਗ, ਡਿਵੈਲਪਿੰਗ ਆਦਿ। ਸਿਨਮਾ ਅਤੇ ਰੰਗਮੰਚ ਇਕ ਦੂਸਰੇ ਦੇ ਸਹਿਯੋਗ ਨਾਲ ਹੀ ਪ੍ਰਭਾਵਮਈ ਬਣ ਸਕਦਾ ਹੈ। ਇਸ ਵਿਚ ਮਾਮੂਲੀ ਰੋਲ ਕਰਨ ਵਾਲੇ ਦੀ ਆਪਣੀ ਅਹਿਮੀਅਤ ਹੁੰਦੀ ਹੈ। ਥੀਏਟਰ ਵਿੱਚ ਪਰਦਾ ਖਿੱਚਣ ਵਾਲਾ ਵੀ ਕਲਾਕਾਰ ਹੈ। ਬਲਰਾਜ ਸਾਹਨੀ ਦੇ ਸ਼ਬਦਾਂ ਵਿੱਚ, "ਫਿਲਮ ਤੇ ਨਾਟਕ ਦੋਹਾਂ ਦੀ ਸਫਲਤਾ ਦਾ ਰਹੱਸ ਇਸ ਗੱਲ ਵਿੱਚ ਹੈ ਕਿ ਕਲਾਕਾਰਾਂ ਨੇ ਕਿਸ ਹੱਦ ਤਕ ਮਿਲ ਕੇ, ਖੁਸ਼ੀ ਨਾਲ, ਅਪਣੱਤ ਨਾਲ, ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ ਹੈ। ਜ਼ਾਹਿਰਾ ਤੌਰ ਉਤੇ, ਥੀਏਟਰ ਵਿਚ ਪਰਦਾ ਚੁੱਕਣ ਤੇ ਸੁੱਟਣ ਵਾਲਾ ਆਦਮੀ ਇਕ ਮਾਮੂਲੀ ਹੈਸੀਅਤ ਰਖਦਾ ਹੈ, ਪਰ ਜੇ ਕਿਸੇ ਦ੍ਰਿਸ਼ ਦੇ ਅਖੀਰ ਵਿਚ ਪਰਦਾ ਦੋ ਸੈਕੰਡ ਪਹਿਲਾਂ ਜਾਂ ਬਾਅਦ ਵਿਚ ਡਿਗੇ, ਤਾਂ ਕਿੰਨੀ ਕੋਫ਼ਤ ਹੁੰਦੀ ਹੈ। ਜਿਵੇਂ ਪਰਦਾ ਖਿੱਚਣ ਵਾਲੇ ਦੇ ਹੱਥ ਵਿਚ ਇਕ ਰਸੀ ਨਹੀਂ, ਸਗੋਂ ਦਰਸ਼ਕਾਂ ਦੀ ਸਮੁੱਚੀ ਭਾਵਨਾ ਦੀ ਵਾਗਡੋਰ ਹੁੰਦੀ ਹੈ। ਉਸ ਦੇ ਨਾਲ ਉਹ ਜਿਵੇਂ ਚਾਹੇ ਖੇਡ ਸਕਦਾ ਹੈ। ਉਹ ਚਾਹੇ ਤਾਂ ਦਰਸ਼ਕਾਂ ਨੂੰ ਰੁਆ ਸਕਦਾ ਹੈ, ਚਾਹੇ ਤਾਂ ਹਸਾ ਸਕਦਾ ਹੈ। ਸੋ, ਥੀਏਟਰ ਵਿਚ ਪਰਦਾ ਖਿੱਚਣ ਵਾਲਾ ਵੀ ਇਕ ਕਲਾਕਾਰ ਹੈ ਤੇ ਬਹੁਤ ਅਹਿਮ ਕਲਾਕਾਰ ਹੈ।"

ਸਿਨਮੇ ਦੀ ਐਕਟਿੰਗ ਤੇ ਸਟੇਜ ਦੀ ਐਕਟਿੰਗ ਵਿਚ ਬਹੁਤ ਫਰਕ ਹੈ। ਸਿਨਮਾ ਆਉਣ ਨਾਲ ਰੰਗਮੰਚ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਚੰਗੇ ਨਾਟਕ ਦੇਖਣ ਵਿਚ ਅਜੇ ਵੀ ਲੋਕਾਂ ਦੀ ਰੁਚੀ ਹੈ। ਸਿਨਮੇ ਵਿਚ 'ਕਲੋਜ਼-ਅਪ' ਰਾਹੀਂ ਐਕਟਰ ਆਪਣਾ ਪ੍ਰਭਾਵ ਵਧਾ ਸਕਦਾ ਹੈ ਜਦੋਂ ਕਿ ਸਟੇਜ-ਪਾਤਰ ਨੂੰ 'ਕਲੋਜ਼-ਅਪ' ਦੀ ਸੁਵਿਧਾ ਨਹੀਂ ਮਿਲ ਸਕਦੀ।

ਬਲਰਾਜ ਸਾਹਨੀ ਨੇ ਮਹਿਸੂਸ ਕੀਤਾ ਕਿ ਫਿਲਮ ਇੰਡਸਟਰੀ ਵਿਚ ਦੋ ਤਰ੍ਹਾਂ ਦੇ ਲੋਕ ਹਨ। ਇਕ ਉਹ ਜਿਨ੍ਹਾਂ ਦੀ ਸ਼ੁਹਰਤ ਬਹੁਤ ਹੈ। ਉਹ ਮੋਟਰਾਂ, ਟਰਾਂਜਿਸਟਰਾਂ, ਟੇਪ-ਰੀਕਾਰਡਰਾਂ, ਕੈਮਰਿਆਂ ਅਤੇ ਰੰਗੀਨ ਤਸਵੀਰਾਂ ਦੇ ਢੇਰ ਵਿਚ ਦਬ ਚੁਕੇ ਹਨ। ਇਨ੍ਹਾਂ ਵਿਚ ਐਕਟਰ, ਐਕਟਰਸਾਂ, ਪ੍ਰੋਡਿਊਸਰ, ਡਾਇਰੈਕਟਰ, ਡਿਸਟ੍ਰੀਬਿਊਟਰ ਅਤੇ ਐਗਜ਼ੀਬਿਟਰ ਆਉਂਦੇ ਹਨ। ਦੂਸਰੀ ਤਰ੍ਹਾਂ ਦੇ ਲੋਕ ਹਨ ਛੋਟੇ ਕਲਾਕਾਰ ਤੇ ਸਹਾਇਕ ਡਾਇਰੈਕਟਰ, ਉਹ ਇਸ ਉਮੀਦ ਨਾਲ ਜੀਉ ਰਹੇ ਹਨ ਕਿ ਉਹ ਵੀ ਏਕ ਦਿਨ ਸ਼ੁਹਰਤ ਪਾਉਣਗੇ। ਇਸ ਸਭ ਕੁਝ ਬਾਰੇ ਨਿਬੰਧਕਾਰ ਨੇ ਆਪਣੇ ਨਿਬੰਧ 'ਇਹ ਹੈ ਫਿਲਮੀ ਦੁਨੀਆਂ' ਵਿਚ ਵਿਸਥਾਰ ਸਹਿਤ ਦਰਸਾਇਆ ਹੈ।

'ਯਾਦਾਂ ਦਾ ਝਰੋਖਾ' ਨਿਬੰਧ-ਸੰਗ੍ਰਹਿ ਵਿਚ 10 ਨਿਬੰਧ ਹਨ। ਇਨ੍ਹਾਂ ਚੋਂ 'ਸੇਵਾ ਗ੍ਰਾਮ ਦੀਆਂ ਯਾਦਾਂ' ਅਤੇ 'ਆਪਣੀ ਫਿਲਮੀ ਜ਼ਿੰਦਗੀ ਦੀ ਪੰਝਵੀਂ ਵਰ੍ਹੇ ਗੰਢ ਤੇ ਦੋ ਨਵੇਂ ਨਿਬੰਧ ਹਨ ਬਾਕੀ ਦੁਹਰਾਉ ਹੈ। "ਸੇਵਾ ਗ੍ਰਾਮ ਦੀਆਂ ਯਾਦਾਂ' ਵਿਚ ਮਹਾਤਮਾ ਗਾਂਧੀ ਦੀ ਵਕਤ ਦੀ ਪਾਬੰਦੀ ਵਲ ਸੰਕੇਤ ਹੈ। ਨਿਬੰਧਕਾਰ ਮਹਾਤਮਾ ਗਾਂਧੀ ਦੇ ਪਦ-ਚਿੰਨ੍ਹਾਂ ਤੇ ਚਲਣ ਦੀ ਸੋਚਦਾ ਹੈ, "ਗਾਂਧੀ ਜੀ ਦੇ ਜੀਵਨ ਸਿਧਾਂਤ ਮੇਰੀ ਸਮਝ ਵਿਚ ਚਾਹੇ ਨ ਆਏ ਹੋਣ, ਉਨ੍ਹਾਂ ਨਾਲ ਮੇਰਾ ਚਾਹੇ ਕਿੰਨਾ ਹੀ ਮਤਭੇਦ ਕਿਉਂ ਨ ਹੋਵੇ, ਉਹਨਾਂ ਦੇ ਸਾਹਮਣੇ ਮੈਂ ਆਪਣੇ ਆਪ ਨੂੰ ਹਮੇਸ਼ਾ ਖੁੱਲ੍ਹਾ-ਖੁੱਲ੍ਹਾ ਮਹਿਸੂਸ ਕਰਦਾ ਹਾਂ। ਮੇਰਾ ਹਮੇਸ਼ਾ ਦਿਲ ਕਰਦਾ ਹੈ ਕਿ ਉਹਨਾਂ ਦੇ ਸਾਹਮਣੇ ਆਪਣਾ ਦਿਲ ਖੋਲ੍ਹਾਂ, ਨਿਡਰਤਾ ਤੇ ਸਹੀ ਗੱਲ ਆਖਣ ਦੀ ਪ੍ਰੇਰਨਾ ਲਵਾਂ। ਉਨ੍ਹਾਂ ਦੇ ਮੱਥੇ ਵਿਚ ਮੈਨੂੰ ਆਪਣੇ ਮੁਲਕ ਦਾ ਭਵਿੱਖ ਨਿਖਰਦਾ ਤੇ

ਉਭਰਦਾ ਵਿਖਾਈ ਦੇਣ ਲਗਦਾ ਹੈ। ਕਈ ਵਾਰ ਮੈਂ ਆਪਣੇ ਆਪ ਨੂੰ ਕਹਿੰਦਾ ਹਾਂ, "ਜੇ ਤੂੰ ਸਫ਼ਲ ਹੋਣਾ ਹੈ, ਤਾਂ ਇਸ ਬੰਦੇ ਵਾਂਗ ਹੀ ਦ੍ਰਿੜ ਫੈਸਲਾ ਕਰਨ, ਨਿਸ਼ਕਾਮ, ਸੱਚਾ ਤੇ ਨਿਡਰ ਹੋਣ ਦੀ ਸਾਧਨਾ ਕਰਨੀ ਪਏਗੀ।" ਇਸ ਮਹਾਂਪੁਰਖ ਦਾ ਸਰੂਪ ਮੈਂ ਆਪਣੇ ਮਨ ਦੀਆਂ ਗਹਿਰਾਈਆਂ ਵਿਚ ਹਮੇਸ਼ਾ ਲਈ ਅੰਕਿਤ ਕਰਨ ਦਾ ਜਤਨ ਕਰਦਾ ਰਹਿੰਦਾ ਹਾਂ।

ਬਲਰਾਜ ਸਾਹਨੀ ਨੇ 'ਆਪਣੀ ਫਿਲਮੀ ਜ਼ਿੰਦਗੀ ਦੀ ਪੰਝੀਵੀਂ ਵਰ੍ਹੇ ਗੰਢ' ਤੇ ਨਿਬੰਧ ਵਿਚ ਫਿਲਮ ਜਗਤ ਵਿਚ ਆਉਣ ਦੇ ਕਾਰਨ ਅਤੇ ਉਸ ਪ੍ਰਤੀ ਆਪਣਾ ਪ੍ਰਤੀਕਰਮ ਦਰਸਾਇਆ ਹੈ। ਉਹ ਫਿਲਮਾਂ ਵਿਚ ਕੰਮ ਕਰਦੇ ਹੋਏ ਵੀ ਫਿਲਮੀ ਮਾਹੌਲ ਵਿਚ ਆਪਣੇ ਆਪ ਨੂੰ ਓਪਰਾ ਮਹਿਸੂਸ ਕਰਦੇ ਰਹੇ। ਉਨ੍ਹਾਂ ਨੇ ਆਪ ਲਿਖਿਆ ਹੈ, "ਇਨ੍ਹਾਂ ਪੰਝੀਆਂ ਵਰ੍ਹਿਆਂ ਵਿਚ ਕੀ ਮੈਂ ਆਪਣੀ ਮੰਜ਼ਲੇ ਮਕਸੂਦ ਉਪਰ ਪੁੱਜਿਆ ਹਾਂ ? ਸੁਸਤੀਆਂ ਖ਼ਾਮੀਆਂ, ਅਜੇ ਵੀ ਉਸੇ ਤਰ੍ਹਾਂ ਮੇਰੇ ਅੰਦਰ ਮੌਜੂਦ ਹਨ। ਬਿਰਤੀਆਂ ਮੇਰੀਆਂ ਅਜੇ ਵੀ ਅੰਤਰਮੁਖੀ ਹਨ। ਏਸੇ ਕਰਕੇ ਫਿਲਮਾਂ ਵਿਚ ਕੰਮ ਕਰਦਾ ਹੋਇਆ ਵੀ ਮੈਂ ਫਿਲਮੀ ਮਾਹੌਲ ਵਿਚ ਓਪਰਾ ਹੀ ਮਹਿਸੂਸ ਕਰਦਾ ਹਾਂ। ਜਦੋਂ ਵੀ ਆਪਣੀ ਕੋਈ ਪੁਰਾਣੀ ਫਿਲਮ ਵੇਖਦਾ ਹਾਂ ਤਾਂ ਕਲੇਜੇ ਵਿਚੋਂ ਹੂਕ ਨਿਕਲਦੀ ਹੈ, 'ਕਾਸ਼ ਏਸ ਰੋਲ ਨੂੰ ਦੁਬਾਰਾ ਖੇਡਣ ਦਾ ਮੈਨੂੰ ਮੌਕਾ ਮਿਲ ਸਕਦਾ। ਉਦੋਂ ਮੇਰੇ ਕੰਮ ਵਿਚ ਕਿਤਨੀਆਂ ਖਾਮੀਆਂ ਸਨ।"[3]

'ਇਤਿਹਾਸ ਦੀ ਪੈੜ' ਨਿਬੰਧ-ਸੰਗ੍ਰਹਿ ਵਿਚ 'ਗੁਰੂ ਨਾਨਕ ਦੇਵ ਇਕ ਸਵੈ-ਅਲਾਪ, ਭਾਰਤੀ ਫਿਲਮ-ਇੰਡਸਟਰੀ ਨੂੰ ਪੰਜਾਬੀਆਂ ਦੀ ਦੇਣ, 'ਕਲਿਯੁਗ ਮਧੂਸੂਦਨ ਗੁਰੂ ਗੋਬਿੰਦ', 'ਜਵਾਹਰ ਲਾਲ ਨਹਿਰੂ-ਭਾਰਤ ਦੀ ਆਤਮਾ," 'ਤੁਮ ਸਲਾਮਤ ਰਹੋ ਹਜ਼ਾਰ ਬਰਸ', 'ਮਹਿਜੂਰ: ਇਸ ਕਸ਼ਮੀਰ ਦਾ ਕੌਮੀ ਕਵੀ ਅਤੇ ਗੁਰੂ ਨਾਨਕ ਇਕ ਸ਼ਰਧਾਂਜਲੀ' ਨਿਬੰਧ ਦਰਜ ਹਨ। ਇਸ ਸੰਗ੍ਰਹਿ ਵਿਚ ਨਾਨਕ ਸਿੰਘ ਨਾਲ ਇਕ ਮੁਲਾਕਾਤ ਵੀ ਦਿੱਤੀ ਗਈ ਹੈ ਜੋ ਬਲਰਾਜ ਸਾਹਨੀ ਦੀ ਪੰਜਾਬੀ ਦੇ ਪ੍ਰਸਿਧ ਨਾਵਲਕਾਰ ਨਾਨਕ ਸਿੰਘ ਨਾਲ ਨੇੜਲੀ ਸਾਂਝ ਵਲ ਸੰਕੇਤ ਕਰਨ ਵਾਲੀ ਹੈ। 'ਗੁਰੂ ਨਾਨਕ ਦੇਵ-ਇਕ ਸਵੈ-ਅਲਾਪ' ਨਿਬੰਧ ਵਿਚ ਬਲਰਾਜ ਸਾਹਨੀ ਨੇ ਉਨ੍ਹਾਂ ਤੇ ਵਿਅੰਗ ਕੀਤਾ ਹੈ ਜੋ ਧਰਮ ਦੀ ਆੜ ਵਿੱਚ ਵਿਖਾਵਾ ਕਰਦੇ ਹਨ। ਉਨ੍ਹਾਂ ਨੇ ਆਪਣਾ ਮਤ ਸਪਸ਼ਟ ਕਰਨ ਲਈ ਗੁਰੂ

ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਜਨਮ ਉਤਸਵ ਆਧਾਰ ਬਣਾਇਆ ਹੈ। ਗੁਰੂ ਨਾਨਕ ਦੇਵ ਜੀ ਨੂੰ ਤਾਂ ਰਸਮਾਂ ਤੋਂ ਚਿੜ੍ਹ ਸੀ ਪਰ ਉਨ੍ਹਾਂ ਦੇ ਸ਼ਰਧਾਲੂ ਰਸਮਾਂ ਰਾਹੀਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਂਟ ਕਰਦੇ ਹਨ। ਬਲਰਾਜ ਸਾਹਨੀ ਨੇ ਅਜਿਹਾ ਕਰਨ ਵਾਲਿਆ ਦੀ ਵਿਰੋਧਤਾ ਕੀਤੀ ਹੈ। ਬਲਰਾਜ ਸਾਹਨੀ ਨੇ 'ਭਾਰਤੀ ਫਿਲਮ-ਇੰਡਸਟਰੀ ਨੂੰ ਪੰਜਾਬੀਆਂ ਦੀ ਦੇਣ' ਨਿਬੰਧ ਰਾਹੀਂ ਪੰਜਾਬੀਆਂ ਦੇ ਸੁਭਾਅ ਨੂੰ ਉਲੀਕਿਆ ਹੈ ਅਤੇ ਉਨ੍ਹਾਂ ਦੇ ਫਿਲਮ-ਇੰਡਸਟਰੀ ਵਿਚ ਪਾਏ ਯੋਗਦਾਨ ਬਾਰੇ ਵਿਸਥਾਰ ਵਿਚ ਦਰਸਾਇਆ ਹੈ। 'ਕਲਿਯੁਗ- ਮਧੂਸੂਦਨ ਗੁਰੂ ਗੋਬਿੰਦ' ਵਿਚ ਗੁਰੂ ਗੋਬਿੰਦ ਸਿੰਘ ਦੇ ਵਿਅਕਤਿਤਵ ਨੂੰ ਉਘਾੜਿਆ ਹੈ।

ਹਵਾਲੇ

1. ਬਲਰਾਜ ਸਾਹਨੀ, ਸਿਨਮਾ ਤੇ ਸਟੇਜ, ਨਾਨਕ ਸਿੰਘ ਪੁਸਤਕਮਾਲਾ, ਪ੍ਰੀਤ ਨਗਰ (ਅੰਮ੍ਰਿਤਸਰ) ਪਹਿਲੀ ਵਾਰ: 1974, ਪੰਨਾ, 11
2. ਬਲਰਾਜ ਸਾਹਨੀ, ਯਾਦਾਂ ਦਾ ਝਰੋਖਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪਹਿਲੀ ਵਾਰ: ਅਪ੍ਰੈਲ, 1974, ਪੰਨੇ, 51-52
3. ਉਹੀ ਉਹੀ ਉਹੀ ਪੰਨਾ, 83
4. ਬਲਰਾਜ ਸਾਹਨੀ, ਇਤਿਹਾਸ ਦੀ ਪੈੜ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਪਹਿਲੀ ਵਾਰ: ਅਪ੍ਰੈਲ, 1974, ਪੰਨਾ 28
5. ਬਲਰਾਜ ਸਾਹਨੀ, ਯਾਦਾਂ ਦੀ ਕੰਨੀ, ਨਾਨਕ ਸਿੰਘ ਪੁਸਤਕਮਾਲਾ,ਅੰਮ੍ਰਿਤਸਰ,1990ਪੰਨਾ, 101

6. ਬਲਰਾਜ ਸਾਹਨੀ, ਕਾਮੇ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, ਪੰਨਾ, 51

7. ਬਲਰਾਜ ਸਾਹਨੀ, ਗ਼ੈਰ ਜਜ਼ਬਾਤੀ ਡਾਇਰੀ, ਨਵਯੁਗ ਪਬਲਿਸ਼ਰਜ, ਚਾਂਦਨੀ ਚੌਂਕ, ਦਿੱਲੀ 1989, ਪੰਨਾ, 155

8. ਉਹੀ ਉਹੀ, ਉਹੀ ਪੰਨਾ, 144

9. ਉਹੀ ਉਹੀ ਉਹੀ, ਪੰਨਾ, 142

ਬਲਰਾਜ ਸਾਹਨੀ ਨੇ ਭਾਰਤੀਆਂ ਦੀ ਅਜਿਹੀ ਸੋਚ ਵਲ ਵੀ ਇਸ਼ਾਰਾ ਕੀਤਾ ਹੈ ਜਿਸ ਸਦਕਾ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਸਹੀ ਸਥਾਨ ਨਾ ਦਿੱਤਾ। ਬਲਰਾਜ ਸਾਹਨੀ ਨੇ ਗੁਰੂ ਗੋਬਿੰਦ ਸਿੰਘ ਨੂੰ ਸੰਸਾਰਕ-ਦ੍ਰਿਸ਼ਟੀਕੋਣ ਤੋਂ ਵੇਖਣ ਦਾ ਉਪਰਾਲਾ ਕੀਤਾ ਹੈ। ਗੁਰੂ ਗੋਬਿੰਦ ਸਿੰਘ ਨੇ ਵਿਸ਼ਵ ਨੂੰ ਸਮਝਣ ਦੀ ਵੀ ਕੋਸ਼ਿਸ਼ ਕੀਤੀ ਅਤੇ ਆਪਣੀ ਸ਼ਕਤੀ ਨਾਲ ਬਦਲਣ ਦਾ ਵੀ ਪ੍ਰਯਾਸ ਕੀਤਾ। ਬਲਰਾਜ ਸਾਹਨੀ ਨੇ ਉਸ ਮਹਾਨ ਸ਼ਖ਼ਸੀਅਤ ਦੀ ਤੁਲਨਾ ਦੁਨੀਆਂ ਦੇ ਹੋਰ ਪ੍ਰਸਿਧ ਵਿਅਕਤੀਆਂ ਨਾਲ ਕੀਤੀ ਹੈ, "ਵਿਸ਼ਵ ਇਤਿਹਾਸ ਵਿਚ ਵਿਰਲਾ ਹੀ ਕੋਈ ਹੋਰ ਵਿਅਕਤੀ ਐਸਾ ਦਿਸੇਗਾ, ਜਿਸ ਅੰਦਰ ਈਸਾ ਵਾਲਾ ਸਹਿਨ, ਬੁੱਧ ਵਾਲੀ ਕੋਮਲਤਾ, ਮੁਹੰਮਦ ਵਾਲਾ ਤਿਆਗ ਅਤੇ ਕ੍ਰਿਸ਼ਨ ਵਾਲੀ ਬਚਿਤ੍ਰਾ ਅਤੇ ਵਿਨੋਦ ਇੰਜ ਰਲ-ਮਿਲ ਗਏ ਹੋਣ ਅਤੇ ਏਸ ਤੋਂ ਛੁੱਟ, ਜੋ ਸ਼ੈਕਸਪੀਅਰ ਦੇ ਹਾਣ ਦਾ ਕਵੀ, ਮੁਪਾਸਾਂ ਦੇ ਹਾਣ ਦਾ ਕਥਾਕਾਰ, ਨੈਪੋਲੀਅਨ ਦੀ ਟੱਕਰ ਦਾ ਜਰਨੈਲ ਅਤੇ ਨੀਤੀਵਾਨ, ਰਾਣਾ ਸਾਂਗਾ ਦੀ ਟੱਕਰ ਦਾ ਯੋਧਾ ਅਤੇ ਲੈਨਿਨ ਦੀ ਟੱਕਰ ਦਾ ਆਗੂ ਅਤੇ ਪ੍ਰਬੰਧਕ ਹੋਵੇ। ਇਸ ਵਿਚ ਕੋਈ ਸੰਦੇਹ ਨਹੀਂ ਕਿ ਜੇ ਏਸ ਮਨੁੱਖੀ ਸ਼ਾਹਕਾਰ ਨੇ ਕਿਸੇ ਹੋਰ ਦੇਸ਼ ਵਿਚ ਜਨਮ ਲਿਆ ਹੁੰਦਾ ਤਾਂ ਉਸ ਦੇ ਜੀਵਨ ਬਾਰੇ ਕਿਤਾਬਾਂ ਨਾਲ ਦੇਸ਼ ਦੀਆਂ ਲਾਇਬਰੇਰੀਆਂ ਭਰ ਚੁਕੀਆਂ ਹੁੰਦੀਆਂ। ਉਸ ਦੇ ਜੀਵਨ ਦੇ ਇਕ-ਇਕ ਪਹਿਲੂ ਨੂੰ, ਇਕ-ਇਕ ਘਟਨਾ ਨੂੰ ਅਣਥੱਕ ਅਧਿਐਨ ਅਤੇ ਵਿਸ਼ਲੇਸ਼ਣ ਦਾ ਮਜ਼ਮੂਨ ਬਣਾਇਆ ਗਿਆ ਹੁੰਦਾ। ਇਹ ਅਭਾਗਾ ਭਾਰਤ ਹੀ ਇਕ ਐਸਾ ਦੇਸ਼ ਹੈ ਜਿਥੇ ਮਹਾਂ-ਪੁਰਸ਼ਾਂ ਨੂੰ ਇਸਟ ਬਣਾ ਕੇ ਉਨ੍ਹਾਂ ਨਾਲ ਅਨਿਸ਼ਟ ਕੀਤਾ ਜਾਂਦਾ ਹੈ।"" ਬਲਰਾਜ ਸਾਹਨੀ ਨੇ ਪੰਡਤ

ਜਵਾਹਰ ਲਾਲ ਨਹਿਰੂ ਨੂੰ ਭਾਰਤ ਦੀ ਆਤਮਾ ਦਰਸਾ ਕੇ ਉਨ੍ਹਾਂ ਦਾ ਰੁਤਬਾ ਉੱਚਾ ਕੀਤਾ ਹੈ। ਉਨ੍ਹਾਂ ਨੇ ਮਹਾਤਮਾ ਗਾਂਧੀ ਜੀ ਨੂੰ ਭਾਰਤ ਦੀ ਸੇਵਾ ਵਿਚ ਜੁਟੇ ਦੇਖ ਕੇ ਆਪਣੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ "ਤੁਮ ਸਲਾਮਤ ਰਹੋ ਹਜ਼ਾਰ ਬਰਸ।" 'ਮਹਿਜੂਰ: ਇਕ ਕਸ਼ਮੀਰ ਦਾ ਕੌਮੀ ਕਵੀ ਨਿਬੰਧ ਕਸ਼ਮੀਰ ਦੇ ਅਣਗੌਲੇ ਕਵੀ ਦੀਆਂ ਜੀਵਨ ਘਟਨਾਵਾਂ ਅਤੇ ਉਸ ਦੀਆਂ ਰਚਨਾਵਾਂ ਤੇ ਆਧਾਰਤ ਹੈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਧਰਮ-ਨਿਰਪੇਖਤਾ ਲਈ ਆਵਾਜ਼ ਬੁਲੰਦ ਕਰਨ ਵਾਲੇ ਅਤੇ ਕੌਮੀ ਏਕਤਾ ਦੀ ਭਾਵਨਾ ਪੈਦਾ ਕਰਨ ਵਾਲੇ ਦਰਸਾ ਕੇ ਆਪਣੀ ਸ਼ਰਧਾਂਜਲੀ ਦਿੱਤੀ।

“ਯਾਦਾਂ ਦੀ ਕੰਨੀ” ਨਿਬੰਧ-ਸੰਗ੍ਰਹਿ ਵਿਚ ਦੋ ਨਵੇਂ ਨਿਬੰਧ ਹਨ', 'ਯਾਦ ਹੀਰੋ ਬਣਨ ਦੀ' ਅਤੇ 'ਕਸ਼ਮੀਰ ਯਾਤਰਾ: ਇਕ ਯਾਦ'। ਇਹ ਦੋਵੇਂ ਨਿਬੰਧ ਸੰਸਮਰਣ ਕਹੇ ਜਾ ਸਕਦੇ ਹਨ। 'ਯਾਦ ਹੀਰੋ ਬਣਨ ਦੀ' ਵਿਚ ਬਲਰਾਜ ਸਾਹਨੀ ਨੇ ਉਨ੍ਹਾਂ ਸਥਿਤੀਆਂ ਵਲ ਸੰਕੇਤ ਕੀਤਾ ਹੈ। ਜਦੋਂ ਉਨ੍ਹਾਂ ਨੂੰ ਆਪਣੇ ਮਿੱਤਰ, ਹਿੰਦੀ ਦੇ ਪ੍ਰਸਿੱਧ ਨਾਵਲ-ਨਿਗਾਰ ਅੰਮ੍ਰਿਤ ਲਾਲ ਨਾਗਰ ਦੀ ਫਿਲਮ 'ਗੁਜਨ' ਵਿਚ ਹੀਰੋ ਦਾ ਰੋਲ ਕਰਨ ਲਈ ਸਿਰੀਨਗਰ ਤੋਂ ਬੰਬਈ ਜਾਣਾ ਪਿਆ। ਇਸ ਫਿਲਮ ਦੇ ਪ੍ਰੋਡਿਊਸਰ ਵੀਰੇਂਦੇਰ ਦੇਸਾਈ ਸਨ। ਇਹ ਫਿਲਮ ਕਾਮਯਾਬ ਨਾ ਹੋ ਸਕੀ। 'ਕਸ਼ਮੀਰ ਯਾਤਰਾ: ਇਕ ਯਾਦ' ਨਿਬੰਧ ਵਿਚ ਕਸ਼ਮੀਰ ਦੀ ਇਕ ਟੁੱਟੀ ਸੜਕ ਤੇ ਆਵਾਜਾਈ ਸ਼ੁਰੂ ਹੋਣ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ। ਨਿਬੰਧਕਾਰ ਨੇ ਵਿਦੇਸ਼ੀਆਂ ਦੇ ਤੁਰੰਤ ਫੈਸਲਾ ਲੈਣ ਨੂੰ ਸਲਾਹਿਆ ਹੈ ਅਤੇ ਭਾਰਤੀਆਂ ਦੀ ਪਿਛਲਗ ਲਗਣ ਵਾਲੀ ਰੁਚੀ ਦੀ ਨਿਖੇਧੀ ਕੀਤੀ ਹੈ। ਬਲਰਾਜ ਸਾਹਨੀ ਨੇ ਇਸ ਘਟਨਾ ਉਪਰੰਤ ਆਪਣਾ ਪ੍ਰਤੀਕਰਮ ਇਨ੍ਹਾਂ ਸ਼ਬਦਾਂ ਰਾਹੀਂ ਪੇਸ਼ ਕੀਤਾ, "ਉਸ ਦਿਨ ਆਜ਼ਾਦ ਕੌਮ ਤੇ ਗੁਲਾਮ ਕੌਮ ਦਾ ਫ਼ਰਕ ਮੈਨੂੰ ਬਹੁਤ ਸਾਫ਼ ਤੌਰ ਤੇ ਵਿਖਾਈ ਦਿੱਤਾ। ਮੈਂ ਜੋ ਕੁਝ ਕਿਤਾਬਾਂ ਵਿਚ ਨਹੀਂ ਸੀ ਪੜ੍ਹ ਸਕਦਾ, ਉਹ ਮੈਨੂੰ ਉਸ ਘਟਨਾ ਨੇ ਵਿਖਾ ਦਿੱਤਾ। ਅੰਗ੍ਰੇਜ਼ ਇਕ ਆਜ਼ਾਦ ਕੌਮ ਦਾ ਬੰਦਾ ਸੀ। ਆਜਾਦ ਕੌਮ ਦੇ ਲੋਕਾਂ ਵਿਚ ਖੁਦ ਸੋਚਣ ਫੈਸਲਾ ਕਰਨ ਦੀ ਹਿੰਮਤ ਹੁੰਦੀ ਹੈ। ਗੁਲਾਮ ਕੌਮ ਦੇ ਲੋਕਾਂ ਦਾ ਸੁਭਾਅ

ਅਜਿਹਾ ਬਣ ਜਾਂਦਾ ਹੈ ਕਿ ਉਹ ਭੇਡਾਂ ਵਾਂਗ ਕਿਸੇ ਦੇ ਪਿੱਛੇ ਹੀ ਤੁਰਨਾ ਪਸੰਦ ਕਰਦੇ ਹਨ।"[5]

'ਕਾਮੇ' ਪੁਸਤਕ ਵਿਚ 'ਇਕ ਘਟਨਾ' ਇਕ ਮਿੱਠੀ ਯਾਦ', 'ਕੁੱਤਿਆ ਦੀ ਲੜਾਈ', • ਕਲਾਕਾਰ ਜੰਮਦਾ ਹੈ ਜਾ ਬਣਦਾ ਹੈ ? ਮੇਰਾ ਜੀਵਨ ਦ੍ਰਿਸ਼ਟੀਕੋਣ', ਅੱਥਰੂ, 'ਗੁਰਬਾਣੀ', 'ਜਈਆ', ਇਹ ਹੈ ਫਿਲਮੀ ਦੁਨੀਆ', 'ਆਦਰਸ਼ ਭਾਰਤੀ ਤੀਵੀਂ ਮੇਰੀ ਨਜ਼ਰ ਵਿਚ', 'ਪਹਿਲੀ ਸੂਟਿੰਗ', ਮੈਂ ਜਲਦੇ ਹਵਾਈ ਜਹਾਜ਼ਾਂ ਦੀ ਦੀਵਾਲੀ ਦੇਖੀ' ਅਤੇ 'ਕਾਮੇ' ਨਿਬੰਧ ਸ਼ਾਮਲ ਹਨ। ਇਕ ਘਟਨਾ 'ਯਾਦਾਂ ਦੀ ਕੰਨੀ ਸੰਗ੍ਰਹਿ ਵਿਚ' ਕਸ਼ਮੀਰ ਯਾਤਰਾ: ਇਕ ਯਾਦ' ਸਿਰਲੇਖ ਹੇਠ ਦਿਤਾ ਗਿਆ ਨਿਬੰਧ ਹੈ। ਇਸ ਬਾਰੇ ਅਸਾਂ ਪਹਿਲਾਂ ਜ਼ਿਕਰ ਕਰ ਦਿੱਤਾ ਹੈ। 'ਕਲਾਕਾਰ ਜੰਮਦਾ ਹੈ ਜਾਂ ਬਣਦਾ ਹੈ' ਨਿਬੰਧ ਰਾਹੀਂ ਬਲਰਾਜ ਸਾਹਨੀ ਨੇ ਆਪਣਾ ਮੌਤ ਦਰਸਾਉਦਿਆਂ ਸਪਸ਼ਟ ਕੀਤਾ ਹੈ ਕਿ ਕਲਾਕਾਰ ਜੰਮਦਾ ਨਹੀਂ ਸਗੋਂ ਮੇਹਨਤ ਨਾਲ ਆਪਣਾ ਰੋਲ ਨਿਭਾ ਕੇ ਸਥਾਪਤ ਹੁੰਦਾ ਹੈ। "ਮੇਰਾ ਜੀਵਨ-ਦ੍ਰਿਸ਼ਟੀਕੋਣ', ਨਿਬੰਧ ਰਾਹੀਂ ਨਿਬੰਧਕਾਰ ਨੇ ਆਪਣੀ ਵਿਚਾਰਧਾਰਾ ਦਰਸਾਈ ਹੈ। ਉਸ ਤੋਂ ਇਹ ਸਿੱਧ ਹੁੰਦਾ ਹੈ ਕਿ ਬਲਰਾਜ ਸਾਹਨੀ ਮਾਨਵਵਾਦੀ ਸਨ ਅਤੇ ਮਾਰਕਸੀ ਚਿੰਤਨ ਦੇ ਧਾਰਨੀ ਸਨ। 'ਅੱਥਰੂ' ਇਕ ਕਹਾਣੀਨੁਮਾ ਰਚਨਾ ਹੈ ਜਿਸ ਰਾਹੀਂ ਬਲਰਾਜ ਸਾਹਨੀ ਦੀ ਲੋੜਵੰਦ ਨਾਲ ਹਮਦਰਦੀ ਵਾਲੀ ਭਾਵਨਾ ਉਘੜਦੀ ਹੈ। 'ਗੁਰਬਾਣੀ' ਨਿਬੰਧ ਰਾਹੀਂ ਪਾਠਕਾਂ ਨੂੰ ਸਹੀ ਢੰਗ ਨਾਲ ਗੁਰਬਾਣੀ ਦੇ ਪਥ ਤੇ ਚਲਣ ਦਾ ਸੰਦੇਸ਼ ਦਿੱਤਾ ਗਿਆ ਹੈ ਅਤੇ ਭਗਤੀ ਭਾਵ ਰੱਖ ਕੇ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਸਤਿਕਾਰ ਰੱਖਣ ਲਈ ਪ੍ਰੇਰਿਆ ਗਿਆ ਹੈ। ਇਹ ਨਿਬੰਧ ਸੰਵਾਦਾਂ ਤੇ ਆਧਾਰਤ ਹੈ। ਨਿਬੰਧਕਾਰ ਨੇ ਇਕ ਮਹੱਤਵਪੂਰਨ ਪ੍ਰਸ਼ਨ ਖੜਾ ਕਰਕੇ ਪਾਠਕ- ਮਨ ਨੂੰ ਹਲੂਣਿਆ ਹੈ, "ਕਿਤਨੀ ਅਫਸੋਸਨਾਕ ਹਕੀਕਤ ਹੈ ਇਹ! ਅਜ ਬੰਗਾਲ ਦਾ ਹਰ ਹਿੰਦੂ-ਮੁਸਲਮਾਨ, ਰਾਮਾਨੰਦ, ਦਾਦੂ (ਅਸਲੀ ਨਾਂ ਦਾਊਦ) ਅਤੇ ਵਿਦਿਆਪਤੀ ਦੀ ਬਾਣੀ ਨੂੰ ਹਿਕ ਨਾਲ ਲਾ ਕੇ ਰੱਖਦਾ ਹੈ। ਯੂ.ਪੀ. ਦਾ ਹਰ ਹਿੰਦੂ ਮੁਸਲਮਾਨ ਕਬੀਰ, ਰਹੀਮ, ਰਸਖਾਨ, ਖੁਸਰੋ, ਮੀਰ, ਸੂਰਦਾਸ ਆਦਿ ਦੀ ਬਾਣੀ ਉਪਰ ਜਾਨ ਵਾਰਦਾ ਹੈ। ਪਰ ਨਾਨਕ, ਅਰਜਨ ਦੇਵ ਅਤੇ

ਗੋਬਿੰਦ ਸਿੰਘ ਦੀ ਬਾਣੀ ਪੰਜਾਬ ਦੇ ਹਿੰਦੂਆਂ-ਮੁਸਲਮਾਨਾਂ ਲਈ ਬਣ ਗਈ ਹੈ।" 'ਭਈਆ ਜੀ' ਨਿਬੰਧ ਵਿਚ ਬਿਰਤਾਂਤਕ ਸ਼ੈਲੀ ਰਾਹੀਂ ਨਿਬੰਧਕਾਰ ਨੇ ਦੁੱਧ ਵੇਚਣ ਵਾਲੇ ਭਈਏ ਦੀਆਂ ਭਾਵਨਾਵਾਂ ਵਲ ਇਸ਼ਾਰਾ ਕੀਤਾ ਹੈ। ਨਿਬੰਧਕਾਰ ਨੇ ਅਜੋਕੇ ਸਿਆਸੀ ਪ੍ਰਬੰਧ ਤੇ ਕਟਾਖਸ਼ ਵੀ ਕੀਤਾ ਹੈ ਜਿਥੇ ਨੇਤਾ ਸਿਰਫ਼ ਕਾਰਵਾਈਆਂ ਹੀ ਪਾਉਂਦੇ ਹਨ ਪਰ ਜਨਤਾ ਦੀਆਂ ਜਾਇਜ਼ ਮੰਗਾਂ ਵਲ ਧਿਆਨ ਨਹੀਂ ਦੇਂਦੇ। 'ਆਦਰਸ਼ ਭਾਰਤੀ ਤੀਵੀਂ ਮੇਰੀ ਨਜ਼ਰ ਵਿਚ' ਇਕ ਵਿਚਾਰਾਤਮਕ ਨਿਬੰਧ ਹੈ। ਨਿਬੰਧਕਾਰ ਨੇ ਭਾਰਤੀ ਤੀਵੀਂ ਦੀ ਸਥਿਤੀ ਇਕ ਕੁੱਕੜ ਵਰਗੀ ਦਰਸਾਈ ਹੈ ਜਿਸ ਨੂੰ ਖਾ ਕੇ ਮਰਦ ਆਨੰਦਤ ਹੁੰਦਾ ਹੈ। ਭਾਰਤੀ ਤੀਵੀਂ ਨੂੰ ਵੀ ਮਰਦ ਆਪਣੀ ਸਰੀਰਕ, ਮਾਨਸਿਕ ਤੇ ਕਲਾਤਮਕ ਭੁੱਖ ਮਿਟਾਉਣ ਦਾ ਸਾਧਨ ਸਮਝਦਾ ਹੈ। ਨਿਬੰਧਕਾਰ ਦੀ ਦ੍ਰਿਸ਼ਟੀ ਵਿਚ ਭਾਰਤੀ ਤੀਵੀਂ ਨੂੰ ਹਮੇਸ਼ਾ ਮਰਦ ਦੀ ਹਵਸ ਦਾ ਸ਼ਿਕਾਰ ਹੋਣਾ ਪਿਆ ਹੈ ਅਤੇ ਉਹ ਅਜੋਕੇ ਯੁੱਗ ਵਿੱਚ ਵੀ ਹੋ ਰਹੀ ਹੈ। ਬਲਰਾਜ ਸਾਹਨੀ ਨੇ 'ਪਹਿਲੀ ਸ਼ੂਟਿੰਗ' ਵਿਚ ਆਪਣੇ ਨਿੱਜੀ ਤਜਰਬਿਆਂ ਤੇ ਆਧਾਰਤ ਦਿਲਚਸਪ ਵੇਰਵੇ ਦਿੱਤੇ ਹਨ। ਫਿਲਮ ਡਾਇਰੈਕਟਰ ਫਨੀ ਮਜੂਮਦਾਰ ਦਾ ਆਪਣੇ ਪ੍ਰਤੀ ਰਵੱਈਆ ਵੀ ਦਰਸਾਇਆ ਹੈ ਅਤੇ ਹੀਰੋਇਨ ਸਵਰਨ ਲਤਾ ਦੇ ਵਿਰੁਕਤ ਵਿਵਹਾਰ ਵਲ ਸੰਕੇਤ ਵੀ ਕੀਤਾ ਹੈ। 'ਮੈਂ ਜਲਦੇ ਹਵਾਈ ਜਹਾਜ਼ਾਂ ਦੀ ਦੀਵਾਲੀ ਦੇਖੀ' ਅਤੇ 'ਕਾਮੇ' ਬਿਰਤਾਂਤਕ ਨਿਬੰਧ ਹਨ। ਇਨ੍ਹਾਂ ਵਿਚ ਨਿਬੰਧਕਾਰ ਨੇ ਇੰਗਲੈਂਡ ਰਹਿਣ ਸਮੇਂ ਦੀਆਂ ਯਾਦਾਂ ਨੂੰ ਸ਼ਬਦੀ ਜਾਮਾ ਪਹਿਨਾਇਆ ਹੈ। ਦੂਸਰੇ ਵਿਸ਼ਵ-ਯੁੱਗ ਸਮੇਂ ਇੰਗਲੈਂਡ ਵਿਚ ਜਲਦੇ ਹਵਾਈ ਜਹਾਜ਼ ਨਿਬੰਧਕਾਰ ਨੂੰ ਭਾਰਤ ਵਿਚ ਮਨਾਈ ਜਾ ਰਹੀ ਦੀਵਾਲੀ ਵੇਲੇ ਆਤਸ਼ਬਾਜੀ ਦੀ ਯਾਦ ਦੁਆਉਂਦੇ ਹਨ। 'ਕਾਮੇ' ਪੰਜ ਭਾਗਾਂ ਵਿਚ ਵਿਭਾਜਤ ਨਿਬੰਧ ਹੈ ਜੋ ਇੰਗਲੈਂਡ ਦੇ ਵਾਤਾਵਰਣ ਤੇ ਆਧਾਰਤ ਹੈ।

'ਮੈਂ ਐਕਟਰ ਬਣਿਆ', 'ਸ਼ਾਂਤੀ ਨਿਕੇਤਨ: ਗਾਂਧੀ-ਦਿਨ-ਇਕ ਪੁਰਾਣੀ ਯਾਦ', ਰਾਬਿੰਦਰ ਨਾਥ ਟੈਗੋਰ: ਕੁਝ ਯਾਦਾਂ ਅਤੇ 'ਮੈਂ ਡਾਇਰੈਕਟਰ ਬਣਿਆ', ਵੀ ਬਲਰਾਜ ਸਾਹਨੀ ਦੀਆਂ ਜੀਵਨ ਘਟਨਾਵਾਂ ਤੇ ਆਧਾਰਤ ਨਿਬੰਧ ਹਨ। 'ਮੈਂ ਐਕਟਰ ਬਣਿਆ' ਵਿਚ ਉਨ੍ਹਾਂ ਨੇ ਇਹ ਤੱਥ ਸਥਾਪਤ ਕੀਤਾ ਹੈ ਕਿ ਜ਼ਰੂਰੀ ਨਹੀਂ ਸਟੇਜ ਤੇ ਪਹਿਲਾਂ

ਅਭਿਨੈ ਕਰਨ ਵਾਲਾ ਹੀ ਪ੍ਰਸਿਧ ਐਕਟਰ ਬਣ ਸਕਦਾ ਹੈ। ਕਈ ਪਹਿਲਾਂ ਸਟੇਜ ਤੇ ਕਦੀ ਚੜ੍ਹੇ ਨਹੀਂ ਹੁੰਦੇ ਉਹ ਮਿਹਨਤ ਨਾਲ ਮਸ਼ਹੂਰ ਐਕਟਰ ਬਣ ਜਾਂਦੇ ਹਨ। 'ਸ਼ਾਂਤੀ ਨਿਕੇਤਨ' : ਗਾਂਧੀ-ਦਿਨ-ਇਕ ਪੁਰਾਣੀ ਯਾਦ' ਅਤੇ 'ਰਾਬਿੰਦਰ ਨਾਥ ਟੈਗੋਰ: ਕੁਝ ਯਾਦਾਂ' ਬਲਰਾਜ ਸਾਹਨੀ ਦੀਆਂ ਸ਼ਾਂਤੀ ਨਿਕੇਤਨ ਦੀਆਂ ਯਾਦਾਂ ਤੇ ਆਧਾਰਤ ਦਿਲਚਸਪ ਨਿਬੰਧ ਹਨ। 'ਮੈਂ ਡਾਇਰੈਕਟਰ ਬਣਿਆ' ਨਿਬੰਧ ਬਲਰਾਜ ਸਾਹਨੀ ਦੀ ਉਸ ਯਾਦ ਨੂੰ ਤਾਜ਼ਾ ਕਰਦਾ ਹੈ ਜਦੋਂ ਉਨ੍ਹਾਂ ਨੇ ਬਲਵੰਤ ਗਾਰਗੀ ਦਾ ਉਰਦੂ ਦਾ ਨਾਟਕ' ਸਿਗਨਲ ਮੈਨ ਦੂਲੀ' ਇਲਾਹਾਬਾਦ ਮੰਚ ਤੇ ਵੇਖਣ ਉਪਰੰਤ ਬੰਬਈ ਵਿਖੇ ਆਪ ਡਾਇਰੈਕਟ ਕੀਤਾ ਸੀ। ਉਨ੍ਹਾਂ ਨੇ ਇਸ਼ਤਿਹਾਰਾਂ ਲਈ ਤਖ਼ਤੇ ਤਿਆਰ ਕਰਨ ਵਾਲੇ ਨੂੰ ਨਾਟਕ ਵਿਚ ਹੀਰੋ ਦਾ ਰੋਲ ਨਿਭਾਉਣ ਲਈ ਤਿਆਰ ਕੀਤਾ। ਉਨ੍ਹਾਂ ਨੇ ਸਖ਼ਤਾਈ ਨਾਲ ਉਸ ਨੂੰ ਅਜਿਹਾ ਚੰਡਿਆ ਕਿ ਉਹ ਮੰਚ ਤੇ ਬਹੁਤ ਵਧੀਆ ਰੋਲ ਨਿਭਾ ਗਿਆ। ਉਸ ਨੇ ਇਹ ਸਾਬਤ ਕਰ ਦਿਤਾ ਕਿ ਇਕ ਅਨੁਭਵੀ ਡਾਇਰੈਕਟਰ ਕੇਵਲ ਪੜ੍ਹੇ ਲਿਖੇ ਲੋਕਾਂ ਨੂੰ ਹੀ ਨਹੀਂ, ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਨੂੰ ਵਧੀਆ ਅਦਾਕਾਰ ਬਣਾ ਸਕਦਾ ਹੈ।

ਬਲਰਾਜ ਸਾਹਨੀ ਦੀ ਪੁਸਤਕ 'ਗੈਰ ਜਜ਼ਬਾਤੀ ਡਾਇਰੀ' ਵਿਚ ਇਕ ਮਿੱਠੀ ਯਾਦ, 'ਦਿਲ, ਮਤਲਬ ਕਲੇਜਾ ਜਗੀਰ ਕਨ੍ਹੇਰੀ ਗੁਫਾ', 'ਟੈਲੀਫ਼ੋਨ ਵਾਲਾ', 'ਰੱਖੜੀ', 'ਇਕ ਕੁੜੀ ਦੀ ਲਾਸ,' 'ਚਪੇੜ', 'ਪੀ ਫਾਰਮ' ਅਤੇ 'ਹੀਰੋ' ਨਵੇਂ ਨਿਬੰਧ ਹਨ। ਨਵੇਂ ਨਿਬੰਧਾਂ ਤੋਂ ਸਾਡਾ ਭਾਵ ਹੈ ਜਿਨਾਂ ਨੂੰ ਅਸਾਂ ਹੋਰਨਾਂ ਪੁਸਤਕਾਂ ਦੀ ਚਰਚਾ ਸਮੇਂ ਨਹੀਂ ਵਿਚਾਰਿਆ।

'ਇਕ ਮਿੱਠੀ ਯਾਦ' ਨਿਬੰਧਕਾਰ ਨੂੰ ਇਕ ਲੋਕ-ਪ੍ਰਿਯ ਫਿਲਮ ਅਭਿਨੇਤਾ ਦਰਸਾਉਣ ਵਾਲਾ ਨਿਬੰਧ ਹੈ। ਬਲਰਾਜ ਸਾਹਨੀ ਕੋਲੋਂ ਮੋਟਰ ਸਾਈਕਲ ਮਕੈਨਿਕ ਇਸ ਕਰਕੇ ਪੈਸੇ ਨਹੀਂ ਲੈਂਦਾ ਕਿਉਂਕਿ ਉਸ ਨੇ ਉਨ੍ਹਾਂ ਨੂੰ 'ਹਮ ਲੋਗ' ਫਿਲਮ ਵਿਚ ਪ੍ਰਭਾਵਮਈ ਐਕਟਿੰਗ ਕਰਦਿਆਂ ਦੇਖਿਆ ਸੀ। 'ਦਿਲ, ਮਤਲਬ ਕਲੇਜਾ' ਨਿਬੰਧ ਬੰਬਈ ਦੇ ਟੈਕਸੀ ਡਰਾਇਵਰਾਂ ਦਾ ਸਵਾਰੀਆਂ ਨਾਲ ਸਲੂਕ ਦਰਸਾਉਣ ਵਾਲਾ ਹੈ। 'ਜਮੀਰ' ਇਕ ਕਹਾਣੀ ਨੁਮਾ ਨਿਬੰਧ ਹੈ। ਇਸ ਵਿਚ ਲੇਖਕ ਨੇ ਇਕ ਰੇਲ ਡਰਾਈਵਰ ਦੀ ਜ਼ਮੀਰ ਵਲ ਇਸ਼ਾਰਾ

ਕੀਤਾ ਹੈ। ਫਿਲਮ ਡਾਇਰੈਕਟਰ ਕਾਮਲੇ ਕੋਲੋਂ ਮਛੇਰੇ ਦੀ ਮੌਤ ਬਾਰੇ ਸੁਣ ਕੇ ਆਪਣੇ ਜੀਵਨ ਵਿਚ ਵਾਪਰੀ ਘਟਨਾ ਸੁਣਾਉਣ ਲਗ ਪੈਂਦਾ ਹੈ। ਉਹ ਪੁਲ ਤੇ ਗੱਡੀ ਖੜੀ ਨਾ ਕਰਕੇ ਆਪਣੇ ਆਪ ਨੂੰ ਪ੍ਰੇਸ਼ਾਨੀ ਵਿਚ ਪਾ ਲੈਂਦਾ ਹੈ। ਉਸ ਦੀ ਬਦਲੀ ਸਟੇਸ਼ਨ ਸਟਾਫ ਵਿਚ ਕਰ ਦਿੱਤੀ ਜਾਂਦੀ ਹੈ। ਉਹ ਮਹਿਸੂਸ ਕਰਦਾ ਹੈ ਕਿ ਉਸ ਦੀ ਜ਼ਮੀਰ ਨੇ ਉਸ ਨੂੰ ਹਮੇਸ਼ਾ ਦੋਸ਼ੀ ਠਹਿਰਾਇਆ ਹੈ। 'ਕਨ੍ਹੇਰੀ ਗੁਫ਼ਾ' ਬਲਰਾਜ ਸਾਹਨੀ ਦੀ ਡਾਇਰੀ ਦਾ ਇਕ ਹਿੱਸਾ ਹੈ। ਇਸ ਵਿਚ ਉਨ੍ਹਾਂ ਨੇ ਬੰਬਈ ਸ਼ਹਿਰ ਤੋਂ ਬਾਹਰ ਰਮਣੀਕ ਪਹਾੜੀਆਂ ਤੇ ਜੰਗਲਾਂ ਵਿਚ ਘਿਰੀਆਂ ਕਨ੍ਹੇਰੀ ਗੁਫਾਵਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਹੈ। ਇਹ ਗੁਫ਼ਾਵਾਂ ਅਤੇ ਅਲੋਰਾ ਤੋਂ ਵੀ ਪੁਰਾਣੀਆਂ ਹਨ । ਬਲਰਾਜ ਸਾਹਨੀ ਨੇ ਆਪਣੇ ਜੀਜਾ ਜੀ ਚੰਦਰਗੁਪਤ ਵਿਦਿਆਲੇਕਾਰ ਦੇ ਮੂੰਹੋਂ ਮਹਾਤੇ ਦਾ ਨਾਂ ਕਈ ਵਾਰ ਸੁਣਿਆ ਸੀ ਜਿਸ ਨੇ ਕਨ੍ਹੇਰੀ ਗੁਫਾਵਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲੈ ਲਈ ਸੀ । ਮਹਾਤੇ ਦੀ ਮੌਤ ਉਪਰੰਤ ਵੀ ਕੋਈ ਸੈਲਾਨੀ ਕਨ੍ਹੇਰੀ ਗੁਫ਼ਾਵਾਂ ਨੂੰ ਖ਼ਰਾਬ ਨਹੀਂ ਸੀ ਕਰਦਾ। 'ਟੈਲੀਫ਼ੂਨ ਵਾਲਾ' ਨਿਬੰਧ ਟੈਲੀਫ਼ੋਨ ਮਹਿਕਮੇ ਦੇ ਕਰਮਚਾਰੀਆਂ ਦੀ ਜੋਖ਼ਮ ਭਰੀ ਜ਼ਿੰਦਗੀ ਵਲ ਧਿਆਨ ਦੁਆਉਂਦਾ ਹੈ। ਅਜਿਹੇ ਕਰਮਚਾਰੀ ਆਪਣੀ ਜਾਨ ਤਲੀ ਤੇ ਧਰ ਕੇ ਤਾਰਾਂ ਅਤੇ ਖੰਭਿਆਂ ਨੂੰ ਠੀਕ ਕਰਦੇ ਹਨ। ਕੰਮ ਠੀਕ ਨਾ ਹੋਣ ਤੇ ਉਨ੍ਹਾਂ ਨੂੰ ਅਧਿਕਾਰੀਆਂ ਕੋਲੋਂ ਡਾਂਟ-ਡਪਟ ਖਾਣੀ ਪੈਂਦੀ ਹੈ ਅਤੇ ਠੀਕ ਕੀਤੇ ਕੰਮ ਲਈ ਉਨ੍ਹਾਂ ਨੂੰ ਪ੍ਰਸੰਸਾ ਦੀ ਕੋਈ ਆਸ ਨਹੀਂ ਹੁੰਦੀ। 'ਰੱਖੜੀ' ਵੀ ਬਲਰਾਜ ਸਾਹਨੀ ਦੀ ਡਾਇਰੀ ਦਾ ਇਕ ਭਾਗ ਹੈ। ਇਸ ਵਿਚ ਇਕ ਮਰਾਡਨ ਮੁਟਿਆਰ ਸੀਤਾ ਦੀਆਂ ਭਾਵਨਾਵਾਂ ਦਰਸਾਈਆਂ ਗਈਆਂ ਹਨ ਜਿਸ ਨੇ ਬਲਰਾਜ ਸਾਹਨੀ ਨੂੰ ਭਰਾ ਬਣਾਇਆ ਹੋਇਆ ਸੀ। ਬਲਰਾਜ ਸਾਹਨੀ ਉਸ ਕੋਲੋਂ ਉਸ ਦੇ ਘਰ ਰੱਖੜੀ ਬਣਵਾਉਣ ਜਾਂਦੇ ਹਨ। ਉਸ ਦਿਨ ਸੀਤਾ ਦੀ ਸਭ ਤੋਂ ਪਿਆਰੀ ਸਹੇਲੀ ਦੀ ਮੌਤ ਹੋ ਜਾਂਦੀ ਹੈ ਅਤੇ ਉਸ ਨੂੰ ਰੱਖੜੀ ਵਾਲੇ ਦਿਨ ਕੋਈ ਖੁਸ਼ੀ ਨਹੀਂ ਹੁੰਦੀ। ਬਲਰਾਜ ਸਾਹਨੀ ਨੂੰ ਉਸ ਨੇ ਚਿੱਠੀ ਲਿਖ ਕੇ ਬੁਲਾਇਆ ਸੀ। ਇਸ ਕਰਕੇ ਉਹ ਸਿਰਫ ਰਸਮ ਪੂਰੀ ਕਰਨ ਲਈ ਫਿਲਮ ਫੈਕਟਰੀ ਦੇ ਗੇਟ ਤੇ ਉਨ੍ਹਾਂ ਨੂੰ ਰੱਖੜੀ ਬੰਨਣ ਚਲੀ ਜਾਂਦੀ ਹੈ। ਬਲਰਾਜ ਸਾਹਨੀ ਉਸ ਨਾਲ ਫੋਟੋ ਨਾ ਖਿਚਵਾ ਕੇ ਉਸ ਦੇ

ਅਫਸੋਸ ਵਿਚ ਸ਼ਰੀਕ ਹੁੰਦੇ ਹਨ। 'ਇਕ ਕੁੜੀ ਦੀ ਲਾਸ਼' ਉਨ੍ਹਾਂ ਆਦਰਸ਼ਵਾਦੀ ਅਤੇ ਅਖਾਉਤੀ ਲੋਕ- ਹਿਤੈਸ਼ੀਆਂ ਤੇ ਵਿਅੰਗ ਹੈ ਜੋ ਇਕ ਕੁੜੀ ਦੀ ਲਾਸ਼ ਬਾਰੇ ਪੁਲਿਸ ਨੂੰ ਸੂਚਨਾ ਦੇਣ ਦਾ ਹੀਆ ਨਹੀਂ ਕਰਦੇ। ਬਲਰਾਜ ਸਾਹਨੀ ਦੇ ਸ਼ਬਦਾਂ ਵਿੱਚ, "ਬੜੀਆਂ ਲੋਕਵਾਦ ਦੀਆਂ ਅਤੇ ਸਖਸ਼ੀ ਆਜ਼ਾਦੀ ਦੀਆਂ ਗੱਲਾਂ ਕਰ ਰਹੇ ਸਾਂ। ਇਕ ਕੁੜੀ ਮੋਈ ਪਈ ਹੈ ਅਤੇ ਪੁਲਿਸ ਨੂੰ ਫੋਨ ਕਰਨ ਤਕ ਦੀ ਕਿਸੇ ਨੂੰ ਹਿੰਮਤ ਨਹੀਂ ਹੁੰਦੀ। ਕੀ ਇਸੇ ਨੂੰ ਲੋਕਵਾਦ ਆਖਦੇ ਹਨ ? ਉਸ ਮੁਲਕ ਦੇ ਲੋਕ ਆਜ਼ਾਦੀ ਕੀ ਜਾਣਨ ਜਿਥੇ ਹਰ ਆਦਮੀ ਪੁਲਿਸ ਦੇ ਨਾਂ ਤੋਂ ਖ਼ੌਫ਼ ਖਾਂਦਾ ਹੋਵੇ ? ਜਿਥੇ ਹਕੂਮਤ ਦੀ ਮਸ਼ੀਨਰੀ ਅਤੇ ਜਨਤਾ ਦਾ ਆਪਸ ਵਿੱਚ ਇੱਟ-ਘੜੇ ਦਾ ਵੈਰ ਹੋਵੇ ?" 'ਚਪੇੜ' ਸਟੂਡਿਉ ਵਿਚ ਹੁੰਦੀ ਸ਼ੂਟਿੰਗ ਦਾ ਦ੍ਰਿਸ਼ ਪੇਸ਼ ਕਰਨ ਵਾਲਾ ਬ੍ਰਿਤਾਂਤਕ ਨਿਬੰਧ ਹੈ। ਕਈ ਵਾਰ ਐਕਟਰਾਂ ਨੂੰ ਬਿਨਾਂ ਵਜ਼ਾ ਚਪੇੜਾਂ ਖਾਣੀਆਂ ਪੈਂਦੀਆਂ ਹਨ। ਜੇ ਡਾਇਰੈਕਟਰ ਦੀ ਤਸੱਲੀ ਨਾ ਹੋਵੇ ਤਾਂ ਰੀਟਕੇ ਲੈਣੇ ਪੈਦੇ ਹਨ। ਇਸ ਤਰ੍ਹਾਂ ਐਕਟਰ ਨੂੰ ਵਾਰ-ਵਾਰ ਚਪੇੜਾਂ ਖਾਣੀਆਂ ਪੈਂਦੀਆਂ ਹਨ। 'ਪੀ' ਫਾਰਮ ਦਾ ਮਤਲਬ ਹੈ ਵਿਦੇਸ਼ੀ ਸਿੱਕਾ ਬਚਾਉਣਾ| ਵਿਦੇਸ਼ ਵਿਚ ਜਾਣ ਲਈ ਚਾਲਾਕ ਲੋਕ ਕੋਈ ਨਾ ਕੋਈ ਢੰਗ ਲੱਭ ਹੀ ਲੈਂਦੇ ਹਨ। ਉਹ ਰੀਜਰਵ ਬੈਂਕ ਦੇ ਅਧਿਕਾਰੀਆ ਨੂੰ 'ਪੀ' ਫਾਰਮ ਦੇਣ ਲਈ ਮਜ਼ਬੂਰ ਕਰ ਦੇਂਦੇ ਹਨ। ਈਮਾਨਦਾਰ ਲੋਕਾਂ ਨੂੰ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਨਿਬੰਧ ਵਿਚ ਹੀ ਪਰਕਾਸ਼ ਆਪਣਾ ਪੈਸਾ ਬੈਂਕ ਵਿਚੋਂ ਕਢਵਾ ਕੇ ਉਸ ਦਾ ਕਾਲੀਨ ਖ਼ਰੀਦ ਕੇ ਸਮੁੰਦਰੀ ਜਹਾਜ਼ ਰਾਹੀਂ ਅਮਰੀਕਾ ਭਿਜਵਾ ਦੇਂਦਾ ਹੈ। ਭਾਰਤ ਤੋਂ ਮਾਲ ਬਾਹਰ ਭੇਜਣ ਤੇ ਸਰਕਾਰ ਵਲੋਂ ਕੋਈ ਪਾਬੰਦੀ ਨਹੀਂ। ਇਸ ਕਰਕੇ ਉਹ ਗੇਜ਼ਰਵ ਬੈਂਕ ਦੇ ਸੰਬੰਧਤ ਅਵਸਰ ਕੋਲੋਂ ਤੁਰੰਤ 'ਪੀ' ਫਾਰਮ ਤੇ ਦਸਖਤ ਕਰਵਾ ਲੈਂਦਾ ਹੈ। ਦੂਸਰੇ ਪਾਸੇ ਪੁੰਨਾ ਦੇ ਡਾਕਟਰ ਭਿੱਤੇ ਨੂੰ ਜਰਮਨ ਤੋਂ ਭੇਜੀਆਂ ਐਂਬੂਲੈਂਸਾਂ ਕਸਟਮ ਵਾਲੇ ਇਸ ਕਰਕੇ ਨਹੀਂ ਛੁਡਵਾਉਣ ਦੇਂਦੇ ਕਿਉਂਕਿ ਉਸ ਕੋਲ ਇਮਪੋਰਟ ਲਾਈਸੈਂਸ ਨਹੀਂ ਸੀ। ਡਾਕਟਰ ਵੀ ਨਿਬੰਧਕਾਰ ਨੂੰ ਮਾਰੀਸ਼ਸ਼ ਰਾਹੀਂ ਇੰਗਲੈਂਡ ਜਾਣ ਦਾ ਸੁਝਾਉ ਦੇਂਦਾ ਹੈ ਕਿਉਂਕਿ ਮਾਰੀਸਸ ਰਾਹੀਂ ਇੰਗਲੈਂਡ ਜਾਣ ਵਾਸਤੇ 'ਪੀ' ਫਾਰਮ ਦੀ ਕੋਈ ਲੋੜ ਨਹੀਂ।

'ਹੀਰੋ' ਨਿਬੰਧ ਵਿਚ ਬਲਰਾਜ ਸਾਹਨੀ ਨੇ ਭਾਸ਼ਾ ਵਿਭਾਗ, ਪੰਜਾਬ ਵਲੋਂ ਉਨ੍ਹਾਂ ਨੂੰ ਦਿੱਤੇ ਪੁਰਸਕਾਰ ਨਾਲ ਸਬੰਧਤ ਯਾਦ ਨੂੰ ਅੰਕਿਤ ਕੀਤਾ ਹੈ। ਬਲਰਾਜ ਸਾਹਨੀ ਨੇ 'ਹਕੀਕਤ' ਫਿਲਮ ਵਿਚ ਮੇਜਰ ਰਨਬੀਰ ਸਿੰਘ ਦਾ ਰੋਲ ਕੀਤਾ ਸੀ ਜੋ ਸਭ ਨੂੰ ਬਹੁਤ ਪਸੰਦ ਆਇਆ ਸੀ। ਚੰਡੀਗੜ੍ਹ ਵਿਖੇ ਭਾਸ਼ਾ ਵਿਭਾਗ, ਪੰਜਾਬ ਵਲੋਂ ਪੁਰਸਕਾਰ ਲੈਣ ਆਏ ਬਲਰਾਜ ਸਾਹਨੀ ਨੂੰ ਓਮ ਪ੍ਰਕਾਸ਼ ਨਾਂ ਦਾ ਆਦਮੀ ਮਿਲਿਆ। ਉਸ ਨੇ ਬਲਰਾਜ ਸਾਹਨੀ ਦੀ ਫਿਲਮ 'ਹਕੀਕਤ' ਤਿੰਨ ਵਾਰ ਦੇਖੀ ਸੀ ਅਤੇ ਚੌਥੀ ਵਾਰ ਉਹ ਆਪਣੀ ਮਾਂ ਨੂੰ ਨਾਲ ਲੈ ਕੇ ਦੇਖਣਾ ਚਾਹੁੰਦਾ ਸੀ ਪਰ ਉਸ ਕੋਲ ਪੈਸੇ ਨਹੀਂ ਸਨ। ਉਹ ਆਪ ਭਾਰਤੀ ਫੌਜ ਵਿਚ ਇਕ ਸਿਪਾਹੀ ਸੀ ਚੀਨੀਆਂ ਨਾਲ ਜੰਗ ਸਮੇਂ ਉਹ ਆਪਣੀਆਂ ਦੋਵੇਂ ਲੱਤਾਂ ਗਵਾ ਚੁੱਕਾ ਸੀ। ਬਲਰਾਜ ਸਾਹਨੀ ਦੀਆਂ ਨਜ਼ਰਾਂ ਵਿੱਚ ਉਹ ਹੀਰੋ ਸੀ। ਬਲਰਾਜ ਸਾਹਨੀ ਉਚੇਚਾ ਉਸ ਦੇ ਘਰ ਗਏ। ਉਸ ਦੇ ਘਰੋਂ ਪਰਤ ਕੇ ਪੁਰਸਕਾਰ ਵਿਤਰਣ ਸਮਾਰੋਹ ਵਿਚ ਬੈਠਿਆਂ ਵੀ ਉਨ੍ਹਾਂ ਦਾ ਧਿਆਨ ਓਮ ਪ੍ਰਕਾਸ਼ ਵਿਚ ਹੀ ਰਿਹਾ। ਸਮਾਰੋਹ ਵਿਚ ਆਪਣਾ ਭਾਸ਼ਨ ਵੀ ਉਖੜਿਆ ਉਖੜਿਆ ਹੀ ਦੇ ਸਕੇ।

ਬਲਰਾਜ ਸਾਹਨੀ ਦੀ ਪੁਸਤਕ 'ਮੇਰੀ ਫ਼ਿਲਮੀ ਆਤਮਕਥਾ' ਦੋ ਭਾਗਾਂ ਵਿਚ ਵੰਡੀ ਗਈ ਹੈ। ਇਸ ਵਿਚ ਪਹਿਲੇ ਭਾਗ ਦੇ 11 ਕਾਂਡ ਹਨ ਅਤੇ ਦੂਸਰੇ ਭਾਗ ਵਿਚ 8 ਕਾਂਡ। ਇਹ 19 ਕਾਂਡ ਸੁਤੰਤਰ ਸੰਸਮਰਣ-ਨਿਬੰਧ ਵੀ ਹਨ। ਬਲਰਾਜ ਸਾਹਨੀ ਨੇ ਆਪ ਇਸਦੇ ਕਈ ਕਾਂਡਾਂ ਨੂੰ ਨਿਬੰਧ-ਪੁਸਤਕਾਂ ਵਿਚ ਦਰਜ ਕੀਤਾ ਹੈ ਜਿਵੇਂ ਪਹਿਲੇ ਭਾਗ ਦਾ ਅੱਠਵਾਂ ਕਾਂਡ 'ਪਹਿਲੀ ਸ਼ੂਟਿੰਗ' ਸਿਰਲੇਖ ਹੇਠ ਦਿੱਤਾ ਗਿਆ ਹੈ ਅਤੇ ਦੂਜੇ ਭਾਗ ਦਾ ਪਹਿਲਾ ਕਾਂਡ 'ਯਾਦ ਹੀਰੋ ਬਣਨ ਦੀ' ਨਾਂ ਨਾਲ ਦਰਜ ਕੀਤਾ ਗਿਆ ਹੈ।

ਬਲਰਾਜ ਸਾਹਨੀ ਦੇ ਨਿਬੰਧ ਹਲਕੇ ਫੁਲਕੇ ਵਿਸ਼ਿਆਂ ਨਾਲ ਵੀ ਸਬੰਧਤ ਹਨ ਅਤੇ ਗੰਭੀਰ ਮਸਲਿਆਂ ਨੂੰ ਵੀ ਨਜਿੱਠਣ ਵਾਲੇ ਹਨ। ਉਨ੍ਹਾਂ ਦੇ ਇਹ ਨਿਬੰਧ ਅਧਿਆਤਮਵਾਦ ਨਾਲ ਵੀ ਸਬੰਧਤ ਹਨ ਅਤੇ ਦਾਰਸ਼ਨਿਕ ਪਹਿਲੂਆਂ ਨੂੰ ਵੀ ਵਿਚਾਰਣ ਵਾਲੇ ਹਨ। ਇਨ੍ਹਾਂ ਚੋਂ ਬਹੁਤੇ ਨਿਬੰਧ ਉਨ੍ਹਾਂ ਦੀਆ ਯਾਦਾਂ ਤੇ ਆਧਾਰਤ ਹਨ। ਉਨ੍ਹਾਂ ਚੋਂ

ਬਲਰਾਜ ਸਾਹਨੀ ਦੀ ਬਹੁਪੱਖੀ ਪ੍ਰਤਿਭਾ ਉਤਰਦੀ ਦਿਸਦੀ ਹੈ। ਕਈ ਨਿਬੰਧ ਨਿਰੋਲ ਕਹਾਣੀ ਨੁਮਾ ਹਨ ਜਿਨ੍ਹਾਂ ਰਾਹੀਂ ਬਲਰਾਜ ਸਾਹਨੀ ਨੇ ਕੋਈ ਵਿਸ਼ੇਸ਼ ਸੰਦੇਸ਼ ਦੇਣਾ ਚਾਹਿਆ ਹੈ। ਸੰਕੇਤਕ ਸ਼ੈਲੀ ਅਤੇ ਵਾਤਾਵਰਣ ਚਿੱਤਰਣ ਇਨ੍ਹਾਂ ਨਿਬੰਧਾਂ ਦੇ ਵਿਸ਼ੇਸ਼ ਗੁਣ ਹਨ। ਇਨ੍ਹਾਂ ਨਿਬੰਧਾਂ ਦੇ ਛੋਟੇ-ਛੋਟੇ ਵਾਕ ਇਨ੍ਹਾਂ ਨੂੰ ਪ੍ਰਭਾਵਮਈ ਬਣਾਉਂਦੇ ਹਨ। ਇਨ੍ਹਾਂ ਨਿਬੰਧਾਂ ਵਿਚਲਾ ਕਾਵਿਕ ਬਿਆਨ ਬਲਰਾਜ ਸਾਹਨੀ ਦੀ ਕਾਵਿ ਪ੍ਰਤਿਭਾ ਵੱਲ ਸੰਕੇਤ ਕਰਦਾ ਹੈ।

"ਹੁਣ ਅਸੀਂ ਰੇਤੇ ਤੇ ਅੱਪੜ ਚੁਕੇ ਸਾ। ਅਸਾਂ ਵੇਖਿਆ ਕਿ ਦੂਰ-ਦੂਰ ਤੀਕਰ ਕੰਢੇ ਵਾਲੇ ਮਾਰੇ ਦਰੱਖਤ ਵੀ ਵਿਗੇ ਅਤੇ ਸਾਗਰ ਵਲ ਉਭਰੇ ਹੋਏ ਹਨ। ਧੁੱਪ ਦੀ ਨੀਲੀ-ਨੀਲੀ ਧੁੰਦ ਜਿਹੀ ਜਿਵੇਂ ਉਨ੍ਹਾਂ ਦੇ ਕੇਸਾਂ ਵਿਚ ਉਂਗਲਾਂ ਫੇਰ ਰਹੀ ਸੀ। ਸਮੁੰਦਰ ਵੀ ਅਜ ਨੀਲਾ ਨੀਲਾ ਸੀ।*

ਬਲਰਾਜ ਸਾਹਨੀ ਨੇ ਇਨ੍ਹਾਂ ਨਿਬੰਧਾਂ ਵਿਚ ਢੁਕਵੀਂ ਬੋਲੀ ਵਰਤੀ ਹੈ। ਹੇਠਲੀਆਂ ਪੰਕਤੀਆਂ 'ਚੋਂ ਉਨ੍ਹਾਂ ਦਾ ਸੰਸਕ੍ਰਿਤ ਭਾਸ਼ਾ ਤੇ ਪ੍ਰਭਾਵ ਦਿਖਾਈ ਦੇਂਦਾ ਹੈ :

ਅਗੋਂ ਮੈਂ ਪੰਡਤਾਂ ਵਾਂਗ ਪੜਨਾ ਸ਼ੁਰੂ ਕੀਤਾ :
"ਕਾਲੋ ਨਾ ਯਾਤੋ ਵਯਮੇਵ ਯਾਤ:
ਭੋਗੇ ਨਾ ਭੁਗਤੋ ਵਯਮੇਯ ਭੁਗਤ :
ਠੰਡੋ ਨਾ ਠੰਡ: ਵਯਮੋਯ ਠੰਡ :"[9]

ਇਨ੍ਹਾਂ ਨਿਬੰਧਾਂ ਦਾ ਜਾਣਕਾਰੀ ਭਰਪੂਰ ਅਤੇ ਦਿਲਚਸਪ ਹੋਣਾ ਬਲਰਾਜ ਸਾਹਨੀ ਨੂੰ ਪੰਜਾਬੀ ਦਾ ਸਥਾਪਤ ਨਿਬੰਧਕਾਰ ਬਣਾਉਂਦਾ ਹੈ।

ਬਲਰਾਜ ਸਾਹਨੀ-ਇਕ ਕਵੀ

ਬਲਰਾਜ ਸਾਹਨੀ ਦਾ ਜੀਵਨ-ਸੁਪਨਾ ਸੀ ਕਿ ਉਹ ਪ੍ਰਸਿੱਧ ਸਾਹਿਤਕਾਰ ਬਣਨ। ਉਨ੍ਹਾਂ ਨੇ ਕਾਲਜ ਵਿਚ ਪੜ੍ਹਦਿਆਂ ਅੰਗ੍ਰੇਜ਼ੀ ਵਿਚ ਕਵਿਤਾਵਾਂ ਲਿਖੀਆਂ ਬਾਅਦ ਵਿਚ ਹਿੰਦੀ ਵਿਚ ਕਹਾਣੀਆਂ ਲਿਖੀਆਂ ਤੇ ਫਿਰ ਉਨ੍ਹਾਂ ਨੇ ਗੁਰੂਦੇਵ ਰਾਬਿੰਦਰ ਨਾਥ ਟੈਗੋਰ ਦੀ ਨਸੀਹਤ ਮੰਨ ਕੇ ਆਪਣੇ ਭਾਵਾਂ ਦੀ ਅਭਿਵਿਅਕਤੀ ਆਪਣੀ ਮਾਤਭਾਸ਼ਾ ਪੰਜਾਬੀ ਵਿਚ ਕਰਨੀ ਸ਼ੁਰੂ ਕਰ ਦਿੱਤੀ। ਉਹ ਅਖੀਰ ਤੱਕ ਪੰਜਾਬੀ ਵਿਚ ਲਿਖਦੇ ਰਹੇ। ਉਹ ਫਿਲਮੀ ਸੰਸਾਰ ਵਿਚ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹ ਕੇ ਵੀ ਸੰਤੁਸਟ ਨਾ ਹੋਏ, ਉਹ ਪੰਜਾਬੀ ਵਿਚ ਸਾਹਿਤ ਰਚਨਾ ਕਰਨ ਦਾ ਦ੍ਰਿੜ੍ਹ ਇਰਾਦਾ ਬਣਾ ਬੈਠੇ ਸਨ । ਇਸ ਸਬੰਧੀ ਉਨ੍ਹਾਂ ਨੇ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਚਿੱਠੀਆਂ ਵੀ ਲਿਖੀਆਂ। ਉਨ੍ਹਾਂ ਨੇ ਆਪਣੇ ਛੋਟੇ ਭਰਾ ਭੀਸ਼ਮ ਸਾਹਨੀ ਨੂੰ ਲਿਖਿਆ, 'ਮੈਨੂੰ ਫਿਲਮਾਂ ਨਾਲ ਉਕਾ ਪਿਆਰ ਨਹੀਂ । ਮੈਨੂੰ ਤਾਂ ਲਗਨ ਸਾਹਿਤ ਦੀ ਹੈ। ਉਹ ਵੀ ਸਭ ਤੋਂ ਵਧੀਕ ਆਪਣੇ ਪੰਜਾਬੀ ਸਾਹਿਤ ਦੀ। ਮੈਂ ਭਾਵੇਂ ਕੋਈ ਮੌਲਿਕ ਰਚਨਾ ਪੰਜਾਬੀ ਵਿਚ ਨਾ ਕਰ ਸਕਾਂ, ਫੇਰ ਵੀ ਮੈਂ ਉਤਮ ਵਿਗਿਆਨਕ ਗ੍ਰੰਥਾਂ ਦੇ ਪੰਜਾਬੀ ਵਿਚ ਅਨੁਵਾਦ ਕਰਕੇ ਹੀ ਆਪਣੇ ਜੀਵਨ ਨੂੰ ਸਫ਼ਲ ਬਣਾ ਸਕਦਾ ਹਾਂ, ਇਹ ਮੇਰਾ ਵਿਸ਼ਵਾਸ ਹੈ। ਜਨਤਾ ਨੂੰ ਉਤਮ ਸਾਹਿਤ ਦੀ ਆਪਣੀ ਬੋਲੀ ਵਿਚ ਬੜੀ ਲੋੜ ਹੈ। ਦੇਸ਼ ਨੂੰ ਅੱਗੇ ਵਧਣ ਦਾ ਇਹੋ ਇਕ ਸੱਚਾ ਸਾਧਨ ਹੈ। ਭਾਵੇਂ ਇਹ ਅਨੁਵਾਦ ਛਪਣ, ਭਾਵੇਂ ਨਾ ਵੀ ਛਪਣ, ਕੰਮ ਜਾਇਆ ਨਹੀਂ ਜਾ ਸਕਦਾ। ਇਸ ਤੋਂ ਇਲਾਵਾ ਵੀ ਜੋ ਕੁਝ ਲਿਖ ਸਕਾਂ ਤਾਂ ਧੰਨ ਭਾਗ, ਮੈਨੂੰ ਇਹ ਵੀ ਯਕੀਨ ਹੈ! ਕਿ ਤੁਸੀਂ, ਸ਼ੀਲਾ ਅਤੇ ਮੈਂ ਜੇ ਇਕ ਥਾਂ ਰਹਿ ਕੇ, ਰਲ ਕੇ ਸਾਹਿਤਕ ਸੇਵਾ ਦਾ ਕੰਮ ਕਰੀਏ ਤਾਂ ਵਾਕਈ ਅਸੀਂ ਇਕ ਦੂਜੇ ਨੂੰ ਬੜੀ ਪ੍ਰੇਰਣਾ ਦੇ ਸਕਦੇ ਹਾਂ। ਆਪਣੇ ਕੰਮ ਨੂੰ ਬੜਾ ਸੰਵਾਰ ਕੇ ਕਰ ਸਕਦੇ ਹਾਂ।"

ਇਸ ਸੁਪਨੇ ਨੂੰ ਸਾਕਾਰ ਕਰਨ ਵਾਸਤੇ ਬਲਰਾਜ ਸਾਹਨੀ ਨੇ ਪੰਜਾਬੀ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਰਾਹੀਂ ਆਪਣੇ ਵਿਚਾਰ ਭਾਵ ਪ੍ਰਗਟਾਏ ਉਨ੍ਹਾਂ ਨੇ ਪੰਜਾਬ ਵਿੱਚ

ਦੋ ਸਫਰਨਾਮੇ ਲਿਖੇ, ਇਕ ਨਾਟਕ ਲਿਖਿਆ, ਆਪਣੀ ਰੋਜ਼ਾਨਾ ਡਾਇਰੀ ਤੇ ਅਧਾਰਤ ਨਿਬੰਧ ਲਿਖੇ, ਫਿਲਮੀ ਆਤਮਕਥਾ ਲਿਖੀ ਅਤੇ ਇਕ ਕਾਵਿ-ਸੰਗ੍ਰਹਿ 'ਵੇਟਰ ਦੀ ਵਾਰ' ਲਿਖਿਆ।

ਬਲਰਾਜ ਸਾਹਨੀ ਨੇ ਛੋਟੀਆਂ ਅਤੇ ਲੰਬੀਆਂ ਨਜ਼ਮਾਂ ਰਾਹੀਂ ਆਪਣੇ ਕਵੀ ਮਨ ਦੀਆਂ ਪਰਤਾਂ ਫਰੋਲੀਆਂ ਹਨ। ਉਨ੍ਹਾਂ ਦੀਆਂ ਇਹ ਕਵਿਤਾਵਾਂ ਪਹਿਲਾਂ ਮਾਸਕ 'ਆਰਸੀ' ਅਤੇ 'ਪ੍ਰੀਤਲੜੀ' ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। 'ਵੇਟਰ ਦੀ ਵਾਰ' ਕਾਵਿ ਸੰਗ੍ਰਹਿ ਵਿਚ ਛੋਟੀਆਂ ਵੱਡੀਆਂ ਕੁਲ 18 ਕਵਿਤਾਵਾਂ ਦਰਜ ਹਨ। ਇਨ੍ਹਾਂ ਚੋਂ 'ਰੱਬ ਤੂੰ ਅਸਤੀਫ਼ਾ ਕਿਉਂ ਨਹੀਂ ਦੇ ਛਡਦਾ ?' 'ਵੇਟਰ ਦੀ ਵਾਰ' : 'ਆਪਣੇ ਓਲਡ ਬੁਆਏ' 'ਮਿੱਤਰ ਵਲ' ਅਤੇ ਉਸ ਦੂਰ ਗੁਆਚੇ ਯੁੱਗ ਵਿਚ' ਕਾਫੀ ਲੰਬੀਆਂ ਕਵਿਤਾਵਾਂ ਹਨ। 'ਪੰਛੀ', 'ਸੱਟਾ ਬਜ਼ਾਰ', 'ਗਤੀ', 'ਲਾਲਸਾ,' 'ਲੁੱਟ', ਅਤੇ 'ਨਮੋ ਨਮੋ ਮਮ ਜਠਨੀ ਬੰਗ ਭੂਮੀ' ਛੋਟੀਆਂ ਪਰ ਪ੍ਰਭਾਵਮਈ ਕਵਿਤਾਵਾਂ ਹਨ। 'ਦੁਪਾਸੜਾ' ਹੁੱਬ, ‘ਸਿੱਖਿਆ, 'ਫਿਲਮ ਸਟਾਰ' 'ਕਲਗੀਧਰ ਦੇ ਸੱਚੇ ਵਾਰਸ, ਵੀਅਤਨਾਮ, 'ਹਾਦਸਾ’; ਲੰਘਦੇ ਜਾਂਦੇ, ਅਤੇ ‘ਪ੍ਰਭਾਤ ਤੋਂ ਪਹਿਲਾਂ' ਦਰਮਿਆਨੇ ਆਕਾਰ ਵਾਲੀਆਂ ਕਵਿਤਾਵਾਂ ਹਨ।

ਇਨ੍ਹਾਂ ਕਵਿਤਾਵਾਂ ਦੇ ਨੇੜਲੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਬਲਰਾਜ ਸਾਹਨੀ ਦੀਆਂ ਭਾਵਨਾਵਾਂ ਵਿਚ ਡੂੰਘਾਈ ਹੈ, ਉਨਾਂ ਨੂੰ ਸ਼ਕਤੀਸ਼ਾਲੀ ਕਾਲਪਨਿਕ ਉਡਾਰੀਆਂ ਕਵਿਤਾ ਵਿਚ ਬੰਨਣਦੀ ਜੁਗਤ ਆਉਂਦੀ ਹੈ। ਉਨ੍ਹਾਂ ਨੇ ਆਪਣੇ ਵਿਚਾਰਾਂ/ਭਾਵਾਂ ਦੀ ਅਭਿਵਿਅਕਤੀ ਖੁਲ੍ਹੀ ਕਵਿਤਾ ਰਾਹੀਂ ਕੀਤੀ ਹੈ।, ਪਰ ਉਸ ਵਿਚ ਭਾਵਾਂ/ਵਿਚਾਰਾਂ ਦੀ ਰਵਾਨੀ ਦੇ ਨਾਲ-ਨਾਲ ਇਕ ਲੈਅ ਕਾਇਮ ਰਹਿੰਦੀ ਹੈ ਜੋ ਕਵਿਤਾ ਨੂੰ ਨੀਰਸ ਹੋਣੋਂ ਬਚਾਉਂਦੀ ਹੈ।

ਬਲਰਾਜ ਸਾਹਨੀ ਦੀਆਂ ਇਹ ਕਵਿਤਾਵਾਂ ਲੋਕ-ਪੱਖੀ ਨੁਹਾਰ ਵਾਲੀਆਂ ਹਨ। ਉਨ੍ਹਾਂ ਨੇ ਔਕੜਾਂ ਵਿਚ ਫਸੇ ਹਿੰਦਸਿਆਂ ਨਾਲ ਸਹਾਨਭੂਤੀ ਦਰਸਾਈ ਹੈ ਅਤੇ ਉਨ੍ਹਾਂ ਨੂੰ ਗੈਰਤਮਈ ਜੀਵਨ ਜੀਉਣ ਦੀ ਪ੍ਰੇਰਨਾ ਦਿੱਤੀ ਹੈ। ਹਿੰਦੂ, ਮੁਸਲਿਮ ਦੰਗਿਆਂ ਸਮੇਂ ਪੀੜਤ ਜਨਤਾ ਦੀ ਤਰਸਮਈ ਸਥਿਤੀ ਨੂੰ ਜ਼ੋਰਦਾਰ ਢੰਗ ਨਾਲ ਬਿਆਨ ਕੀਤਾ ਹੈ

ਅਤੇ ਅਜਿਹੀ ਦਰਦਨਾਕ ਸਥਿਤੀ ਨੂੰ ਨਾ ਰੋਕ ਸਕਣ ਲਈ ਰੱਬ ਨੂੰ ਉਲ੍ਹਾਮਾ ਦਿੱਤਾ ਹੈ ਅਤੇ ਉਸ ਨੂੰ ਅਸਤੀਫਾ ਦੇਣ ਦੀ ਪੁਰਜੋਰ ਮੰਗ ਕੀਤੀ ਹੈ। 'ਰੱਬਾ ਤੂੰ ਅਸਤੀਫਾ ਕਿਉਂ ਨਹੀਂ ਦੇ ਛੱਡਦਾ ? ਨਾਗਪੁਰ ਦੇ ਫਸਾਦਾਂ ਬਾਰੇ ਸੁਣ ਕੇ ਲਿਖੀ ਗਈ ਕਵਿਤਾ ਹੈ। ਪ੍ਰੋਫੈਸਰ ਮੋਹਨ ਸਿੰਘ ਨੇ 1947 ਈ. ਦੇ ਹਿੰਦੂ, ਮੁਸਲਿਮ, ਸਿੱਖ ਕਤਲਾਂ ਨੂੰ ਨਾ ਸਹਾਰਦੇ ਹੋਏ ਰੱਬ ਨੂੰ ਨਿਹੋਰਾ ਦਿੱਤਾ ਸੀ । ਇਸ ਕਵਿਤਾ ਵਿਚ ਬਲਰਾਜ ਸਾਹਨੀ ਨੇ ਰੱਬ ਅਤੇ ਮਨੁੱਖ ਵਿਚਕਾਰ ਸੰਵਾਦ ਪੇਸ਼ ਕੀਤਾ ਹੈ। ਕਵੀ ਦਾ ਵਿਚਾਰ ਹੈ ਕਿ ਜਿਹੜੇ ਮੁਲਕਾਂ ਵਿਚ ਲੋਕਾਂ ਦਾ ਰੱਬ ਵਿਚ ਵਿਸ਼ਵਾਸ ਨਹੀਂ ਉਥੇ ਲੋਕਾਂ ਵਿਚ ਲੜਾਈ ਝਗੜੇ ਨਹੀਂ। ਬਲਰਾਜ ਸਾਹਨੀ ਲਈ ਖਾਜਾ ਅਹਿਮਦ ਅਬਾਸ, ਕੈਫ਼ੀ ਆਜ਼ਮੀ, ਅਲੀ ਸਰਦਾਰ ਜਾਫ਼ਰੀ, ਸਾਹਿਰ ਲੁਧਿਆਣਵੀ, ਫੈਜ ਅਹਿਮਦ ਫੈਜ਼, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ ਅਤੇ ਟੀ.ਐਸ.ਜਾਰਜ ਸਭ ਪਿਆਰ ਅਤੇ ਸਤਿਕਾਰ ਦੇ ਪਾਤਰ ਹਨ। ਬਲਰਾਜ ਸਾਹਨੀ ਨੇ ਆਪਣੇ ਨਿੱਜੀ ਤਜ਼ਰਬੇ ਦੇ ਆਧਾਰ ਤੇ ਕਾਵਿ-ਪ੍ਰਤੀਕਰਮ ਪੇਸ਼ ਕੀਤਾ ਹੈ:

"ਸੰਸਾਰ ਦੇ
ਬਹੁਤ ਸਾਰੇ ਦੇਸ਼ਾਂ ਵਿਚ ਮੈਂ ਘੁੰਮਿਆਂ ਹਾਂ।
ਤੇ ਇਕ ਅਜੀਬ ਗੱਲ ਵੇਖੀ ਏ,ਰੱਬਾ
ਜਿਥੇ ਲੋਕਾਂ ਤੈਨੂੰ ਵਿਸਾਰਿਆ ਏ
ਤੇਰੇ ਵਲੋਂ ਪਿੱਠ ਮੋੜੀ ਏ
ਉਥੇ ਹੀ ਲੋਕ ਜ਼ਿਆਦਾ ਖੁਸ਼ਹਾਲ ਹੋਏ ਨੇ
ਸੁਖੀ ਹੋਏ ਨੇ
ਈਮਾਨਦਾਰ ਹੋਏ ਨੇ
ਉਨ੍ਹਾਂ ਅੰਦਰ ਮਨੁੱਖਤਾ ਜਾਗੀ ਏ
ਉਨ੍ਹਾਂ ਦੇ ਦਿਲ ਮੋਕਲੇ ਹੋਏ ਨੇ
ਜੇ ਇਹ ਗੱਲ ਸੱਚ ਏ, ਰੱਬਾ,
ਤਾਂ ਤੂੰ ਅਸਤੀਫਾ ਕਿਉਂ ਨਹੀਂ ਦੇ ਛੱਡਦਾ ??

ਅਜੋਕਾ ਮਾਨਵ ਅੰਸਤੁਸ਼ਟਤਾ ਦਾ ਸ਼ਿਕਾਰ ਹੈ। ਜਿਸ ਕੋਲ ਥੋੜ੍ਹੇ ਸਾਧਨ ਹਨ ਉਹ ਹੋਰ ਸਾਧਨ ਪ੍ਰਾਪਤ ਕਰਨ ਲਈ ਪ੍ਰਯਤਨਸ਼ੀਲ ਹੈ ਅਤੇ ਜਿਸ ਕੋਲ ਖੁਸ਼ਹਾਲ ਜੀਵਨ ਬਿਤਾਉਣ ਦੇ ਸਾਧਨ ਹਨ ਉਹ ਉਨਾਂ ਤੋਂ ਵੀ ਜ਼ਿਆਦਾ ਪ੍ਰਾਪਤ ਕਰਨ ਦੀ ਦੌੜ ਵਿਚ ਹੈ। ਬਲਰਾਜ ਸਾਹਨੀ ਮਾਰਕਸਵਾਦੀ ਚਿੰਤਕ ਸਨ ਇਸ ਕਰਕੇ ਉਨ੍ਹਾਂ ਨੇ ਜਾਤੀ ਤੇ ਜਮਾਤੀ ਭੇਦ ਨੂੰ ਮਿਟਾਉਣ ਤੇ ਬਲ ਦਿੱਤਾ। ਉਨ੍ਹਾਂ ਨੂੰ ਸਰਦੇ ਪੁੱਜਦੇ ਘਰ ਦਾ ਸੁੰਦਰ ਸੁਨੱਖਾ ਨੌਜਵਾਨ ਇਕ ਹੋਟਲ ਵਿਚ ਬੈਰੇ ਦਾ ਕੰਮ ਕਰਦਾ 'ਵੇਟਰ ਦੀ ਵਾਰ' ਕਵਿਤਾ ਲਿਖਣ ਲਈ ਪ੍ਰੇਰਦਾ ਹੈ। ਹੋਟਲ ਦੇ ਮਾਲਕ ਅਜਿਹੇ ਬੈਰਿਆਂ ਦੀਆਂ ਭਾਵਨਾਵਾਂ ਨਾਲ ਖੇਡਦੇ ਹਨ। ਬਲਰਾਜ ਸਾਹਨੀ ਪੂੰਜੀਵਾਦ ਦੇ ਵਿਰੁਧ ਸਨ। ਉਹ ਕਿਰਤੀ ਰਾਜ ਨੂੰ ਫੈਲਦਾ ਦੇਖਣਾ ਚਾਹੁੰਦੇ ਹਨ। ਉਹ ਸਮਾਜ ਵਿਚ ਸਮਾਨਤਾ ਦੀ ਹਾਮੀ ਭਰਦੇ ਸਨ :

ਭੁੱਖਾ ਰਹੇ ਨ ਕੋਈ ਜਹਾਨ ਉਤੇ
ਸੱਭੇ ਵੱਸਣ ਸੁਖੀ, ਕਲਿਆਣ ਹੋਵੇ
ਮੋਟਾ ਹੋਵੇ ਨਾ ਕੋਈ ਮੁਨਾਫਿਆਂ ਤੇ
ਊਚ-ਨੀਚ ਦੇ ਵਿਤਕਰੇ ਖ਼ਤਮ ਹੋਵਣ ।

ਉਨ੍ਹਾਂ ਨੇ ਤਾਂ ਹੋਟਲ ਵਿਚ ਬੈਰੇ ਦਾ ਕੰਮ ਕਰਦੇ ਨੌਜਵਾਨ ਨੂੰ ਵੀ ਹੋਟਲ ਦੇ ਮਾਲਕਾਂ ਕੋਲੋਂ ਹੱਕ ਮੰਗਣ ਲਈ ਚੇਤੰਨ ਕੀਤਾ:

ਭਾਲ ਨਵਾਂ ਗਿਆਨ ਹੁਸ਼ਿਆਰ ਹੋ ਜਾ
ਲੜ ਆਪਣੇ ਹੱਕਾਂ ਲਈ ਤਾਣ ਛਾਤੀ
ਇਹਨਾਂ ਹੋਟਲ ਦੇ ਮਾਲਕਾਂ ਖਚਰਿਆਂ ਨੇ
ਛੇਤੀ ਤੈਨੂੰ ਵੀ ਠੁੱਠ ਵਿਖਾਵਣਾ ਈਂ।"[4]

ਬਲਰਾਜ ਸਾਹਨੀ ਨੂੰ ਭਾਰਤ ਪਾਕਿ ਬਟਵਾਰਾ ਅੰਦਰੋਂ ਅੰਦਰ ਤੰਗ ਕਰਦਾ ਹੈ ਉਨਾਂ ਨੂੰ ਰਾਵਲਪਿੰਡੀ, ਭੇਰੇ ਬਿਤਾਇਆ ਬਚਪਨ ਯਾਦ ਆਉਂਦਾ ਹੈ ਅਤੇ ਯਾਦ ਆਉਂਦੇ ਹਨ ਉਹ ਦੋਸਤ ਜਿਨ੍ਹਾਂ ਨਾਲ ਉਨ੍ਹਾਂ ਨੇ ਕਈ ਵਰ੍ਹੇ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕੀਤੀਆਂ। ਉਹ ਪੂਰਬੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਦੇ ਸ਼ਹਿਰਾਂ ਦੀ ਤੁਲਨਾ

ਕਰਦਾ ਹੈ। ਉਸ ਨੂੰ ਸ਼ਿਮਲੇ ਨਾਲੋਂ ਕੋਹਮਰੀ ਕਸਬਾ ਵਧੇਰੇ ਪਸੰਦ ਹੈ। 'ਆਪਣੇ 'ਓਲਡ ਬੁਆਏ' ਮਿੱਤਰ ਵਲ ਕਵਿਤਾ ਰਾਹੀਂ ਉਨ੍ਹਾਂ ਨੇ ਅਜਿਹੀਆਂ ਭਾਵਨਾਵਾਂ ਪ੍ਰਗਟਾਈਆਂ ਹਨ। ਬਲਰਾਜ ਸਾਹਨੀ ਦਾ ਆਤਮ ਕਥਨ ਦੋਹਾਂ ਮੁਲਕਾਂ ਦੇ ਵਸ਼ਿੰਦਿਆਂ ਦੀ ਮਨੋ-ਸਥਿਤੀ ਉਘਾੜਦਾ ਹੈ।

ਅਚਾਨਕ ਇਕ ਵਾਕ ਤੇਰੇ ਮੂੰਹੋਂ ਨਿਕਲਿਆ
'ਕੋਹ ਮਰੀ ਚੰਗੀ ਥਾਂ ਹੈ
ਪਰ ਸ਼ਿਮਲੇ ਨਾਲ ਉਸ ਦਾ ਕੀ ਮੁਕਾਬਲਾ ?"
ਉਸ ਤੋਂ ਮੈਨੂੰ ਚੇਤੇ ਆਇਆ
ਤੁਹਾਡਾ ਪਰਿਵਾਰ ਹਮੇਸ਼ਾ ਸ਼ਿਮਲੇ ਜਾਇਆ ਕਰਦਾ ਸੀ
ਜਿਵੇਂ ਅਸੀਂ ਕੋਹਮਰੀ ਜਾਂਦੇ ਸੀ।
ਤੇਰੀਆਂ ਸ਼ਿਮਲੇ ਨਾਲ ਉਸੇ ਢੰਗ ਦੀਆਂ ਯਾਦਾਂ ਵਾਬਸਤਾ ਸਨ
ਜਿਵੇਂ ਮੇਰੀਆਂ ਮਰੀ ਨਾਲ
ਮੈਨੂੰ ਤੁਹਾਡੀ ਛੋਟੇ ਸ਼ਿਮਲੇ ਵਾਲੀ
ਕੋਠੀ ਵੀ ਯਾਦ ਆ ਗਈ
ਜਿਥੇ ਇਕ ਵਾਰ ਤੇਰੇ ਕੋਲ ਆ ਕੇ ਠਹਿਰਿਆ ਸਾਂ ।[5]

ਬਲਰਾਜ ਸਾਹਨੀ ਦੀ ਦ੍ਰਿਸ਼ਟੀ ਵਿਚ ਵੀਅਤਨਾਮ, ਕਲਗੀਧਰ ਦਾ ਅਸਲੀ ਵਾਰਸ ਹੈ ਜਿਸ ਨੇ ਅਮਰੀਕਾ ਵਰਗੇ ਸ਼ਕਤੀਸ਼ਾਲੀ ਦੇਸ਼ ਨਾਲ ਟੱਕਰ ਲਈ। ਵੀਅਤਨਾਮ ਦੇ ਲੋਕਾਂ ਨੇ ਆਪਣੇ ਦ੍ਰਿੜ ਇਰਾਦੇ ਕਰਕੇ ਅਮਰੀਕਾ ਦੇ ਲੋਕਾਂ ਨੂੰ ਆਪਣੀ ਤਾਕਤ ਦਿਖਾਈ। ਉਨ੍ਹਾਂ ਨੇ ਇਕ ਕਵਿਤਾ 'ਕਲਗੀਧਰ ਦੇ ਸੱਚੇ ਵਾਰਸ, ਵੀਅਤਨਾਮ ਇਕ ਕਵਿਤਾ ਲਿਖੀ ਜਿਸ ਵਿਚ ਵੀਅਤਨਾਮ ਅੱਗੇ ਸਿਰ ਝੁਕਾਇਆ

ਕਲਗੀਧਰ ਦੇ ਸੱਚੇ ਵਾਰਸ
ਵੀਅਤਨਾਮ
ਸਲਾਮ:

ਕਿਥੇ ਅਮਰੀਕਾ
ਕਿਥੇ ਟੈਣਾ ਵੀਅਤਨਾਮ
ਚਹੁੰ ਦਿਸ
ਗਗਨ ਭੇਦੀ
ਉਠ ਪਈਆਂ ਵਾਜਾਂ,
ਖੈ ਖੈ ਖੈ ਜਾਨਸਨ
ਜੈ ਜੈ ਜੈ ਹੋ ਚੀ ਮਿਨ।"[6]

ਬਲਰਾਜ ਸਾਹਨੀ ਦੀਆਂ ਕਵਿਤਾਵਾਂ ਆਧੁਨਿਕ ਯੁੱਗ ਦੀਆਂ ਪ੍ਰਸ਼ੰਸਕ ਹਨ। ਅੱਜ ਵੀ ਭਾਰਤ ਵਿਚ ਫਿਰਕਿਆਂ ਦੇ ਆਧਾਰ ਤੇ ਦੰਗੇ ਫਸਾਦ ਹੋ ਰਹੇ ਹਨ। ਅੱਜ ਵੀ ਸੱਤਾਧਾਰੀ ਸਿਆਸੀ ਨੇਤਾਵਾਂ ਦਾ ਜ਼ੋਰ ਹੈ ਅਤੇ ਅਜੋਕੇ ਸਮੇਂ ਵਿਚ ਭਾਰਤ ਵਿਚ ਫੈਲੀ ਗਰੀਬੀ ਦੀ ਸਮੱਸਿਆ ਨੂੰ ਸੱਟਾ ਬਾਜ਼ਾਰ ਲਾ ਕੇ ਖ਼ਤਮ ਕਰਨ ਦੇ ਉਪਰਾਲੇ ਜਾਰੀ ਹਨ। ਅਮੀਰ ਲੋਕ ਗ਼ਰੀਬਾਂ ਦਾ ਹਮੇਸ਼ਾ ਸੋਸ਼ਣ ਕਰਨ ਦੀ ਕੋਸ਼ਿਸ਼ ਕਰਦੇ ਹਨ। ਅਜਿਹੀ ਸਥਿਤੀ ਨੂੰ ਬਲਰਾਜ ਸਾਹਨੀ ਨੇ ਆਪਣੀ ਇਕ ਕਵਿਤਾ 'ਸੱਟਾ ਬਾਜ਼ਾਰ' ਵਿਚ ਪੇਸ਼ ਕੀਤਾ ਹੈ;

ਮਾਣਸ ਨੂੰ ਭੌਂਕਾਇਆ ਵਾਂਗਰ ਕੁੱਤਿਆਂ
ਵੇਖੋ ਖਰੀ ਹਕੀਕਤ ਏਸ ਨਿਜ਼ਾਮ ਦੀ
ਨ ਪਲਦਾ ਨਿਤ ਧਰਮ-ਨਿਯਮ ਅਖਲਾਕ ਦਾ
ਸੁਹਜ, ਪਵਿਤਰਤਾ ਤੇ ਸੱਭਿਆਚਾਰ ਦਾ
ਜੁਗਾਂ-ਜੁਗਾਂ ਤੋਂ ਵਿਗਸੇ ਬੁੱਧ ਗਿਆਨ ਦਾ
ਕੋਮਲ ਕਲਾ ਵਿਭੂਤੀ ਤੇ ਅਨੁਭੂਤੀ ਦਾ
ਮਾਣਸ ਨੂੰ ਭੌਂਕਾਇਆ ਵਾਂਗਰ ਕੁੱਤਿਆਂ।[7]
ਵੇਖੋ ਖਰੀ ਹਕੀਕਤ ਏਸ ਨਿਜ਼ਾਮ ਦੀ।

ਬਲਰਾਜ ਸਾਹਨੀ ਨੇ ਬੰਬਈ ਜਾ ਕੇ ਫਿਲਮਾਂ ਵਿਚ ਕੰਮ ਕੀਤਾ, ਰੰਗਮੰਚ ਨਾਲ ਆਪਣਾ ਨਾਤਾ ਕਾਇਮ ਰੱਖਿਆ, ਉਨ੍ਹਾਂ ਨੂੰ ਉਥੋਂ ਧੰਨ,ਦੌਲਤ ਮਿਲਿਆ ਪਰ ਉਨਾਂ ਦਾ ਆਪਾ ਪੰਜਾਬ ਨਾਲ ਜੁੜਿਆ ਹੋਇਆ ਸੀ । ਉਹ ਪੰਜਾਬ ਦੀਆਂ ਖੁਲ੍ਹੀਆਂ ਹਵਾਵਾਂ ਵਿਚ ਰਹਿ ਕੇ ਖੁਸ਼ ਰਹਿੰਦੇ, ਉਹ ਪੰਜਾਬ ਦੇ ਹਰੇ ਭਰੇ ਖੇਤਾਂ ਨੂੰ ਦੇਖ ਕੇ ਫੂਲੇ ਨਾ ਸਮਾਉਂਦੇ, ਉਨ੍ਹਾਂ ਨੂੰ ਪੰਜਾਬ ਦੇ ਖੂਹਾਂ ਨਾਲ ਅੰਤਾਂ ਦਾ ਮੋਹ ਸੀ। ਉਹ ਬੰਬਈ ਜਾਣ ਨੂੰ ਆਪਣੀ ਮਜ਼ਬੂਰੀ ਸਮਝਦੇ ਹਨ :

ਚੰਗਾ ਬਾਬਾ, ਮੰਨ ਲਿਆ
ਤੁਸੀਂ ਸਾਰੇ ਘਰੇ, ਮੈਂ ਬੇਘਰਾ,
ਕੋਈ ਆਪਣੀ ਮਰਜ਼ੀ ਨਾਲ ਨਹੀਂ ਸੀ ਮੈਂ ਵੀ
ਛਡਿਆ ਪੰਜਾਬ ।[8]

ਬਲਰਾਜ ਸਾਹਨੀ ਦੀਆਂ ਕਵਿਤਾਵਾਂ 'ਚੋਂ ਇਕ ਵੱਖਰੀ ਕਿਸਮ ਦਾ ਦਰਸ਼ਨ ਉਘੜਦਾ ਹੈ। ਏਸੇ ਕਰਕੇ ਉਨ੍ਹਾਂ ਦੀਆਂ ਕਵਿਤਾਵਾਂ ਘੱਟ ਗਿਣਤੀ ਵਿਚ ਹੋਣ ਕਰਕੇ ਵੀ ਇਕ ਵੱਖਰੀ ਪਛਾਣ ਵਾਲੀਆਂ ਹਨ। ਇਨ੍ਹਾਂ ਕਵਿਤਾਵਾਂ 'ਚੋਂ ਉਨ੍ਹਾਂ ਦੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਭਾਵਕ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ।

ਇਸ ਸੰਗ੍ਰਹਿ ਵਿਚ ਲੰਬੀ ਕਵਿਤਾ 'ਉਸ ਦੂਰ ਗੁਆਚੇ ਯੁਗ ਵਿਚ' ਦੇ ਦੋ ਖੰਡ ਹਨ। ਇਨ੍ਹਾਂ ਦੋਹਾਂ ਖੰਡਾਂ ਵਿਚ ਬਲਰਾਜ ਸਾਹਨੀ ਦਾ ਰੁਮਾਂਟਿਕ ਪਹਿਲੂ ਵੀ ਨਜ਼ਰ ਆਉਂਦਾ ਹੈ, ਉਨ੍ਹਾਂ ਦਾ ਪ੍ਰਕਿਰਤੀ-ਵਰਣਨ ਵੱਖਰਾ ਪ੍ਰਭਾਵ ਪਾਉਂਦਾ ਹੈ ਅਤੇ ਉਨ੍ਹਾਂ ਦੀ ਰੋਚਕ ਕਾਵਿ-ਜੁਗਤ ਬਾਰੇ ਪਤਾ ਲਗਦਾ ਹੈ। ਇਹ ਕਵਿਤਾ ਸੈਲਾਨੀ ਛੰਦ ਵਿਚ ਹੈ ਪਰ ਇਸ ਵਿਚ ਵਹਾਉ ਕਾਇਮ ਰਹਿੰਦਾ ਹੈ:

ਤੂੰ ਸਹਿਮੀ-ਸਹਿਮੀ, ਰੱਤਾ ਕੁ ਤਾਕੀ ਖੋਲ
ਮੈਨੂੰ ਤਾੜਨਾ ਕਰਨੀ ਏਂ: ਹਾਏ ਰੱਬਾ, ਸਹੁੰ
ਜੇ ਮੇਰੀ, ਜਾਓ ਏਥੋਂ: ਜੇ ਕੋਈ ਪਿਆ ਜਾਗ
ਤਾਂ ਕਹਿਰ ਹੋ ਜਾਸੀ। ਜਾਓ, ਬੇਸ਼ਕ ਸਵੇਰ

ਨੂੰ ਜਲਦੀ ਆਣਾ, ਏਧਰ-ਕਿਧਰ ਸੈਰ
ਕਰਦੀ ਮਿਲ ਜਾਸਾਂ ਕੱਲੀ

ਬਲਰਾਜ ਸਾਹਨੀ ਦੀਆਂ ਇਹ ਕਵਿਤਾਵਾਂ ਜਿਥੇ ਵਿਸ਼ੇ ਪੱਖੋਂ ਪਾਠਕ ਸਰੋਤੇ ਦਾ ਧਿਆਨ ਖਿੱਚਦੀਆਂ ਹਨ ਉਥੇ ਰੂਪ ਪੱਖੋਂ ਵੀ ਇਨ੍ਹਾਂ ਵਿਚ ਪੁਖ਼ਤਗੀ ਹੈ। ਬਲਰਾਜ ਸਾਹਨੀ ਨੂੰ ਆਪਣੀ ਕਵਿਤਾ ਪ੍ਰਭਾਵਮਈ ਬਣਾਉਣ ਦਾ ਵੱਲ ਆਉਂਦਾ ਹੈ। ਕਈ ਕਵਿਤਾਵਾਂ ਮਨੁਖੀ ਜੀਵਨ ਦੇ ਸਾਧਾਰਣ ਪੱਖਾਂ ਤੇ ਆਧਾਰਤ ਹਨ ਪਰ ਉਨ੍ਹਾਂ 'ਚੋਂ ਕੋਈ ਵਿਸ਼ੇਸ਼ ਨੁਕਤਾ ਉਭਰਦਾ ਹੈ। ਉਨ੍ਹਾਂ ਦੀ ਕਵਿਤਾ 'ਦੁਪਾਸੜਾ' ਵਿਚੋਂ ਸ਼ਾਬਦਿਕ ਅਨੁਪ੍ਰਾਸ ਦੀ ਉਦਾਹਰਣ ਦੇਖੋ:

ਹਰ ਚੀਜ਼ ਦੁਪਾਸੜੀ
ਹਰ ਸ਼ਖ਼ਸ ਦੁਪਾਸੜਾ
ਅਖ਼ਲਾਕ ਦੁਪਾਸੜਾ
ਇਨਸਾਫ਼ ਦੁਪਾਸੜਾ
ਕਿਰਤ ਦੁਪਾਸੜੀ
ਵਪਾਰ ਦੁਪਾਸੜਾ
ਹਿਸਾਬ ਦੁਪਾਸੜਾ
ਦੁਪਾਸੜੀ ਜ਼ਮੀਰ
ਦੁਪਾਸੜੀ ਆਤਮਾ
ਦੁਪਾਸੜੀ ਦੋਸਤੀ।[10]

ਬਲਰਾਜ ਸਾਹਨੀ ਨੇ ਆਪਣੀਆਂ ਕਵਿਤਾਵਾਂ ਵਿਚ ਸਮਾਸ ਵਰਤੇ ਹਨ ਜਿਵੇਂ ਖ਼ਸਮਾਂ-ਖਾਣੀਏਂ, ਫਿਲਮ-ਸਟਾਰ, ਪੰਜਾਬ-ਪਿਆਰ, ਫਰਜ਼-ਸ਼ਨਾਸੀ, ਧੂੜਾਂ-ਲਿਬੜੇ ਜਲ-ਪਾਸਾਰ, ਹੁਸਨ-ਪਰੀ,ਇੰਦਰ-ਜਾਲ, ਅਤੀਤ-ਸੰਗੀਤ, ਪ੍ਰੇਮ-ਪ੍ਰਭਾਤ, ਜੀਵਨ-ਰਸ, ਅਤ-ਅਣਮੋਲ, ਬੱਦਲ-ਝੁੰਡ, ਧਰਤ-ਪਨਾਹ, ਸਾਮ-ਅੰਗੀਠੀਆਂ, ਧਨ ਦੇਵਤਾ, ਅੰਮ੍ਰਿਤ-ਘੁੱਟ ਅਤੇ ਅਗਨੀ ਬਾਣ ਆਦਿ। ਉਨਾਂ ਨੇ ਅੰਗ੍ਰੇਜ਼ੀ ਦੇ ਆਮ ਸ਼ਬਦਾਂ ਦਾ ਪ੍ਰਯੋਗ

ਆਪਣੀਆਂ ਕਵਿਤਾ ਵਿਚ ਕੀਤਾ। ਇਹ ਉਹ ਸ਼ਬਦ ਹਨ ਜੋ ਪਾਠਕ/ਸਰੋਤੇ ਲਈ ਸਮਝਣੇ ਔਖੇ ਨਹੀਂ ਜਿਵੇਂ ਡਾਇਨਿੰਗ ਰੂਮ, ਵੇਟਰ, ਬ੍ਰੇਕਫਾਸਟ, ਔਰਿੰਜ ਜੂਸ, ਨੈਪਕਿਨ, ਮਿਨਿਸਫ਼, ਮੀਨੂੰ, ਟੇ, ਸਰਵਿਸ, ਏਰੋਡਰੋਮ, ਐਕਸੀਡੰਟ, ਡਿਮ, ਡ੍ਰਾਈਵਰ, ਸਰਵੈਂਟ-ਕਵਾਟਰ, ਕਾਲਰ, ਕਰਾਸ, ਕਾਰਡ ਅਤੇ ਲੋਅਰ-ਰੋਡ ਆਦਿ। ਉਨ੍ਹਾਂ ਨੇ ਪੋਠੋਹਾਰੀ ਦੇ ਸ਼ਬਦ ਵੀ ਸੁਭਾਵਕ ਤੌਰ ਤੇ ਹੀ ਵਰਤੇ ਹਨ ਜਿਵੇਂ ਹੋਸੀ, ਜਾਸੀ, ਜਾਸਾਂ, ਵੈਂਦੀ, ਵੈਂਦਾ ਅਤੇ ਧਿੰਗਾਣਾ ਆਦਿ,ਇਨ੍ਹਾਂ ਕਵਿਤਾਵਾਂ ਵਿਚ ਵਰਤੀ ਗਈ ਮੁਹਾਵਰੇਦਾਰ ਬੋਲੀ ਬਲਰਾਜ ਸਾਹਨੀ ਦਾ ਪੰਜਾਬੀ ਬੋਲੀ ਦੇ ਆਬੂਰ ਦਾ ਸਬੂਤ ਹੈ।

ਬਲਰਾਜ ਸਾਹਨੀ ਨੇ ਆਪਣੀਆਂ ਕਵਿਤਾਵਾਂ ਰਾਹੀਂ ਸਮਾਜ ਵਿਚ ਸਮਾਨਤਾ ਲਿਆਉਣ ਦਾ ਸੰਦੇਸ਼ ਦਿੱਤਾ ਹੈ, ਸਭ ਫਿਰਕਿਆਂ ਦੇ ਲੋਕਾਂ ਨੂੰ ਆਪਸੀ ਭੇਦ-ਭਾਵ ਮਿਟਾ ਕੇ ਖੁਸ਼ਹਾਲ ਜੀਵਨ ਜੀਉਣ ਲਈ ਪ੍ਰੇਰਿਆ ਹੈ, ਮਨੁੱਖ ਨੂੰ ਮਾਨਵਵਾਦੀ ਸੋਚ ਰੱਖਣ ਲਈ ਸੁਨੇਹਾ ਦਿੱਤਾ ਹੈ ਅਤੇ ਪੰਜਾਬ ਦੀ ਧਰਤੀ ਪੰਜਾਬ ਦੀ ਪ੍ਰਕਿਰਤੀ ਅਤੇ ਪੰਜਾਬੀ ਸਭਿਆਚਾਰ ਨਾਲ ਆਪਣਾ ਨੇੜਲਾ ਸਨੇਹ ਦਰਸਾਇਆ ਹੈ। ਬਲਰਾਜ ਸਾਹਨੀ ਦਾ ਕਾਵਿ- ਪ੍ਰਗਟਾਉ- ਢੰਗ ਪ੍ਰਭਾਵਸ਼ਾਲੀ ਹੈ ਉਨ੍ਹਾਂ ਦੀਆਂ ਥੋੜ੍ਹੀਆਂ ਕਵਿਤਾਵਾਂ ਦਾ ਚਰਚਿਤ ਹੋਣਾ ਹੀ ਇਕ ਪ੍ਰਾਪਤੀ ਹੈ।

ਹਵਾਲੇ

1. ਅਮਰਜੀਤ ਸਿੰਘ ਦੀਪਕ, ਬਲਰਾਜ ਬਿਨਾਂ ਹੁਣ ਕਾਹਦੇ ਮੇਲੇ, ਨਵਯੁਗ ਪਬਲਿਸ਼ਰਜ਼ , ਦਿੱਲੀ, 1992, ਪੰਨਾ 22
2. ਬਲਰਾਜ ਸਾਹਨੀ, ਵੇਟਰ ਦੀ ਵਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪਹਿਲੀ ਵਾਰ: ਅਪ੍ਰੈਲ, 1974, ਪੰਨੇ 29-30
3. ਬਲਰਾਜ ਸਾਹਨੀ, ਵੇਟਰ ਦੀ ਵਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਨਾ 42

4. ਉਹੀ	ਉਹੀ	ਉਹੀ	ਉਹੀ	ਪੰਨਾ 43
5. ਉਹੀ	ਉਹੀ	ਉਹੀ	ਉਹੀ	ਪੰਨਾ 53
6. ਉਹੀ	ਉਹੀ	ਉਹੀ	ਉਹੀ	ਪੰਨਾ 20-21
7. ਉਹੀ	ਉਹੀ	ਉਹੀ	ਉਹੀ	ਪੰਨਾ 16
8. ਉਹੀ	ਉਹੀ	ਉਹੀ	ਉਹੀ	ਪੰਨਾ 13
9. ਉਹੀ	ਉਹੀ	ਉਹੀ	ਉਹੀ	ਪੰਨਾ 82
10. ਉਹੀ	ਉਹੀ	ਉਹੀ	ਉਹੀ	ਪੰਨਾ 10

ਬਲਰਾਜ ਸਾਹਨੀ-ਇਕ ਰੰਗ ਕਰਮੀ

ਬਲਰਾਜ ਸਾਹਨੀ ਡੀ.ਏ.ਵੀ. ਸਕੂਲ ਰਾਵਲਪਿੰਡੀ ਵਿਖੇ ਅਜੇ ਚੌਥੀ ਜਮਾਤ ਦੇ ਵਿਦਿਆਰਥੀ ਹੀ ਸਨ ਤਾਂ ਉਨ੍ਹਾਂ ਦੀ ਦਿਲਚਸਪੀ ਇਤਿਹਾਸ/ਮਿਥਿਹਾਸ ਦੇ ਪਾਤਰਾਂ ਦਾ ਰੋਲ ਕਰਨ ਵਿਚ ਹੋ ਗਈ। ਉਹ ਆਪਣੇ ਘਰ ਵਿਚ ਹੀ ਅਜਿਹਾ ਦ੍ਰਿਸ਼ ਬਣਾ ਕੇ ਆਪਣਾ ਸ਼ੌਕ ਪੂਰਾ ਕਰਨ ਲਗ ਪਏ। ਉਨ੍ਹਾਂ ਦੇ ਛੋਟੇ ਭਰਾ ਭੀਸ਼ਮ ਸਾਹਨੀ ਨੇ ਉਨ੍ਹਾਂ ਦੀ ਅਜਿਹੀ ਰੁਚੀ ਵਲ ਸੰਕੇਤ ਕਰਦਿਆਂ ਕਿਹਾ ਹੈ, ਬਲਰਾਜ ਅਕਸਰ ਸਵਾਮੀ ਦਇਆ ਨੰਦ, ਰਾਣਾ ਪਰਤਾਪ, ਸਰਵਣ ਕੁਮਾਰ ਆਦਿ ਦੀਆਂ ਜੀਵਨ ਘਟਨਾਵਾਂ ਦੇ ਆਧਾਰ ਤੇ ਕੋਈ ਨਾਟਕੀ ਦ੍ਰਿਸ਼ ਆਪਣੇ ਘਰ ਵਿਚ ਹੀ ਸਿਰਜ ਲੈਂਦਾ ਸੀ। ਉਹ ਸਾਡੀਆਂ ਦੋ ਵੱਡੀਆਂ ਭੈਣਾਂ, ਸਾਡੀ ਮਾਂ ਅਤੇ ਕਦੇ ਪਿਤਾ ਅਤੇ ਨੌਕਰ ਤੁਲਸੀ ਨੂੰ ਦਰਸ਼ਕ ਬਣਾ ਲੈਂਦਾ ਸੀ ।"

ਬਲਰਾਜ ਸਾਹਨੀ ਨੇ ਅਕਤੂਬਰ, 1930 ਈ. ਵਿਚ ਜਦ ਸਰਕਾਰੀ ਕਾਲਜ ਲਾਹੌਰ ਵਿਖੇ ਬੀ.ਏ.ਆਨਰਜ਼ (ਅੰਗ੍ਰੇਜ਼ੀ) ਵਿਚ ਦਾਖ਼ਲਾ ਲਿਆ ਤਾਂ ਉਸ ਦੀ ਰੁਚੀ ਸਾਹਿਤਕ ਗਤੀਵਿਧੀਆਂ ਦੇ ਨਾਲ-ਨਾਲ ਨਾਟਕਾਂ ਵਿਚ ਭਾਗ ਲੈਣ ਦੀ ਵੀ ਵਧੀ। ਉਹ ਕਾਲਜ ਦੇ ਪ੍ਰੋਫੈਸਰਾਂ ਜੀ. ਡੀ. ਸੋਂਧੀ ਅਤੇ ਏ.ਐਸ. ਬੁਖਾਰੀ ਦੇ ਨਿੱਜੀ ਸੰਪਰਕ ਵਿਚ ਆਇਆ ਅਤੇ ਕਾਲਜ ਦੀ ਡਰਾਮਾਟਿਕ ਕਲੱਬ ਦਾ ਮੈਂਬਰ ਬਣ ਗਿਆ। ਇਸ ਸਮੇਂ ਦੌਰਾਨ ਹੀ ਬਲਰਾਜ ਸਾਹਨੀ ਨੂੰ ਰੰਗਮੰਚ ਤੇ ਆਪਣੀ ਅਦਾਇਗੀ ਪੇਸ਼ ਕਰਨ ਦੀ ਚੇਟਕ ਲਗੀ ਅਤੇ ਉਸ ਨੇ ਯਥਾਰਥਵਾਦੀ ਅਭਿਨੈ ਨੂੰ ਤਰਜੀਹ ਦਿੱਤੀ। ਪ੍ਰੋਫੈਸਰ ਬੁਖਾਰੀ ਬਹੁਤ ਵਧੀਆ ਨਾਟਕ ਨਿਰਦੇਸ਼ਕ ਸਨ ਅਤੇ ਪ੍ਰੋਫੈਸਰ ਸੋਂਧੀ ਮਾਅਰਕੇ ਦੇ ਰੰਗਮੰਚ ਰੂਪਾਕਣਕਾਰ ਸਨ। ਉਨ੍ਹਾਂ ਦੇ ਨਾਟਕਾਂ ਦੇ ਰੰਗਮੰਚ ਯਥਾਰਥਵਾਦੀ ਜੜਤ ਵਾਲੇ ਹੁੰਦੇ ਸਨ।

ਬਲਰਾਜ ਸਾਹਨੀ ਨੇ ਸ਼ੁਰੂ ਵਿਚ ਜ਼ਿਆਦਾ ਰੋਲ ਨਾ ਕੀਤਾ ਪਰ ਰੰਗਮੰਚ ਪ੍ਰਤੀ ਜਾਣਕਾਰੀ ਨੇ ਉਨ੍ਹਾਂ ਨੂੰ ਬਾਅਦ ਵਿਚ ਮੰਚ ਅਤੇ ਪਰਦੇ ਤੇ ਆਉਣ ਸਮੇਂ ਬਹੁਤ ਲਾਭ ਪਹੁੰਚਾਇਆ। ਬਲਰਾਜ ਸਾਹਨੀ ਨੇ ਉਨ੍ਹਾਂ ਦਿਨਾਂ ਵਿਚ 'The Man who ate the

Popomack' ਨਾਟਕ ਵਿਚ ਲੇਡੀ ਫੋਇਲੋ ਦਾ ਪਾਰਟ ਕੀਤਾ ਅਤੇ ਉਹ ਬਹੁਤ ਚਰਚਿਤ ਹੋਇਆ। ਉਸ ਉਪਰੰਤ ਉਨ੍ਹਾਂ ਨੇ ਕਾਰੇਲ ਕੇਪਕ ਦੇ ਨਾਟਕ 'ਆਰ.ਯੂ.ਆਰ.' ਅਤੇ ਪੰਜਾਬੀ ਦੇ ਨਾਟਕਕਾਰ ਆਈ.ਸੀ.ਨੰਦਾ ਦੇ ਨਾਟਕ 'ਲਿਲੀ ਦਾ ਵਿਆਹ' ਵਿਚ ਵੀ ਹਿੱਸਾ ਲਿਆ।

ਬਲਰਾਜ ਸਾਹਨੀ ਕਾਲਜ ਛੱਡਣ ਤੋਂ ਬਾਅਦ ਵੀ 'ਫਰਾਮੈਟਿਕ ਕਲੱਬ' ਨਾਲ ਜੁੜੇ ਰਹੇ ਅਤੇ ਉਨ੍ਹਾਂ ਨੇ 'The Builder of Bridges' ਦੇ ਨਿਰਮਾਣ ਵਿਚ ਵਿਸ਼ੇਸ ਭੂਮਿਕਾ ਨਿਭਾਈ । ਉਨ੍ਹਾਂ ਨੇ ਕਸ਼ਮੀਰ ਵਿਚ ਰਹਿੰਦਿਆਂ ਵੀ ਆਪਣੇ ਦੋਸਤਾਂ ਦੁਰਗਾ ਪ੍ਰਸਾਦ ਧਰ, ਬਮਜ਼ਾਈ ਆਦਿ ਨਾਲ ਮਿਲ ਕੇ ਜੇਮਜ਼ ਫਲੀਕਰ ਦਾ ਨਾਟਕ 'Yasmin' ਖੇਡਣ ਦਾ ਪ੍ਰੋਗਰਾਮ ਉਲੀਕਿਆ। ਸਿਰੀਨਗਰ ਵਿਚ ਖੇਡੇ ਗਏ ਇਸ ਨਾਟਕ ਵਿਚ Bamzia ਨੇ Yesmin, leading lady ਦਾ ਰੋਲ ਨਿਭਾਇਆ। ਉਨ੍ਹਾਂ ਨੇ ਸ਼ਾਂਤੀ ਨਿਕੇਤਨ ਵਿਖੇ ਵੀ ਨਾਟਕ ਵਿਚ ਭਾਗ ਲੈਣ ਦਾ ਸ਼ੌਕ ਜਾਰੀ ਰੱਖਿਆ। ਉਥੇ ਉਨ੍ਹਾਂ ਨੇ Bernard Shaw ਦੇ ਨਾਟਕ 'Arms and the Man' ਦਾ ਹਿੰਦੀ ਵਿਚ ਅਨੁਵਾਦ ਕਰਕੇ ਮੰਚਣ ਕੀਤਾ। 1940 ਈ. ਵਿਚ ਜਦ ਉਹ B.B.C ਵਿਚ ਨੌਕਰੀ ਕਰਨ ਇੰਗਲੈਂਡ ਗਏ ਤਾਂ ਉਥੋਂ ਦੇ ਰੰਗਮੰਚ ਨਾਲ ਜੁੜ ਗਏ। ਉਨ੍ਹਾਂ ਨੇ ਕੁਝ ਰੇਡੀਉ ਨਾਟਕ ਵੀ ਲਿਖੇ ਜੋ B.B.C ਤੋਂ ਪ੍ਰਸਾਰਤ ਹੋਏ । ਏਸੇ ਸਮੇਂ B.B.C ਦੇ ਕਲਾਕਾਰਾਂ ਦਾ ਇਕ ਵਫ਼ਦ ਚੀਨ ਗਿਆ। ਵਫ਼ਦ ਦੇ ਸਭ ਮੈਂਬਰ CPT (Chinese People Theatre) ਦੀਆਂ ਸਰਗਰਮੀਆਂ ਤੋਂ ਬਹੁਤ ਪ੍ਰਭਾਵਤ ਹੋਏ। ਉਹ ਉਥੋਂ ਦੀਆਂ ਨਾਟਕ-ਮੰਡਲੀਆਂ ਦੀਆਂ ਗਤੀਵਿਧੀਆਂ ਦੇ ਕੁਝ ਭਾਗ ਟੇਪ ਕਰਕੇ ਲੈ ਆਏ। ਬਲਰਾਜ ਸਾਹਨੀ ਉਹ ਸੁਣ ਕੇ ਪ੍ਰਭਾਵਤ ਹੋਏ। ਉਨ੍ਹਾਂ ਵਿਚ ਰੀਝ ਜਾਰੀ ਕਿ ਭਾਰਤ ਵਿਚ ਵੀ ਕੋਈ ਅਜਿਹੀ ਸੰਸਥਾ ਹੋਣੀ ਚਾਹੀਦੀ ਹੈ ਜੋ ਨਾਟਕਾਂ ਦੀ ਪ੍ਰਦਰਸ਼ਨੀ ਕਰਕੇ ਭਾਰਤੀਆਂ ਨੂੰ ਜਾਗਰੂਕ ਕਰ ਸਕੇ।

ਬਲਰਾਜ ਸਾਹਨੀ ਆਪਣੀ ਚਾਰ ਸਾਲ ਦੀ ਮਿਆਦ ਪੂਰੀ ਕਰਕੇ 1944 ਈ. ਵਿਚ ਇੰਗਲੈਂਡ ਤੋਂ ਭਾਰਤ ਆ ਗਏ। ਜਦ ਉਹ ਏਸੇ ਸਾਲ ਸਿਰੀ ਨਗਰ ਤੋਂ ਬੰਬਈ

ਫਿਲਮਾਂ ਵਿਚ ਕੰਮ ਕਰਨ ਲਈ ਗਏ ਤਾਂ ਉਥੇ IPTA (Indian People's Theatre Association) ਦੀਆਂ ਗਤੀਵਿਧੀਆਂ ਬਾਰੇ ਸੁਣ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ। ਉਸ ਸਮੇਂ ਇਸ ਸੰਸਥਾ ਵਲੋਂ ਖ੍ਵਾਜਾ ਅਹਿਮਦ ਅਬਾਸ ਦੇ ਵਧੇਰੇ ਨਾਟਕ ਇਸ ਸੰਸਥਾ ਵਲੋਂ ਖੇਡੇ ਜਾਂਦੇ ਸਨ । ਚੇਤਨ ਆਨੰਦ ਨੇ ਖ੍ਵਾਜਾ ਅਹਿਮਦ ਅਭਾਸ ਦੇ ਨਾਟਕ 'Zubaida' ਵਿਚ ਮੁੱਖ ਰੋਲ ਕਰਨਾ ਸੀ ਅਤੇ ਬਲਰਾਜ ਸਾਹਨੀ ਨੂੰ ਉਸ ਦੀ ਨਿਰਦੇਸ਼ਨਾ ਦਾ ਕਾਰਜ ਸੌਂਪਿਆ ਗਿਆ। ਚੇਤਨਾ ਆਨੰਦ ਦੀ ਤਬੀਅਤ ਠੀਕ ਨਾ ਹੋਣ ਕਰਕੇ ਬਲਰਾਜ ਸਾਹਨੀ ਨੇ ਹੀ ਇਸ ਨਾਟਕ ਵਿਚ ਮੁੱਖ ਰੋਲ ਨਿਭਾਇਆ ਅਤੇ ਪ੍ਰਸ਼ੰਸਾ ਪ੍ਰਾਪਤ ਕੀਤੀ । ਬਲਰਾਜ ਸਾਹਨੀ ਨੇ ਤਕਨੀਕੀ ਸੂਝ ਸਦਕਾ ਰੰਗਮੰਚ ਤੇ ਜੰਞ ਦਾ ਦ੍ਰਿਸ਼ ਸਿਰਜ ਦਿੱਤਾ ਅਤੇ ਵਿਆਹ ਦੀਆਂ ਸਭ ਰਸਮਾਂ ਵੀ ਕਰਵਾ ਦਿੱਤੀਆਂ।

ਬਲਰਾਜ ਸਾਹਨੀ ਨੂੰ ਇਕ ਰੰਗਕਰਮੀ ਸਥਾਪਤ ਕਰਨ ਵਿਚ IPTA ਦਾ ਵਿਸ਼ੇਸ ਯੋਗਦਾਨ ਹੈ। ਬਲਰਾਜ ਸਾਹਨੀ ਨੇ ਯਥਾਰਥਵਾਦੀ ਮੰਚ ਦੀ ਪੁਨਰ ਸਥਾਪਨਾ ਕੀਤੀ। ਬਲਰਾਜ ਸਾਹਨੀ ਨੂੰ ਬੰਬਈ ਦੇ ਫਿਲਮੀ ਪੱਤਰਕਾਰ ਬੀ.ਪੀ. ਸਾਥੇ ਨੇ IPTA ਦੇ ਨਜ਼ਦੀਕ ਲਿਆਂਦਾ ਅਤੇ ਉਨ੍ਹਾਂ ਨੇ ਖ੍ਵਾਜਾ ਅਹਿਮਦ ਅਬਾਸ ਨਾਲ ਮਿਲ ਕੇ ਇਸ ਦੀਆਂ ਸਰਗਰਮੀਆਂ ਵਿਚ ਹੋਰ ਵਾਧਾ ਕੀਤਾ। IPTA ਵਲੋਂ ਬੰਗਾਲੀ ਵਿਚ 'ਜਤਰਸ' ਮਰਾਠੀ ਵਿਚ 'ਪਵਰਸ' ਅਤੇ ਉਤਰ ਪ੍ਰਦੇਸ਼ ਦੇ ਕਲਾਕਾਰਾਂ ਵਲੋਂ ਨੌਟੰਕੀਆਂ ਪੇਸ਼ ਕੀਤੀਆਂ ਗਈਆਂ। ਪ੍ਰਸਿਧ ਰੂਸੀ ਨਾਟਕਕਾਰ ਨਿਕੋਲਾਈ ਗੋਗੋਲ ਦਾ ਨਾਟਕ 'Inspector General' ਜਿਸ ਦਾ ਹਿੰਦੀ ਅਨੁਵਾਦ ਸੰਤੋਸ਼ ਸਾਹਨੀ ਨੇ ਕੀਤਾ, ਵੀ ਖੇਡਿਆ ਗਿਆ ਜਿਸ ਵਿਚ ਬਲਰਾਜ ਸਾਹਨੀ ਨੇ ਫੁਕਰੇ ਸ਼ੌਕੀਨ ਨੌਜੁਆਨ ਦਾ ਪਾਰਟ ਕੀਤਾ। ਏਸੇ ਹੀ ਸੰਸਥਾ ਵਲੋਂ J. B. Priestley ਦੇ ਨਾਟਕ "They Came to a city' ਅਤੇ 'Inspector calls' ਖੇਡੇ ਗਏ। ਅਬਾਸ ਦਾ 'ਨਾਟਕ ਮੈਂ ਕੌਣ ਹੂੰ ਬਹੁਤ ਵਾਰ ਖੇਡਿਆ ਗਿਆ। ਬਲਰਾਜ ਸਾਹਨੀ ਨੇ ਇਨ੍ਹਾਂ ਨਾਟਕਾਂ ਦੀ ਪੇਸ਼ਕਾਰੀ ਵਾਸਤੇ ਸ਼ਲਾਘਾਯੋਗ ਉਦਮ ਕੀਤਾ।

ਬਲਰਾਜ ਸਾਹਨੀ ਅਤੇ ਉਨ੍ਹਾਂ ਦੀ ਪਤਨੀ ਦਮਯੰਤੀ ਨੇ ਬੰਬਈ ਵਿਖੇ ਹੁੰਦੀਆਂ ਨਾਟਕ- ਸਰਗਰਮੀਆਂ ਵਿਚ ਆਪਣੇ ਆਪ ਨੂੰ ਚੰਗੀ ਤਰ੍ਹਾਂ ਖੁਭੋਂ ਲਿਆ। ਦਮਯੰਤੀ ਨੇ ਤਾਂ ਪ੍ਰਿਥਵੀ ਥੀਏਟਰ ਜਾਣਾ ਸ਼ੁਰੂ ਕਰ ਦਿੱਤਾ। ਉਸ ਦਾ 'ਦੀਵਾਰ' ਨਾਟਕ ਵਿਚ ਕੀਤਾ ਰੋਲ ਤਾਂ ਬਹੁਤ ਹੀ ਪਸੰਦ ਕੀਤਾ ਗਿਆ। 29 ਅਪ੍ਰੈਲ, 1947 ਈ. ਨੂੰ ਦਮਯੰਤੀ ਦੀ ਬੇਵਕਤੀ ਮੌਤ ਨਾਲ ਬਲਰਾਜ ਸਾਹਨੀ ਨੂੰ ਅਸਹਿ ਸਦਮਾ ਪਹੁੰਚਿਆ, ਉਸ ਦੀ ਜ਼ਿੰਦਗੀ ਵਿਚ ਇਕ ਖ਼ਲਾਅ ਪੈਦਾ ਹੋ ਗਿਆ।

ਬਲਰਾਜ ਸਾਹਨੀ ਕੌੜਾ ਘੁੱਟ ਭਰਕੇ ਫਿਲਮਾਂ ਅਤੇ ਨਾਟਕਾਂ ਵਿਚ ਕੰਮ ਕਰਦੇ ਰਹੇ। ਉਹ ਸਿਨੇਮਾ ਅਤੇ ਸਟੇਜ ਨਾਲ ਜੁੜੇ ਰਹੇ। ਉਨ੍ਹਾਂ ਨੇ ਆਪਣੇ ਨਜ਼ਦੀਕੀ ਮਿੱਤਰਾਂ ਦੇ ਸਹਿਯੋਗ ਨਾਲ ਬੰਬਈ ਵਿਖੇ 'The Juhu Art Theatre' ਨਾਟਕ-ਮੰਡਲੀ ਬਣਾਈ। ਇਸ ਦੇ ਸਰਗਰਮ ਮੈਂਬਰ ਉਨ੍ਹਾਂ ਦੀ ਪਤਨੀ ਸੰਤੋਸ਼ ਸਾਹਨੀ ਵੀ ਬਣੇ। ਬਲਰਾਜ ਸਾਹਨੀ ਨੇ ਆਪਣਾ ਸੰਪਰਕ IPTA ਨਾਲ ਨਿਰੰਤਰ ਜਾਰੀ ਰੱਖਿਆ। ਉਨ੍ਹਾਂ ਨੇ ਕੈਫ਼ੀ ਆਜ਼ਮੀ ਵਲੋਂ ਲਿਖੇ ਸੰਵਾਦ ਵਾਲੇ ਨਾਟਕ 'ਆਖ਼ਰੀ ਸ਼ਮਾ' ਵਿਚ ਗਾਲਿਬ ਦਾ ਪਾਰਟ ਪ੍ਰਭਾਵੀ ਢੰਗ ਨਾਲ ਕੀਤਾ। ਉਹ ਇਸ ਨਾਟਕ ਵਿਚ ਰੋਲ ਕਰਨ ਤੋਂ ਪਹਿਲਾਂ ਦਿੱਲੀ ਦੀਆਂ ਮੁਸਲਮਾਨ ਬਸਤੀਆਂ ਵਿਚ ਜਾਂਦੇ ਰਹੇ ਅਤੇ ਆਪਣੇ ਮੁਸਲਮਾਨ ਮਿੱਤਰਾਂ ਕੋਲ ਉਰਦੂ ਭਾਸ਼ਾ ਸਿੱਖਦੇ ਰਹੇ। ਉਨ੍ਹਾਂ ਦੇ ਇਸ ਰੋਲ ਨੂੰ ਬਹੁਤ ਸਲਾਹਿਆ ਗਿਆ। ਬਲਰਾਜ ਸਾਹਨੀ ਦਾ ਨਿੱਜੀ ਵਿਚਾਰ ਸੀ, “ਅਭਿਨੈ ਕੇਵਲ ਕਲਾ ਨਹੀਂ ਇਹ ਵਿਗਿਆਨ ਵੀ ਹੈ, ਕੋਈ ਵੀ ਵਿਅਕਤੀ ਕਿਸੇ ਵਿਸ਼ੇ ਦਾ ਵਿਗਿਆਨਕ ਲੀਹਾਂ ਤੇ ਅਧਿਐਨ ਕਰਕੇ ਅਤੇ ਮਸ਼ਕ ਕਰਕੇ ਚੰਗਾ ਅਭਿਨੇਤਾ ਬਣ ਸਕਦਾ ਹੈ।"[2]

ਬਲਰਾਜ ਸਾਹਨੀ ਇਪਟਾ ਦੀ ਪ੍ਰਫੁਲਤਾ ਵਾਸਤੇ ਆਪਣੇ ਜੀਵਨ ਦੇ ਅਖੀਰਲੇ ਦਿਨਾਂ ਤੱਕ ਸਰਗਰਮ ਰਹੇ। ਉਨ੍ਹਾਂ ਦੀ ਵਿਸ਼ੇਸ਼ ਦਿਲਚਸਪੀ ਸਦਕਾ ਹੋਰਨਾਂ ਕਲਾਕਾਰਾਂ ਦਾ ਝੁਕਾਅ ਇਪਟਾ ਵਲ ਹੋਇਆ। ਉਨ੍ਹਾਂ ਦੀ ਮਿਹਨਤ ਨਾਲ ਇਪਟਾ ਦੀਆਂ ਬ੍ਰਾਂਚਾਂ 600 ਤੱਕ ਹੋ ਗਈਆਂ ਅਤੇ ਇਸ ਦੇ ਮੈਂਬਰਾਂ ਦੀ ਗਿਣਤੀ 10,000 ਤੱਕ ਹੋ ਗਈ। ਬਲਰਾਜ ਸਾਹਨੀ ਆਪ ਨਾਟਕ ਦੀ ਚੋਣ ਕਰਦੇ ਸਨ ਆਪ ਪਾਤਰਾਂ ਨੂੰ ਰੋਲ ਵੰਡਦੇ

ਸਨ, ਆਪ ਕੋਈ ਨਾ ਕੋਈ ਪਾਰਟ ਕਰਦੇ ਸਨ, ਆਪ ਨਿਰਦੇਸ਼ਨ ਕਰਦੇ ਸਨ। ਉਸ ਦੀ ਸਫ਼ਲ ਪੇਸ਼ਕਾਰੀ ਲਈ ਆਪ ਹੀ ਭੱਜ ਨੱਠ ਕਰਦੇ ਸਨ। ਉਹ ਕਈ ਵਾਰ ਦੂਸਰੇ ਨਾਟਕਕਾਰਾਂ ਦੀਆਂ ਪੇਸ਼ਕਾਰੀਆਂ ਤੋਂ ਪ੍ਰਭਾਵਤ ਵੀ ਹੁੰਦੇ ਸਨ ਅਤੇ ਮਿਹਨਤ ਨਾਲ ਉਨ੍ਹਾਂ ਨੂੰ ਆਪ ਵੀ ਪੇਸ਼ ਕਰਨ ਦਾ ਉਪਾਰਲਾ ਕਰਦੇ ਸਨ ।

ਬਲਵੰਤ ਗਾਰਗੀ ਨੇ ਆਪਣਾ ਇਕ ਉਰਦੂ ਨਾਟਕ 'ਸਿਮਨਲ ਮੈਨ ਦੂਲੀ' ਇੰਡੀਅਨ ਪੀਪੀਲਜ਼ ਥੀਏਟਰ ਐਸੋਸੀਏਸ਼ਨ ਦੀ ਸਲਾਨਾ ਕਾਨਫਰੰਸ ਸਮੇਂ ਦਿੱਲੀ ਦੇ ਕਲਾਕਾਰਾਂ ਵਲੋਂ ਪੇਸ਼ ਕੀਤਾ। ਇਸ ਨਾਟਕ ਦੀ ਪੇਸ਼ਕਾਰੀ ਨੇ ਬਲਰਾਜ ਸਾਹਨੀ ਨੂੰ ਬਹੁਤ ਪ੍ਰਭਾਵਤ ਕੀਤਾ। ਉਨ੍ਹਾਂ ਨੇ ਬੰਬਈ ਵਾਪਸ ਜਾ ਕੇ ਆਪ ਇਸ ਨਾਟਕ ਦਾ ਨਿਰਦੇਸ਼ਨ ਕੀਤਾ ਅਤੇ ਬੰਬਈ ਦੇ ਕਲਾਕਾਰਾਂ ਦੇ ਸਹਿਯੋਗ ਨਾਲ ਇਸ ਦੀ ਵਧੀਆ ਪੇਸ਼ਕਾਰੀ ਕੀਤੀ। ਉਨ੍ਹਾਂ ਨੇ ਸਿਮਨਲ ਮੈਨ ਦੂਲੀ ਦੇ ਰੋਲ ਲਈ ਇਸ਼ਤਿਹਾਰਾਂ ਲਈ ਤਖ਼ਲੇ ਤਿਆਰ ਕਰਨ ਵਾਲੇ ਇਕ ਤਰਖਾਣ ਮੁੰਡੇ ਨੂੰ ਚੁਣਿਆ। ਉਸ ਨੇ ਬਲਰਾਜ ਸਾਹਨੀ ਦੀ ਕਰੜਾਈ ਕਾਰਨ ਇਸ ਨਾਟਕ ਵਿਚ ਨਾਇਕ ਦਾ ਪਾਰਟ ਕੀਤਾ ਅਤੇ ਸਿੱਧ ਕਰ ਦਿੱਤਾ ਕਿ ਸਾਧਾਰਣ ਅਨਪੜ੍ਹ ਆਦਮੀ ਵਿਚ ਵੀ ਕਲਾ ਛਿਪੀ ਹੁੰਦੀ ਹੈ। ਉਸ 'ਚ ਕਲਾ ਨੂੰ ਉਘਾੜਨ ਦਾ ਵਲ ਆਉਣਾ ਚਾਹੀਦਾ ਹੈ। ਇਹ ਵਲ ਬਲਰਾਜ ਸਾਹਨੀ ਨੂੰ ਆਉਂਦਾ ਸੀ।

ਬੰਬਈ ਦੀ ਸਮਾਜ ਸੇਵਕਾ ਕਪਿਲਾ ਖੰਡਵਾਲਾ ਆਪਣੀ ਸੰਸਥਾ ਦਾ ਨਾਂ ਬਲਰਾਜ ਸਾਹਨੀ ਦੀ ਵੱਡੀ ਲੜਕੀ ਸ਼ਬਨਮ ਦੇ ਨਾਂ ਨਾਲ ਰੱਖਣਾ ਚਾਹੁੰਦੇ ਸਨ। ਉਨ੍ਹਾਂ ਬਲਰਾਜ ਸਾਹਨੀ ਨੂੰ ਇਹ ਸੁਝਾਉ ਵੀ ਦਿੱਤਾ ਕਿ ਉਸ ਦਾ ਨਾਂ ਸ਼ਬਨਮ ਬਲਰਾਜ ਸਾਹਨੀ ਕਿੰਡਰਗਾਰਟਨ' ਰਖਣ ਲਈ ਸੋਚ ਰਹੇ ਹਨ ਪਰ ਬਲਰਾਜ ਜੀ ਇਹ ਦਿਨ ਹੀ ਨਾ ਦੇਖ ਸਕੇ। ਬਲਰਾਜ ਸਾਹਨੀ ਤਾਂ ਇਸ ਸੰਸਥਾ ਨਾਲ ਇਪਟਾ ਨੂੰ ਵੀ ਜੋੜਨਾ ਚਾਹੁੰਦੇ ਸਨ ਤਾਂ ਕਿ ਉਥੋਂ ਦੀਆਂ ਗਰਾਉਂਡਾਂ ਵਿਚ ਇਪਟਾ ਵਲੋਂ ਸਮਾਗਮ ਕਰਵਾਏ ਜਾਣ।

ਆਪਣੀ ਉਮਰ ਦੇ ਆਖਰੀ ਵਰ੍ਹਿਆਂ ਵਿਚ ਉਹ ਹਿੰਦੀ ਫਿਲਮਾਂ ਤੋਂ ਉਕਤਾ ਗਏ। ਉਹ ਪੰਜਾਬੀ ਨਾਟਕ ਅਤੇ ਰੰਗਮੰਚ ਵਲ ਵਧੇਰੇ ਖਿੱਚੇ ਗਏ। ਉਹ ਪੰਜਾਬੀ ਦੇ ਲੇਖਕਾਂ ਨੂੰ ਮਿਲਦੇ, ਉਨ੍ਹਾਂ ਨਾਲ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਬਾਰੇ ਵਿਚਾਰ ਵਟਾਂਦਰਾ ਕਰਦੇ। ਉਨ੍ਹਾਂ ਪੰਜਾਬੀ ਦੇ ਪ੍ਰਸਿਧ ਨਾਟਕਕਾਰ ਬਲਵੰਤ ਗਾਰਗੀ ਨੂੰ ਇਕ ਵਾਰ ਕਿਹਾ ਸੀ, ਝੂਠੀ ਜ਼ਿੰਦਗੀ ਜੀਅ ਰਿਹਾ ਹਾਂ। ਫਿਲਮੀ ਜ਼ਿੰਦਗੀ ਨਕਲੀ ਹੈ। ਮੇਕਅਪ, ਐਕਟਿੰਗ ਤੇ ਨਕਲੀ ਗੱਲ ਸਭ ਸਟੂਡੀਓ ਦੀ ਨਕਲੀ ਰੌਸ਼ਨੀ ਵਿਚ ਨਕਲੀ ਤਰੀਕੇ ਨਾਲ ਹੁੰਦੀ ਹੈ।............ਫਿਰ ਮੈਂ ਪੰਜਾਬ ਚਲਾ ਜਾਵਾਂਗਾ ਤੇ ਪੰਜਾਬੀ ਵਿਚ ਲਿਖਾਂਗਾ।

ਮੈਂ ਫਿਰ ਕਿਤਾਬਾਂ ਪੜ੍ਹਾਂਗਾ ਤੇ ਲਿਖਾਂਗਾ ਤੇ ਪੰਜਾਬੀ ਨਾਟਕਾਂ ਵਿਚ ਕੰਮ ਕਰਾਂਗਾ। ਪੰਜਾਬੀ ਕਮਾਲ ਦੀ ਜ਼ਬਾਨ ਹੈ। ਘਰ ਤੋਂ ਦੂਰ ਮੈਂ ਲਗਾਤਾਰ ਪੰਜਾਬ ਬਾਰੇ ਸੋਚਦਾ ਹਾਂ। ਬੰਬਈ ਵਿਚ ਮੈਂ ਪ੍ਰਦੇਸ਼ੀ ਹੀ ਤਾਂ ਹਾਂ,ਛੇਤੀ ਮੈਂ ਪੰਜਾਬ ਮੁੜ ਜਾਵਾਂਗਾ।"[3]

ਬਲਰਾਜ ਸਾਹਨੀ ਨੇ ਆਪਣੀ ਅਭਿਨੈ ਕਲਾ ਅਤੇ ਪੰਜਾਬੀ ਰੰਗਮੰਚ ਤੇ ਪੰਜਾਬੀ ਸਭਿਆਚਾਰ ਨਾਲ ਆਪਣੇ ਮੋਹ ਬਾਰੇ ਬਲਵੰਤ ਗਾਰਗੀ ਨੂੰ ਇੱਕ ਮੁਲਕਾਤ ਦੌਰਾਨ ਦਸਿਆ, "ਮੈਂ ਐਕਟ ਕਰਦਾ ਹਾਂ ਤਾਂ ਮੈਨੂੰ ਖੁਦ ਹੈਰਾਨੀ ਹੁੰਦੀ ਹੈ।

ਇਹ ਇਕ ਅਜੀਬ ਚਮਤਕਾਰ ਲੱਗਦਾ ਹੈ। ਮੈਨੂੰ ਖੁਦ ਨਹੀਂ ਪਤਾ ਕਿ ਮੈਂ ਕਿਵੇਂ ਇਕ ਚੰਗਾ ਐਕਟਰ ਹਾਂ। ਬਸ ਜਦੋਂ ਕੈਮਰੇ ਸਾਹਮਣੇ ਸਟੂਡੀਓ ਦੀ ਭਰਪੂਰ ਲਾਈਟ ਪੈਂਦੀ ਹੈ ਜਾਂ ਸਟੇਜ ਉਤੇ ਆਉਂਦਾ ਹਾਂ ਤਾਂ ਇਕ ਦਮ ਮੇਰੇ ਅੰਦਰ ਪਾਤਰ ਦੀ ਸ਼ਕਤੀ ਭਰ ਜਾਂਦੀ ਹੈ। ਇਕ ਅਜੀਬ ਦਿਆਨਤਦਾਰੀ ਮੇਰੀ ਰਗ ਰਗ ਵਿਚ ਫੜਕਣ ਲੱਗਦੀ ਹੈ। ਬਸ ਇਹੋ ਐਕਟਿੰਗ ਹੈ। ਪਰ ਹਾਲੇ ਮੈਂ ਬਹੁਤ ਕੁਝ ਸਿੱਖਣਾ ਹੈ। ਮੈਂ ਚਾਹੁੰਦਾ ਹਾਂ ਫਿਲਮੀ ਜ਼ਿੰਦਗੀ ਤੋਂ ਛੁੱਟੀ ਲਵਾਂ -- ਜਾਂ ਬਸ ਤਿੰਨ ਚਾਰ ਮਹੀਨੇ ਫਿਲਮ ਵਿਚ ਕੰਮ ਕਰਾ ਤੇ ਬਾਕੀ ਦੇ ਮਹੀਨੇ ਪੰਜਾਬ ਵਿਚ ਰਹਾਂ। ਸਰ੍ਹੋਂ ਦਾ ਸਾਗ ਤੇ ਗੰਢੇ ਨਾਲ ਰੋਟੀ ਖਾ ਕੇ ਪੰਜਾਬੀ ਜ਼ਬਾਨ ਵਿਚ ਕਹਾਣੀਆਂ ਤੇ ਨਾਵਲ ਲਿਖਾਂ ਤੇ ਪੰਜਾਬੀ ਡਰਾਮਿਆਂ ਵਿਚ ਪਾਰਟ ਕਰਾਂ।"[4]

ਬਲਰਾਜ ਸਾਹਨੀ ਨੇ 1957 ਈ. ਵਿਚ ਕਪੂਰ ਸਿੰਘ ਘੁੰਮਣ ਦੇ ਨਾਟਕ 'ਉਧਾਲੀ ਹੋਈ ਕੁੜੀ' ਦਾ ਬੰਬਈ ਵਿਖੇ ਮੰਚਣ ਕੀਤਾ। ਉਸ ਉਪਰੰਤ ਇਸ ਨੂੰ ਇਪਟਾ ਦੇ ਸਾਲਾਨਾ ਸਮਾਗਮ ਤੇ ਦਿੱਲੀ ਵਿਖੇ ਪੇਸ਼ ਕੀਤਾ ਗਿਆ। ਬਲਰਾਜ ਸਾਹਨੀ ਨੇ ਇਸ ਨਾਟਕ ਦੇ ਛੋਟੇ ਜਿਹੇ ਪਾਤਰ ਖੜਕ ਸਿੰਘ ਦਾ ਪਾਰਟ ਕੀਤਾ। ਬਲਰਾਜ ਸਾਹਨੀ ਪੰਜਾਬ ਦੀਆਂ ਨਾਟਕ-ਮੰਡਲੀਆਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਬੰਬਈ ਬੁਲਾਉਂਦੇ ਅਤੇ ਜਦੋਂ ਆਪ ਅਕਸਰ ਹਰ ਵਰ੍ਹੇ ਪੰਜਾਬ ਆਉਂਦੇ ਤਾਂ ਅਜਿਹੀਆਂ ਨਾਟਕ ਮੰਡਲੀਆਂ ਨਾਲ ਆਪਣਾ ਸੰਪਰਕ ਕਾਇਮ ਕਰਦੇ। ਉਹ ਉਨ੍ਹਾਂ ਵਲੋਂ ਕੀਤੀਆਂ ਜਾ ਰਹੀਆਂ ਸਰਗਰਮੀਆਂ ਨਾਲ ਵੀ ਜੁੜਦੇ।

ਬਲਰਾਜ ਸਾਹਨੀ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਪਾਸਾਰ ਲਈ ਨਿਭਾਈ ਜਾ ਰਹੀ ਭੂਮਿਕਾ ਤੋਂ ਬਹੁਤ ਪ੍ਰਸੰਨ ਹੋਏ। ਇਸ ਕਲਾ ਕੇਂਦਰ ਦੇ ਮੁੱਢਲੇ ਨਿਰਦੇਸ਼ਕ ਸਰਦਾਰ ਗੁਰਸ਼ਰਨ ਸਿੰਘ ਦੀ ਪੰਜਾਬੀ ਨਾਟਕ ਅਤੇ ਰੰਗਮੰਚ ਪ੍ਰਤੀ ਪ੍ਰਤੀਬਧਤਾ ਤੋਂ ਤਾਂ ਉਹ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਇਸ ਕੇਂਦਰ ਨੂੰ ਪੰਜਾਬੀ ਨਾਟਕਾਂ ਦੇ ਮੰਚਣ ਲਈ ਕਈ ਵਾਰ ਸੱਦਾ ਦਿੱਤਾ ਅਤੇ ਸਰਦਾਰ ਗੁਰਸ਼ਰਨ ਸਿੰਘ ਦੀ ਅਗਵਾਈ ਹੇਠ ਇਸ ਕੇਂਦਰ ਵਲੋਂ ਬੰਬਈ ਵਿਖੇ ਕਈ ਪੰਜਾਬੀ ਨਾਟਕ ਖੇਡੇ ਗਏ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਨੇ ਪੰਜਾਬੀ ਨਾਟਕ ਨੂੰ ਪੰਜਾਬ ਦੇ ਪਿੰਡ-ਪਿੰਡ ਪਹੁੰਚਾਇਆ ਹੈ ਅਤੇ ਪੰਜਾਬ ਤੋਂ ਬਾਹਰ ਪੰਜਾਬੀ ਨਾਟਕ ਦਾ ਬੋਲ ਬਾਲਾ ਕਰਵਾਇਆ ਹੈ। ਬਲਰਾਜ ਸਾਹਨੀ ਦਾ ਇਸ ਕਲਾ ਕੇਂਦਰ ਨਾਲ ਨੇੜਤਾ ਬਣਾਉਣਾ ਇਸ ਗੱਲ ਵਲ ਸੰਕੇਤ ਕਰਦਾ ਹੈ ਕਿ ਇਸ ਨੇ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਫੈਲਾਉ ਵਾਸਤੇ ਸ਼ਲਾਘਾਯੋਗ ਉਦਮ ਕੀਤਾ। ਬਲਰਾਜ ਸਾਹਨੀ ਪੰਜਾਬ ਆ ਕੇ ਇਸ ਕੇਂਦਰ ਵਲੋਂ ਖੇਡੇ ਜਾਂਦੇ ਪੰਜਾਬੀ ਨਾਟਕ ਦੇਖਣ ਜਾਂਦੇ ਅਤੇ ਉਨ੍ਹਾਂ ਦੀ ਵਧੀਆਂ ਪੇਸ਼ਕਾਰੀ ਲਈ ਸੁਝਾਉ ਵੀ ਦੇਂਦੇ ਸਨ। 1967 ਈ. ਵਿਚ ਬਲਰਾਜ ਸਾਹਨੀ ਨੇ ਇਸ ਕਲਾ ਕੇਂਦਰ ਦੀਆਂ ਸਰਗਰਮੀਆਂ ਦੇ ਨਾਲ-ਨਾਲ ਆਪ ਕਰਤਾਰ ਸਿੰਘ ਦੁੱਗਲ ਦੇ ਇਕਾਂਗੀ 'ਉਪਰਲੀ ਮੰਜ਼ਿਲ' ਦੀ ਸਫਲ ਪੇਸ਼ਕਾਰੀ ਕੀਤੀ।

ਬਲਰਾਜ ਸਾਹਨੀ ਨੇ ਪੰਜਾਬੀ ਭਾਸ਼ਾ ਅਤੇ ਪੰਜਾਬੀ ਨਾਟਕ ਤੇ ਰੰਗਮੰਚ ਦੇ ਵਿਕਾਸ ਵਾਸਤੇ 'ਪੰਜਾਬੀ ਕਲਾ ਕੇਂਦਰ' ਸਥਾਪਤ ਕੀਤਾ। ਇਸ ਕੇਂਦਰ ਵਲੋਂ ਹੀ 29,30,31 ਮਾਰਚ, 1973 ਈ. ਨੂੰ ਬੰਬਈ ਵਿਖੇ ਇਕ ਪੰਜਾਬੀ ਨਾਟਕ ਮੇਲਾ ਕਰਵਾਇਆ ਗਿਆ। ਇਸ ਮੇਲੇ ਵਿਚ ਪੰਜਾਬ ਦੀਆਂ ਨਾਟਕ ਮੰਡਲੀਆਂ ਵੀ ਨਾਟਕ ਲੈ ਕੇ ਗਈਆਂ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਨੇ ਨਾਨਕ ਸਿੰਘ ਦੇ ਨਾਵਲ ਤੇ ਆਧਾਰਤ 'ਕੋਈ ਹਰਿਆ ਬੂਟ ਰਹਿਓ ਰੇ, 'ਇਕ ਨਾ ਦੋ ਮੁਲਕ,' 'ਜਦੋਂ ਰੌਸ਼ਨੀ ਹੁੰਦੀ ਹੈ' ਅਤੇ 'ਗੈਦਰ ਦੀ ਗੂੰਜ' ਨਾਟਕ ਪੇਸ਼ ਕੀਤੇ। ਪੰਜਾਬੀ ਕਲਾ ਕੇਂਦਰ, ਬੰਬਈ ਵਲੋਂ ਬਲਵੰਤ ਗਾਰਗੀ ਦਾ ਨਾਟਕ 'ਕਣਕ ਦੀ ਬੱਲੀ' ਪੇਸ਼ ਕੀਤਾ ਗਿਆ। ਏਸ 56 ਨਾਟਕ ਦੀ ਨਿਰਦੇਸ਼ਨ ਅੰਮ੍ਰਿਤਪਾਲ ਨੇ ਕੀਤੀ। ਇਸ ਨਾਟਕ ਲਈ ਪਹਿਲਾਂ ਉਨ੍ਹਾਂ ਨੇ ਨਰਾਇਣੇ ਦਾ ਪਾਰਟ ਕਰਨਾ ਸੀ ਪਰ ਬਾਅਦ ਵਿੱਚ ਮੱਘਰ ਦਾ ਰੋਲ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਨੇ ਮਲਵਈ ਬੋਲੀ ਬੋਲਣ ਦਾ ਅਭਿਆਸ ਕੀਤਾ। ਇਸ ਦੇ ਫਲਸਰੂਪ ਉਹ ਮੱਘਰ ਦੇ ਰੋਲ ਵਿਚ ਸਫਲ ਰਹੇ। ਬਲਰਾਜ ਸਾਹਨੀ ਨੇ ਇਸ ਨਾਟਕ ਦਾ ਅੰਤ ਬਦਲ ਦਿਤਾ। ਬਚਨੇ ਦੀ ਮੌਤ ਅਤੇ ਤਾਰੋ ਦੇ ਖੂਹ ਵਿਚ ਛਾਲ ਮਾਰਨ ਤੋਂ ਬਾਅਦ ਨਰਾਇਣਾ ਮੱਘਰ ਨੂੰ ਗੋਲੀ ਦਾ ਸ਼ਿਕਾਰ ਬਣਾ ਲੈਂਦਾ ਹੈ ਬਲਰਾਜ ਸਾਹਨੀ ਦੀ ਦ੍ਰਿਸ਼ਟੀ ਵਿਚ ਬਚਨੇ ਅਤੇ ਤਾਰੋ ਦੀ ਮੌਤ ਉਪਰੰਤ ਮੱਘਰ ਦਾ ਜੀਉਣਾ ਅਸੁਭਾਵਕ ਲਗਦਾ ਹੈ। ਬਲਰਾਜ ਸਾਹਨੀ ਦੀ ਹੱਲਾ ਸ਼ੇਰੀ ਨਾਲ ਸੰਤੋਸ਼ ਸਾਹਨੀ ਨੇ ਨਿਹਾਲੀ ਮੰਜੂ ਭਾਟੀਆ ਨੇ ਤਾਬਾਂ, ਮਾਹਿਮਾ ਨੇ ਤਾਰੋ ਗੁਰਮੇਲ ਨੇ ਬਚਨਾ, ਮੱਖਣ ਸਿੰਘ ਨੇ ਮਾੜੂ,ਅੰਮ੍ਰਿਤਪਾਲ ਨੇ ਨਰਾਇਣਾ, ਪ੍ਰੀਤਮ ਬੇਲੀ ਨੇ ਛੰਡੂ ਅਤੇ ਕੇਲਾਸ਼ ਬੇਲੀ ਨੇ ਠਾਕਰੀ ਦਾ ਰੋਲ ਨਿਭਾਇਆ। ਬਲਰਾਜ ਸਾਹਨੀ ਨੇ ਬਲਵੰਤ ਗਰਾਗੀ ਦੇ ਨਾਟਕ 'ਕਣਕ ਦੀ ਬੱਲੀ' ਵਿਚ ਬੰਬਈ ਵਿਖੇ 30 ਮਾਰਚ, 1973 ਈ. ਨੂੰ ਮੱਘਰ ਦੇ ਰੋਲ ਵਿਚ ਪੰਜਾਬੀ ਰੰਗਮੰਚ ਤੇ ਆਖਰੀ ਵਾਰ ਦਰਸ਼ਨ ਦਿੱਤੇ ਅਤੇ ਆਪਣੇ ਰੋਲ ਨਾਲ ਦਰਸ਼ਕਾਂ ਤੇ ਅਮਿੱਟ ਪ੍ਰਭਾਵ ਪਾਇਆ।

ਬਲਰਾਜ ਸਾਹਨੀ ਨੇ ਹਿੰਦੀ ਫਿਲਮਾਂ ਵਿਚ ਅਦਾਕਾਰੀ ਕਰਨ ਦੇ ਨਾਲ-ਨਾਲ ਭਾਰਤੀ ਰੰਗਮੰਚ ਨਾਲ ਆਪਣੀ ਨੇੜਤਾ ਕਾਇਮ ਰੱਖੀ। ਉਨ੍ਹਾਂ ਨੇ ਆਪਣੀ ਪਿਛਲੀ ਉਮਰ ਵਿਚ ਪੰਜਾਬੀ ਨਾਟਕ ਅਤੇ ਰੰਗਮੰਚ ਵਿਚ ਵਿਸ਼ੇਸ਼ ਦਿਲਚਸਪੀ ਲਈ। ਉਹ ਇਕ ਪਾਤਰ ਤੋਂ ਲੈ ਕੇ ਨਿਰਮਾਤਾ ਨਿਰਦੇਸ਼ਕ ਦੀ ਭੂਮਿਕਾ ਨਿਭਾਉਂਦੇ ਰਹੇ ਅਤੇ ਪੰਜਾਬੀ ਰੰਗਮੰਚ ਦਾ ਮਿਆਰ ਭਾਰਤ ਦੀਆਂ ਹੋਰਨਾਂ ਬੋਲੀਆਂ ਦੇ ਰੰਗਮੰਚ ਦੇ ਬਰਾਬਰ ਕਰਨ ਵਿਚ ਰੁਝੇ ਰਹੇ। ਪੰਜਾਬ ਸਰਕਾਰ ਜੇ ਉਨ੍ਹਾਂ ਦੀ ਵੱਡਮੁਲੀ ਦੇਣ ਨੂੰ ਧਿਆਨ ਵਿਚ ਰੱਖ ਕੇ ਪੰਜਾਬ ਦੇ ਕਿਸੇ ਸ਼ਹਿਰ ਵਿਚ 'ਬਲਰਾਜ ਥੀਏਟਰ' ਬਣਾ ਸਕੇ ਤਾ ਉਨ੍ਹਾਂ ਨੂੰ ਏਹੋ ਸੱਚੀ ਸ਼ਰਧਾਂਜਲੀ ਹੋਵੇਗੀ।

1. "Very often Balraj would organize dramatic performances in the house and enact incidents from the lives of Swami Dayanand, Rana Partap, Sharwan kumar etc. For the audience he had our two sis- ters, our mother and occasionally father and Tulsi, the servant." Bishan Sahni, Balraj my brother, National Book Trust India, New Delhi 1981, Page 14.

2. 'Acting is not art alone, but science also. Any person by studing and practising on scientific line can become a good actor; Quoted by Bisham Sahni, Balraj My Brother, National Book Trust, India, New Delhi, 1981 Page 116.

3. ਮਾਸਕ ਪੱਤਰ ਦ੍ਰਿਸ਼ਟੀ, ਜੂਨ 1973, ਜਲੰਧਰ, ਪੰਨਾ 4

4. ਅਮਰਜੀਤ ਸਿੰਘ ਦੀਪਕ, ਬਲਰਾਜ ਬਿਨਾਂ ਹੁਣ ਕਾਹਦੇ ਮੇਲੇ, ਨਵਯੁੱਗ ਪਬਲਿਸ਼ਰਜ, ਦਿੱਲੀ, 1992, ਪੰਨਾ, 90

ਬਲਰਾਜ ਸਾਹਨੀ : ਇਕ ਨਾਟਕਕਾਰ

ਬਲਰਾਜ ਸਾਹਨੀ ਨੇ ਰੰਗਮੰਚ ਵਿਚ ਦਿਲਚਸਪੀ ਆਪਣੇ ਬਚਪਨ ਤੋਂ ਰੱਖੀ। ਉਹ ਇਕ ਤਜ਼ਰਬੇਕਾਰ ਰੰਗ ਕਰਮੀ ਵਜੋਂ ਪ੍ਰਸਿੱਧ ਸਨ। ਰੰਗਮੰਚ ਦੀ ਸੂਝ ਸਦਕਾ ਉਨ੍ਹਾਂ ਨੇ ਇਕ ਮੌਲਿਕ ਨਾਟਕ 'ਕੀ ਇਹ ਸੱਚ ਹੈ ਬਾਪੂ?' ਲਿਖਿਆ ਉਨ੍ਹਾਂ ਨੇ ਪਹਿਲਾਂ ਇਹ ਨਾਟਕ ਹਿੰਦੀ ਵਿਚ 'ਸੂਕਸ਼ਮ ਰੂਪ' ਸਿਰਲੇਖ ਹੇਠ ਲਿਖਿਆ ਅਤੇ ਇਸ ਦਾ ਮੰਚਣ ਵੀ ਕੀਤਾ। ਉਸ ਤੋਂ ਬਾਅਦ ਇਹ ਪੰਜਾਬੀ ਦੇ ਮਾਸਕ ਪੱਤਰ ਦ੍ਰਿਸ਼ਟੀ, ਜੂਨ, 1973 ਈ. ਵਿਚ 'ਅਰਸ਼ ਫਰਸ਼' ਅਨੁਵਾਨ ਤਹਿਤ ਪ੍ਰਕਾਸ਼ਿਤ ਹੋਇਆ ਫੇਰ ਇਹ ਏਸੇ ਨਾਂ ਨਾਲ ਬਲਰਾਜ ਸਾਹਨੀ ਯਾਦਗਾਰ ਘਰੇਲੂ ਪੁਸਤਕਸ਼ਾਲਾ, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਕੀਤਾ ਗਿਆ। ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਨੇ ਇਹ ਨਾਟਕ 'ਕੀ ਇਹ ਸੱਚ ਹੈ ਬਾਪੂ?' ਸਿਰਲੇਖ ਹੇਠ ਪਹਿਲੀ ਵਾਰ ਮਾਰਚ 1974 ਈ. ਵਿਚ ਪ੍ਰਕਾਸ਼ਿਤ ਕੀਤਾ।

1947 ਈ. ਵਿਚ ਹੋਈ ਭਾਰਤ ਪਾਕਿ ਵੰਡ ਕੁਝ ਨੇਤਾਵਾਂ ਦੇ ਨਿਹਿਤ ਹਿਤਾਂ ਦਾ ਪ੍ਰਣਾਮ ਸੀ। ਅੰਗ੍ਰੇਜ਼ ਹੁਕਮਰਾਨਾਂ ਨੇ ਭਾਰਤ ਦੇ ਹਿੰਦੂ ਅਤੇ ਮੁਸਲਮਾਨ ਨੇਤਾਵਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਆਪਣਾ ਰਾਜ ਕਾਇਮ ਰੱਖਣ ਦਾ ਸਫਲ ਪ੍ਰਯਤਨ ਕੀਤਾ। ਮਹਾਤਮਾ ਗਾਂਧੀ ਅਤੇ ਮੁਹੰਮਦ ਅਲੀ ਜਿਨਾਹ ਦੇ ਆਪਸੀ ਮਤ-ਭੇਦਾਂ ਕਾਰਨ ਮਾਸੂਮਾਂ ਅਤੇ ਮਜ਼ਲੂਮਾਂ ਦੇ ਖ਼ੂਨ ਦੀ ਹੋਲੀ ਖੇਡੀ ਗਈ। ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੀਆਂ ਅਜਾਈ ਮੌਤਾਂ ਹੋਈਆਂ। ਭਾਰਤ ਅੰਗ੍ਰੇਜ਼ ਹੁਕਮਰਾਨਾ ਤੋਂ ਸੁਤੰਤਰ ਹੋ ਗਿਆ ਪਰ ਭਾਰਤ ਦਾ ਸਾਧਾਰਨ ਨਾਗਰਿਕ ਮੁਸੀਬਤ ਵਿਚ ਪੈ ਗਿਆ। ਉਸ ਨੂੰ ਪੁਨਰ ਸਥਾਪਤੀ ਲਏ ਵਰ੍ਹੇ ਲਗ ਗਏ। ਉਹ ਵਿਦੇਸ਼ੀ ਹਾਕਮਾਂ ਤੋਂ ਸੁਤੰਤਰ ਹੋ ਕੇ ਦੇਸੀ ਹਾਕਮਾਂ ਦਾ ਪ੍ਰਤੰਤਰ ਹੋ ਗਿਆ।

ਬਲਰਾਜ ਸਾਹਨੀ ਨੇ ਇਸ ਨਾਟਕ ਰਾਹੀਂ ਸਪੱਸ਼ਟ ਕੀਤਾ ਹੈ ਕਿ ਮਨੁੱਖ ਬੁਨਿਆਦੀ ਤੌਰ ਤੇ ਮਾੜਾ ਨਹੀਂ ਉਹ ਚਾਲਬਾਜ਼ ਸਿਆਸੀ ਨੇਤਾਵਾਂ ਦੇ ਇਸ਼ਾਰਿਆਂ ਤੇ

ਚਲ ਕੇ ਹੋਰਨਾਂ ਨਾਲ ਵੈਰ ਵਿਰੋਧ ਪੈਦਾ ਕਰ ਲੈਂਦਾ ਹੈ, ਉਹ ਧਾਰਮਕ ਆਗੂਆਂ ਨੂੰ ਖੁਸ਼ ਕਰਨ ਲਈ ਗੁੰਮਰਾਹ ਹੋ ਜਾਂਦਾ ਹੈ ਅਤੇ ਸਮਾਜ ਵਿਚ ਆਪਣਾ ਵਿਪਰੀਤ ਬਿੰਬ ਬਣਾ ਲੈਂਦਾ ਹੈ। ਬਲਰਾਜ ਸਾਹਨੀ ਨੇ ਸਿਆਸੀ ਆਗੂਆਂ ਦੀ ਆਪਸੀ ਖਿਚੋਤਾਣ ਵਲ ਵੀ ਸੰਕੇਤ ਕੀਤਾ ਹੈ। ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਨੀਤੀ ਸੁਭਾਸ਼ ਚੰਦਰ ਬੋਸ ਨੂੰ ਨਾ-ਪਸੰਦ ਸੀ ਪਰ ਉਸ ਨੇ ਉਨ੍ਹਾਂ ਦੀ ਵਿਰੋਧਤਾ ਨਹੀਂ ਕੀਤੀ, ਪੰਡਤ ਜਵਾਹਰ ਲਾਲ ਨਹਿਰੂ ਲਈ ਮਹਾਤਮਾ ਗਾਂਧੀ ਦੀ ਸ਼ਖ਼ਸੀਅਤ ਇਕ ਬੁਝਾਰਤ ਰਹੀ ਅਤੇ ਉਨ੍ਹਾਂ ਨੇ ਦੇਸ਼ ਦੀ ਵੰਡ ਦਾ ਕਸੂਰਵਾਰ ਗਾਂਧੀ ਨਾਲੋਂ ਵੱਧ ਆਪਣੇ ਆਪ ਨੂੰ ਸਮਝਿਆ। ਸ਼ਹੀਦ ਭਗਤ ਸਿੰਘ ਹਿੰਸਾਮਈ ਹੁੰਦਾ ਹੋਇਆ ਵੀ ਗਾਂਧੀ ਦੀਆਂ ਨੀਤੀਆਂ ਦਾ ਵਿਰੋਧ ਨਾ ਕਰ ਸਕਿਆ। ਨਾਟਕਕਾਰ ਨੇ ਉਨ੍ਹਾਂ ਰਾਜਸੀ ਨੇਤਾਵਾਂ ਦਾ ਕਿਰਦਾਰ ਵੀ ਪੇਸ਼ ਕੀਤਾ ਹੈ ਜੋ ਆਪਣਾ ਅਸਤਿਤਵ ਕਾਇਮ ਰੱਖਣ ਲਈ ਆਮ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਹਨ।

ਬਲਰਾਜ ਸਾਹਨੀ ਨੇ ਇਹ ਨਾਟਕ ਲਿਖ ਕੇ ਇਕ ਮਹੱਤਵਪੂਰਨ ਅਤੇ ਪ੍ਰਸ਼ੰਸਕ ਪ੍ਰਸ਼ਨ ਖੜ੍ਹਾ ਕੀਤਾ ਹੈ ਕਿ 1947 ਈ. ਦੇ ਬਟਵਾਰੇ ਉਪਰੰਤ ਵੀ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਹਿੰਦੂ, ਮੁਸਲਮਾਨ ਫਸਾਦ ਕਿਉਂ ਨਿਰੰਤਰ ਜਾਰੀ ਹਨ? ਪਾਕਿਸਤਾਨ ਦੀ ਹੋਂਦ ਸਥਾਪਤ ਹੋ ਜਾਣ ਤੋਂ ਬਾਅਦ ਵੀ ਮੁਸਲਮਾਨਾਂ, ਹਿੰਦੂਆਂ ਵਿਚਕਾਰ ਦੰਗੇ ਕਿਉਂ ਹੋ ਰਹੇ ਹਨ? ਭਾਰਤ, ਪਾਕਿਸਤਾਨ ਦੇ ਚੰਗੇਰੇ ਸਬੰਧ ਕਿਉਂ ਨਹੀਂ ਬਣ ਸਕੇ ?

"ਕੀ ਇਹ ਸੱਚ ਹੈ ਬਾਪੂ ?" ਨਾਟਕ ਦਾ ਨਾਟਕੀ ਸੰਗਠਨ ਉਨ੍ਹਾਂ ਘਟਨਾਵਾਂ ਤੇ ਆਧਾਰਤ ਹੈ ਜੋ ਭਾਰਤ ਦੇ ਇਕ ਸ਼ਹਿਰ ਵਿਚ ਹਿੰਦੂ, ਮੁਸਲਮਾਨ ਫਸਾਦਾਂ ਸਮੇਂ ਵਾਪਰੀਆਂ। ਸ਼ਹਿਰ ਦੇ ਲੋਕ ਗਾਂਧੀਵਾਦੀ ਕਾਂਗਰਸੀ ਵਰਕਰ ਅਸ਼ੋਕ ਕੁਮਾਰ ਆਜ਼ਾਦ ਤੇ ਹੋਏ ਮਾਰੂ ਹਮਲੇ ਬਾਰੇ ਕਿਆਸ ਲਗਾਉਂਦੇ ਹਨ। ਉਹ ਸਮਝਦੇ ਹਨ ਸ਼ਾਇਦ ਕਿਸੇ ਨਕਸਲਵਾਦੀ ਨੇ ਅਸ਼ੋਕ ਕੁਮਾਰ ਆਜ਼ਾਦ ਤੇ ਹਮਲਾ ਕੀਤਾ ਹੈ ਕਿਉਂਕਿ ਉਨ੍ਹਾਂ ਦੇ ਕਾਗਜ਼ਾਂ ਵਿਚੋਂ ਕੁਝ ਖ਼ਤ ਪੁਲਿਸ ਨੂੰ ਮਿਲੇ ਸਨ ਜਿਨ੍ਹਾਂ ਵਿਚ ਨਕਸਲਵਾਦੀਆਂ ਨੇ ਉਨ੍ਹਾਂ

ਨੂੰ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਦਿੱਤੀਆਂ ਹੋਈਆਂ ਸਨ। ਅਸ਼ੋਕ ਕੁਮਾਰ ਆਜ਼ਾਦ ਕਿਸੇ ਬਾਰੇ ਵੀ ਬਿਆਨ ਦੇਣ ਤੋਂ ਇਨਕਾਰ ਕਰ ਦੇਂਦੇ ਹਨ। ਉਨ੍ਹਾਂ ਨਾਲ ਹਮਦਰਦੀ ਪ੍ਰਗਟਾਉਣ ਵਾਸਤੇ ਨਿਰੰਜਨ, ਦੇਵਾ ਅਤੇ ਕੁਝ ਹੋਰ ਸੇਵਾਕਰਮੀ ਕਾਰਕੁਨ ਹਸਪਤਾਲ ਵਿਖੇ ਪਹੁੰਚਦੇ ਹਨ। ਸ਼ਹਿਰ ਦਾ ਇਕ ਉੱਘਾ ਵਕੀਲ ਸ਼ਰਮਾ,ਅਸ਼ੋਕ ਆਜ਼ਾਦ ਤੇ ਕਾਤਲਾਣਾ ਹਮਲੇ ਦੀ ਨਖੇਦੀ ਕਰਦਾ ਹੈ ਅਤੇ ਸ਼ਹਿਰ ਦੇ ਹਿੰਦੂ, ਮੁਸਲਮਾਨ ਵਸ਼ਿੰਦਿਆਂ ਨੂੰ ਭਰਾਵਾਂ ਵਾਂਗ ਇਕੱਠੇ ਰਹਿਣ ਲਈ ਅਪੀਲ ਕਰਦਾ ਹੈ।

ਬਲਰਾਜ ਸਾਹਨੀ ਦਾ ਇਹ ਨਾਟਕ ਭਾਰਤੀ ਦਰਸ਼ਨ ਤੇ ਦ੍ਰਿਸ਼ਟੀਪਾਤ ਕਰਾਉਂਦਾ ਹੈ, ਲੋਕਾਂ ਵਿਚ ਆਈ ਜਾਗਰੂਕਤਾ ਵੱਲ ਸੰਕੇਤ ਕਰਦਾ ਹੈ ਅਤੇ ਸਿਆਸੀ ਨੇਤਾਵਾਂ ਦੀਆਂ ਕੋਝੀਆਂ ਚਾਲਾਂ ਵਲ ਧਿਆਨ ਦੁਆਉਂਦਾ ਹੈ।

ਇਸ ਨਾਟਕ ਦੇ ਦੋ ਅੰਕ ਹਨ। ਪਹਿਲੇ ਅੰਕ ਵਿਚ ਨਿਰਸਵਾਰਥ ਗਾਂਧੀਵਾਦੀ ਕਾਂਗਰਸ ਵਰਕਰ ਅਸ਼ੋਕ ਕੁਮਾਰ ਆਜ਼ਾਦ ਦੀ ਦੁਖਾਂਤਕ ਸਥਿੱਤੀ ਦਰਸਾਈ ਹੈ ਅਤੇ 1965 ਈ. ਦੀ ਹਿੰਦ-ਪਾਕਿ ਜੰਗ ਵਿਚ ਮਰੇ ਭਾਗ ਸਿੰਘ ਦਾ ਕਾਲਪਨਿਕ ਪਾਤਰ ਸਿਰਜ ਕੇ ਅਸ਼ੋਕ ਕੁਮਾਰ ਆਜ਼ਾਦ ਨਾਲ ਸੰਵਾਦ ਪੇਸ਼ ਕੀਤਾ ਹੈ। ਭਾਗ ਸਿੰਘ, ਅਸ਼ੋਕ ਕੁਮਾਰ ਆਜ਼ਾਦ ਨਾਲ ਫ਼ੌਜੀ ਅਤੀਤ ਸਾਂਝਾ ਕਰਦਾ ਹੈ। ਆਪਣੀ ਸ਼ਕਤੀਮਾਨ ਥ੍ਰੀ ਟੰਨਰ ਸੁੰਦਰੀ' ਦੀ ਯਾਦ ਦੁਆਉਂਦਾ ਹੈ ਅਤੇ ਕੈਪਟਨ ਰੰਗਾ ਸਵਾਮੀ ਦੀ ਯਾਦ ਤਾਜ਼ਾ ਕਰਦਾ ਹੈ। ਅਸ਼ੋਕ ਕੁਮਾਰ, ਭਾਗ ਸਿੰਘ ਦੇ ਸੰਵਾਦ ਦੌਰਾਨ ਗਾਂਧੀ ਅਤੇ ਨਹਿਰੂ ਨੂੰ ਭਾਰਤ ਦੇ ਦੁਸ਼ਮਣ ਦਸਦਾ ਹੈ। ਗਾਂਧੀ ਅਤੇ ਮੁਹੰਮਦ ਅਲੀ ਜਿਨਾਹ ਨੂੰ ਇਹ ਕਹਿਣ ਤੇ 'ਭਾਰਤ ਦੇ ਮੁਸਲਮਾਨ ਹਿੰਦੂਆਂ ਵਿਚੋਂ ਹੀ ਪਤਿਤ ਹੋ ਕੇ ਮੁਸਲਮਾਨ ਹੋਏ ਹਨ ਉਸ ਨੂੰ ਸੱਤੀ ਕਪੜੀ ਅੱਗ ਲੱਗ ਜਾਂਦੀ ਹੈ। ਉਹ ਵੱਖਰਾ ਦੇਸ਼ ਪਾਕਿਸਤਾਨ ਬਣਾਉਣ ਦੀ ਮੰਗ ਨੂੰ ਸੰਜੀਦਗੀ ਨਾਲ ਪੇਸ਼ ਕਰਦਾ ਹੈ ਅਤੇ ਆਖਰ ਮੰਨਵਾ ਕੇ ਹੀ ਸਾਹ ਲੈਂਦਾ ਹੈ।

ਨਾਟਕ ਦੀ ਅਸਲੀ ਤੰਦ ਨਾਟਕ ਦੇ ਦੂਸਰੇ ਅੰਕ ਵਿਚ ਅਸ਼ੋਕ, ਭਗਤ ਸਿੰਘ, ਬਾਪੂ, ਸੁਭਾਸ਼ ਅਤੇ ਨਹਿਰੂ ਦੇ ਸੰਵਾਦ 'ਚੋਂ ਸਾਹਮਣੇ ਆਉਂਦੀ ਹੈ। ਅਸ਼ੋਕ ਇਹ ਜਾਣਨਾ ਚਾਹੁੰਦਾ ਹੈ ਕਿ ਮਹਾਤਮਾ ਗਾਂਧੀ ਨੇ ਮੁਸਲਮਾਨਾਂ ਨਾਲ ਹਮਦਰਦੀ ਕਿਉਂ ਰੱਖੀ। ਗਾਂਧੀ

ਜੀ ਦਾ ਮੱਤ ਸੀ ਕਿ ਹਿੰਦੂਆਂ ਨੂੰ ਭਾਰਤ ਦੀ ਵੰਡ ਲਈ ਮੁਸਲਮਾਨਾਂ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਹਿੰਦੂ ਨੇ ਹਿੰਦੂ ਤੇ ਜ਼ੁਲਮ ਕੀਤਾ ਹੈ। ਗਾਂਧੀ ਜੀ ਨੇ ਹਿੰਦੁਸਤਾਨ ਦੇ ਹਿੰਦੂ ਅਤੇ ਮੁਸਲਮਾਨ ਦੇ ਸਭਿਆਚਾਰ ਨੂੰ ਇਕ ਦਰਸਾਇਆ।

ਬਾਪੂ : ਇਨਸਾਨ ਕੋ ਕਭੀ ਮਾਯੂਸ ਨਹੀਂ ਹੋਣਾ ਚਾਹੀਏ। ਸਾਬਤ-ਕਦਮੀ ਸੇ ਆਪਨਾ ਮੰਜ਼ਿਲ ਕੀ ਤਰਫ਼ ਬੜ੍ਹਤੇ ਜਾਓ, ਬੜ੍ਹਤੇ ਜਾਓ।

ਅਸ਼ੋਕ : ਪਰ ਉਸ ਮੰਜ਼ਿਲ ਤੇ ਪਹੁੰਚਣ ਦੀ ਤੁਹਾਡੇ ਖਿਆਲ ਵਿਚ ਕੋਈ ਉਮੀਦ ਹੁਣ ਬਾਕੀ ਰਹਿ ਗਈ ਹੈ ? ਤੁਹਾਡੇ ਖ਼ਿਆਲ ਵਿਚ ਕਦੇ ਹਿੰਦੂ ਮੁਸਲਮਾਨ ਆਪਸ ਵਿਚ ਲੜਨਾ ਬੰਦ ਕਰ ਦੇਣਗੇ ?

ਬਾਪੂ : ਯਕੀਨਨ।

ਅਸ਼ੋਕ : ਉਹੀ ਪਾਟਿਆ ਪੁਰਾਣਾ ਜਜ਼ਬਾਤੀ ਯਕੀਨ, ਜਿਹੜਾ ਸੌ ਵਾਰੀ ਗ਼ਲਤ ਸਾਬਤ ਹੋ ਚੁਕਿਆ ਹੈ ਕਿ ਕੋਈ ਹੋਰ?

ਬਾਪੂ : ਤਵਾਰੀਖ਼ ਕੀ ਬੁਨਿਯਾਦੋਂ ਪਰ ਖੜਾ ਹੂਆ ਮਜ਼ਬੂਤ ਔਰ ਪਾਇਦਾਰ ਯਕੀਨ

ਅਸ਼ੋਕ : ਕੀ ਹੈ ਉਹ ?

ਬਾਪੂ : ਵੋਹ ਯਿਹ ਕਿ ਹਿੰਦੁਸਤਾਨ ਕਾ ਹਿੰਦੂ ਔਰ ਮੁਸਲਮਾਨ, ਦੋਨੋਂ ਕਾ ਖ਼ੂਨ ਏਕ ਹੈ, ਤਹਿਜ਼ੀਬ ਏਕ ਹੈ, ਔਰ ਕਿਸੀ ਜ਼ਮਾਨੇ ਮੇਂ ਦੋਨੋਂ ਕਾ ਮਜ਼ਹਬ ਭੀ ਏਕ। ਇਸ ਨਾਟਕ 'ਚੋਂ ਇਹ ਤੱਥ ਵੀ ਸਪੱਸ਼ਟ ਹੁੰਦਾ ਹੈ ਕਿ ਅੰਗ੍ਰੇਜ਼ ਹਾਕਮਾਂ ਨੇ ਇਸ ਸਮੇਂ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਕ ਦੂਸਰੇ ਪ੍ਰਤੀ ਭੜਕਾਉਣ ਦਾ ਪ੍ਰਯਤਨ ਕੀਤਾ। ਉਨ੍ਹਾਂ ਨੇ ਦੋਹਾਂ ਫਿਰਕਿਆਂ ਦੇ ਆਗੂਆਂ ਵਿਚ ਵੀ ਵਿੱਥਾਂ ਪਾਈ ਰੱਖੀਆਂ। ਸੁਭਾਸ਼ ਚੰਦਰ ਬੋਸ, ਮਹਾਤਮਾ ਗਾਂਧੀ ਨਾਲ ਆਪਣੇ ਸੰਵਾਦ ਦੌਰਾਨ ਅੰਗ੍ਰੇਜ਼ਾਂ ਦੀ ਭੜਕਾਊ, ਪਾੜੋ ਤੇ ਰਾਜ ਕਰੋ ਵਾਲੀ ਨੀਤੀ ਵਲ ਇਸ਼ਾਰਾ ਕਰਦਾ ਹੈ :

ਸੁਭਾਸ਼: ਅੰਗ੍ਰੇਜ਼ਾਂ ਨੇ ਪੂਰੇ ਹਿੰਦੁਸਤਾਨ ਤੇ ਕਬਜ਼ਾ ਕਰ ਲਿਆ ਤਾਂ ਫੁੱਟ-ਪਾਊ ਨੀਤੀ ਦਾ ਉਦਘਾਟਨ ਮੁਸਲਮਾਨਾਂ ਨੂੰ ਕੁਚਲਣ ਅਤੇ ਹਿੰਦੂਆਂ ਨੂੰ ਚੁਕਣ ਨਾਲ ਸ਼ੁਰੂ

ਕੀਤਾ ਸੀ। ਉਨ੍ਹਾਂ ਹਿੰਦੂਆਂ ਨੂੰ ਕਿਹਾ, "ਹਿੰਦੂਓ, ਕਿਉਂ ਗਫ਼ਲਤ ਦੀ ਨੀਂਦ ਸੁੱਤੇ ਹੋਏ ਹੋ ? ਇਹ ਹਿੰਦੁਸਤਾਨ ਸਾਰੇ ਦਾ ਸਾਰਾ ਤੁਹਾਡਾ ਹੈ। ਏਥੇ ਪ੍ਰਾਚੀਨ ਰਿਸ਼ੀਆਂ ਮੁਨੀਆਂ ਨੇ ਵੇਦਾਂ ਉਪਨਿਸ਼ਦਾਂ ਦੀਆਂ ਰਚਨਾਵਾਂ ਗਾਈਆਂ ਸਨ। ਅਸੀਂ ਤੁਹਾਨੂੰ ਗ਼ੁਲਾਮ ਬਨਾਣ ਨਹੀਂ ਆਏ,..... ਯਾਦ ਕਰੋ ਆਪਣੀਆਂ ਧੁਰ ਕਦੀਮ ਦੀਆਂ ਸ਼ਾਨਾਂ ਨੂੰ ਹਿੰਦੂਓ! ਜਾਗੋ, ਆਪਣਾ ਸੰਗਠਨ ਕਰੋ ? ਨਵੇਂ ਜ਼ਮਾਨੇ ਦੀ ਤਾਲੀਮ ਸਾਡੇ ਕੋਲੋਂ ਲਵੋ, ਉਹਦੇ ਨਾਲ ਆਪਣੀ ਪ੍ਰਾਚੀਨ ਸਭਿਅਤਾ ਦਾ ਸੁਮੇਲ ਕਰੋ। ਭਾਰਤ ਵਿਚ ਹਿੰਦੂ ਰਾਜ ਦੀ ਸਥਾਪਨਾ ਨੂੰ ਆਪਣਾ ਆਦਰਸ਼ ਬਣਾਓ।" ਏਸ ਨਵੀਂ ਤੇ ਅਣੋਖੀ ਕਿਸਮ ਦੀ ਦੇਸ਼ ਭਗਤੀ ਦਾ ਪਹਿਲਾ ਮਰਕਜ਼ ਕਲਕੱਤਾ ਸੀ, ਕਿਉਂਕਿ ਓਦੋਂ ਉਹੀ ਹਿੰਦੁਸਤਾਨ ਦੀ ਰਾਜਧਾਨੀ ਸੀ। ਤੁਸੀਂ ਬੰਕਮ ਬਾਬੂ ਦੇ ਜ਼ਮਾਨੇ ਦੇ ਬੰਗਾਲੀ ਸਾਹਿਤ ਨੂੰ ਵਾਚ ਕੇ ਵੇਖੋ, ਹਿੰਦੂ ਕੌਮ ਅਤੇ ਹਿੰਦੂ ਰਾਸ਼ਟਰ ਦੀਆਂ ਘੋਸ਼ਣਾਵਾਂ ਚੱਪੇ ਚੱਪੇ ਤੇ ਮਿਲਣਗੀਆਂ ।"[2]

ਭਗਤ ਸਿੰਘ, ਸੁਭਾਸ਼ ਦੀ ਇਸ ਵਿਚਾਰਧਾਰਾ ਦੀ ਪ੍ਰੋੜਤਾ ਕਰਦਾ ਹੈ ਅਤੇ ਅਨੁਸ਼ੀਲਨ ਸਮਿਤੀ ਵਲੋਂ ਜਾਰੀ ਕੀਤੇ ਗਏ ਹਿਦਾਇਤਨਾਮੇ ਦਾ ਹਵਾਲਾ ਦੇਂਦਾ ਹੈ :

ਭਗਤ ਸਿੰਘ : ਮੈਂ ਵੇਖੀਆਂ ਹਨ, ਅਸ਼ੋਕ ਬਾਬੂ: ਬਹੁਤ ਪੁਰਾਣੀ ਗੱਲ ਹੈ, ਸ਼ੈਦ 1927 ਦੀ ਮੈਂ ਬਨਾਰਸ ਵਿਚ ਆਪਣੇ ਬੰਗਾਲੀ ਇਨਕਲਾਬੀ ਸਾਥੀਆਂ ਦੇ ਖ਼ੁਫੀਆ ਅੱਡੇ ਤੇ ਠਹਿਰਿਆ ਹੋਇਆ ਸਾਂ। ਉਥੇ ਸਬੱਬ ਨਾਲ ਮੈਨੂੰ ਉਨ੍ਹਾਂ ਦੀ ਸਭ ਤੋਂ ਵੱਡੀ ਤਨਜ਼ੀਮ ਅਨਸ਼ੀਲਨ ਸਮਿਤੀ ਦਾ ਇਕ ਹਿਦਾਇਤਨਾਮਾ ਪੜ੍ਹਨ ਨੂੰ ਮਿਲਿਆ। ਉਸ ਵਿਚ ਸਾਫ਼ ਲਿਖਿਆ ਹੋਇਆ ਸੀ। "ਸਾਡਾ ਆਦਰਸ਼ ਭਾਰਤ ਨੂੰ ਆਜ਼ਾਦ ਕਰਾਣਾ ਅਤੇ ਉਸ ਵਿਚ ਹਿੰਦੂ ਰਾਜ ਸਥਾਪਤ ਕਰਨਾ ਹੈ। ਮੈਂਬਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮੁਸਲਮਾਨਾਂ ਤੋਂ ਹਮੇਸ਼ਾਂ ਦੂਰ-ਦੂਰ ਰਿਹਾ ਕਰਨ। ਉਨ੍ਹਾਂ ਨਾਲ ਮਾੜਾ ਸਲੂਕ ਵੀ ਨਾ ਕਰਨ, ਪਰ ਉਨ੍ਹਾਂ ਤੋਂ ਦੂਰ-ਦੂਰ ਰਹਿਣ।"[3]

ਸ਼ਾਇਦ ਹਿੰਦੂਆਂ ਦੀ ਅਜਿਹੀ ਸੋਚ ਨੇ ਮੁਸਲਮਾਨਾਂ ਨੂੰ ਉਨ੍ਹਾਂ ਤੋਂ ਦੂਰੇਡਾ ਕਰ ਦਿੱਤਾ. ਅੰਗ੍ਰੇਜ਼ਾਂ ਨੇ ਹਿੰਦੂਆਂ, ਮੁਸਲਮਾਨਾਂ ਵਿਚ ਪਾੜਾ ਵਧਾਉਣ ਲਈ ਮੁਸਲਮਾਨਾਂ ਨੂੰ ਵੀ ਭੜਕਾਇਆ, ਸੁਭਾਸ਼ ਚੰਦਰ ਬੋਸ ਨੇ ਅਜਿਹਾ ਹਵਾਲਾ ਵੀ ਦਿੱਤਾ ਹੈ :

ਸੁਭਾਸ਼ : ਜਦੋਂ ਪੜ੍ਹੇ ਲਿਖੇ ਹਿੰਦੂਆਂ ਅਗੇ ਬ੍ਰਿਟਿਸ਼ ਰਾਜ ਦੀ ਅਸਲੀਅਤ ਦਾ ਪੜਦਾ ਫ਼ਾਸ ਹੋਣ ਲੱਗਾ ਤੇ ਅੰਗ੍ਰੇਜ਼ਾਂ ਨੇ ਹਿੰਦੂਆਂ ਨੂੰ ਦਬਾਉਣਾ ਅਤੇ ਮੁਸਲਮਾਨਾਂ ਨੂੰ ਚੁਕਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਕਿਹਾ:

"ਮੁਸਲਮਾਨੋਂ, ਅਸੀਂ ਤੁਹਾਨੂੰ ਗੁਲਾਮ ਬਨਾਣ ਲਈ ਨਹੀਂ, ਇਨ੍ਹਾਂ ਹਿੰਦੂ ਕਾਫ਼ਰਾਂ ਦੀ ਅਕਸਰੀਅਤ ਤੋਂ ਤੁਹਾਡੀ ਹਿਫ਼ਾਜ਼ਤ ਕਰਨ ਲਈ ਏਥੇ ਬੈਠੇ ਹੋਏ ਹਾਂ। ਅਸੀਂ ਕਲ ਉਠ ਕੇ ਤੁਰ ਜਾਣ ਲਈ ਤਿਆਰ ਹਾਂ। ਪਰ ਹੋਵੇਗਾ ਕਿ ਇਹ ਕਾਫ਼ਰ ਬਘਿਆੜ ਤੁਹਾਨੂੰ ਨਿਗਲ ਜਾਣਗੇ। ਕੀ ਤੁਸੀਂ ਉਨ੍ਹਾਂ ਦੇ ਗੁਲਾਮ ਬਣ ਕੇ ਰਹਿ ਸਕੋਗੇ? ਉਹ ਜਿਨ੍ਹਾਂ ਉਪਰ ਤੁਸਾਂ ਹਜ਼ਾਰ ਵਰ੍ਹੇ ਰਾਜ ਕੀਤਾ ਹੈ ?"

ਕਾਫ਼ਰਾਂ ਦੇ ਧੋਖੇ ਵਿਚ ਨਾ ਆਓ: ਇਹ ਭਾਰਤ ਹਿੰਦੂਆਂ ਦੀ ਮਾਤਾ ਪਈ ਹੋਵੇ, ਤੁਹਾਡੀ ਕੋਈ ਮਾਤਾ ਵਾਤਾ ਨਹੀਂ। ਇਹ ਤਾਂ ਤੁਹਾਡੀ ਮਲਕੀਅਤ ਹੈ ਮੌਰੂਸੀ ਜਾਇਦਾਦ ਹੈ, ਜਿਸ ਨੂੰ ਤੁਹਾਡੇ ਪੁਰਖਿਆਂ ਨੇ ਤਲਵਾਰ ਦੇ ਜ਼ੋਰ ਨਾਲ ਫ਼ਤਹਿ ਕੀਤਾ ਸੀ। ਏਸ ਵਿਚੋਂ ਡੱਟ ਕੇ ਆਪਣਾ ਹਿੱਸਾ ਮੰਗੋ। ਆਪਣਾ ਵੱਖਰਾ ਮੁਲਕ ਪਾਕਿਸਤਾਨ ਬਣਾਓ, ਜਿਥੇ ਤੁਹਾਡੀ ਇਸਲਾਮੀ ਤਹਿਜੀਬੋ ਤਮੱਦੁਨ ਪ੍ਰਫੁਲਤ ਹੋ ਸਕੇ ।[4]

ਬਲਰਾਜ ਸਾਹਨੀ ਦੇ ਨਾਟਕ ਵਿਚੋਂ ਇਹ ਤੱਥ ਸਪਸ਼ਟ ਹੁੰਦਾ ਹੈ ਕਿ ਮਹਾਤਮਾ ਗਾਂਧੀ ਦੇ ਜੀਵਨ ਕਾਲ ਦੌਰਾਨ ਹੀ ਹਿੰਦੂਆਂ ਨੇ ਅੰਗ੍ਰੇਜ਼ਾਂ ਦੀ ਸ਼ੈਹ ਤੇ ਹਿੰਦੂ ਰਾਸ਼ਟਰ ਬਨਾਉਣ ਦੀਆਂ ਗੁੱਝੀਆਂ ਚਾਲਾਂ ਚਲੀਆਂ ਅਤੇ ਮੁਸਲਮਾਨਾਂ ਨੇ ਆਪਣੇ ਨੇਤਾ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਹੇਠ ਪਾਕਿਸਤਾਨ ਦੀ ਮੰਗ ਕੀਤੀ। ਮਹਾਤਮਾ ਗਾਂਧੀ ਨੂੰ ਉਨ੍ਹਾਂ ਨਾਲ ਰਜਾਮੰਦੀ ਪ੍ਰਗਟਾਉਣੀ ਪਈ। ਹਿੰਦੂਆਂ ਅਤੇ ਮੁਸਲਮਾਨਾਂ ਵਿਚ ਸੁਤੰਤਰਤਾ ਉਪਰੰਤ ਵੀ ਉਪਦਰ ਹੁੰਦੇ ਆ ਰਹੇ ਹਨ। ਇਸ ਨਾਟਕ ਵਿਚੋਂ ਦੂਸਰਾ ਤੱਥ ਇਹ ਉਘੜਦਾ ਹੈ ਕਿ ਪੰਡਤ ਜਵਾਹਰ ਲਾਲ ਨਹਿਰੂ ਮਹਾਤਮਾ ਗਾਂਧੀ ਦੇ ਅੰਧ ਵਿਸ਼ਵਾਸੀ

ਅਨੁਯਾਈ ਰਹੇ ਪਰ ਉਨਾਂ ਨੇ ਅੰਗ੍ਰੇਜ਼ ਦੀਆਂ ਨੀਤੀਆਂ ਦਾ ਵਿਰੋਧ ਕੀਤਾ। ਅੰਗ੍ਰੇਜ਼ ਭਾਰਤ ਵਿਚ ਸਨਅਤੀ ਵਿਕਾਸ ਨਹੀਂ ਸਨ ਹੋਣ ਦੇਣਾ ਚਾਹੁੰਦੇ ਉਹ ਭਾਰਤ ਵਿਚ ਧਰਮ ਤੇ ਮਜ਼ਹਬ ਨੂੰ ਸਮਾਜਕ ਅਤੇ ਰਾਜਨੀਤਕ ਖੇਤਰ ਵਿਚ ਅੱਗੇ ਰੱਖਣਾ ਚਾਹੁੰਦੇ ਸਨ। ਪੰਡਤ ਜਵਾਹਰ ਲਾਲ ਨਹਿਰੂ ਨੇ ਭਾਰਤ ਵਿਚ ਸਨਅਤੀ ਵਿਕਾਸ ਵਾਸਤੇ ਬਹੁਤ ਉਪਰਾਲੇ ਕੀਤੇ, ਉਨ੍ਹਾਂ ਨੇ ਧਰਮ ਨੂੰ ਸਿਆਸਤ ਨਾਲੋਂ ਅਲੱਗ ਰਹਿਣ ਤੇ ਵੀ ਬਲ ਦਿਤਾ। ਉਨ੍ਹਾਂ ਨੇ ਸਮਾਜਵਾਦ ਦੇ ਫੈਲਾਉ ਦਾ ਨਾਹਰਾ ਲਾਇਆ ਉਨ੍ਹਾਂ ਦਾ ਸੁਪਨਾ ਸੀ ਕਿ ਆਜ਼ਾਦ ਭਾਰਤ ਵਿਚ ਮਜ਼ਦੂਰ ਮਸ਼ੀਨ ਦਾ ਮਾਲਕ ਬਣੇ।

ਜਦ ਨਿਰਸੁਆਰਥੀ ਗਾਂਧੀਵਾਦੀ ਕਾਂਗਰਸ ਵਰਕਰ ਅਸ਼ੋਕ ਕੁਮਾਰ ਆਜ਼ਾਦ ਦਾ ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਅਤੇ ਭਗਤ ਸਿੰਘ ਨਾਲ ਸਿੱਧਾ ਸੰਵਾਦ ਹੋ ਜਾਂਦਾ ਹੈ ਤਾਂ ਉਸ ਨੂੰ ਤਸੱਲੀ ਹੋ ਜਾਂਦੀ ਹੈ ਕਿ ਮਹਾਤਮਾ ਗਾਂਧੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਭਾਰਤੀਆਂ ਨਾਲ ਕਦੇ ਗੱਦਾਰੀ ਨਹੀਂ ਸੀ ਕੀਤੀ। ਉਨ੍ਹਾਂ ਨੇ ਆਪਣੇ ਆਪ ਨੂੰ ਤਾਂ ਮੁਸ਼ਕਲ ਵਿਚ ਪਾਇਆ ਪਰ ਭਾਰਤੀਆਂ ਦੇ ਹਿੱਤਾਂ ਦੇ ਪਹਿਰਾ ਦਿੱਤਾ।

ਬਲਰਾਜ ਸਾਹਨੀ ਨੇ ਇਸ ਨਾਟਕ ਦੇ ਪਾਤਰ ਸਬੰਧਤ ਵਰਗ ਦੀ ਪ੍ਰਤੀਨਿਧਤਾ ਕਰਨ ਵਾਲੇ ਚੁਣੇ ਹਨ। ਅਸ਼ੋਕ ਕੁਮਾਰ ਆਜ਼ਾਦ ਉਨ੍ਹਾਂ ਗਾਂਧੀਵਾਦੀ ਕਾਰਕੁਨਾਂ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਗਾਂਧੀ ਦੇ ਅਸੂਲਾਂ ਤੇ ਚਲ ਕੇ ਆਪਣੀ ਪਤਨੀ ਅਤੇ ਬੱਚਿਆਂ ਕੋਲੋਂ ਬੁਰਾ ਬਣਦੇ ਹਨ। ਨਿਰੰਜਨ ਅਤੇ ਦੇਵਾ ਸੇਵਾਸ਼ਰਮ ਦੇ ਵਰਕਰ ਹਨ ਜੋ ਅਸ਼ੋਕ ਕੁਮਾਰ ਆਜ਼ਾਦ ਦੇ ਦੁੱਖ ਵਿਚ ਮਦਦਗਾਰ ਹੋਣ ਲਈ ਡਾਕਟਰ ਪਾਰਿਖ ਦੇ ਹਸਪਤਾਲ ਪਹੁੰਚਦੇ ਹਨ। ਸ਼ਰਮਾ ਵਕੀਲ ਹੈ ਪਰ ਉਨ੍ਹਾਂ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਸਮਾਜ ਸੇਵਕ ਕਹਾਉਂਦੇ ਹਨ ਪਰ ਸਿਆਸੀ ਆਗੂਆਂ ਅਤੇ ਅਧਿਕਾਰੀਆਂ ਨਾਲ ਕਦੇ ਵਿਗਾੜਦੇ ਨਹੀਂ। ਡਾਕਟਰ ਪਾਰਿਥ, ਡਾਕਟਰ ਰਾਏ ਅਤੇ ਨਰਸਾਂ ਦੁੱਖੀ ਅਤੇ ਪੀੜਤ ਲੋਕਾਂ ਦਾ ਇਲਾਜ ਕਰਨ ਵਾਲੇ ਪਾਤਰ ਹਨ। ਉਹ ਅਸ਼ੋਕ ਕੁਮਾਰ ਆਜ਼ਾਦ ਨੂੰ ਉਸ ਤੇ ਹੋਏ ਜਾਨਲੇਵਾ ਹਮਲੇ ਸਮੇਂ ਹਰ ਤਰ੍ਹਾਂ ਦੀ ਡਾਕਟਰੀ ਸਹਾਇਤਾ ਦੇਂਦੇ ਹਨ।

ਭਾਗ ਸਿੰਘ, ਧਰਮਰਾਜ ਕੋਲੋਂ ਵਾਪਸ ਆ ਕੇ ਅਸ਼ੋਕ ਕੁਮਾਰ ਆਜ਼ਾਦ ਨਾਲ ਆਪਣੀ ਨੌਕਰੀ ਸਮੇਂ ਦੀਆਂ ਯਾਦਾਂ ਤਾਜ਼ੀਆਂ ਕਰਦਾ ਹੈ ਅਤੇ ਮਲਿਕ ਜਾਨ, ਲੈਫਟੀਨੈਂਟ ਇਮਤਿਆਜ਼ ਖਾਨ, ਕੈਪਟਨ ਰੰਗਾ ਸਾਗੀ ਨੂੰ ਬਾਪੂ, ਸੁਭਾਸ਼ ਅਤੇ ਨਹਿਰੂ ਦੇ ਰੂਪ ਵਿਚ ਕ੍ਰਮਵਾਰ ਅਸ਼ੋਕ ਦੀ ਇਨ੍ਹਾਂ ਨਾਲ ਮੁਲਾਕਾਤ ਦਾ ਪ੍ਰਬੰਧ ਕਰਦਾ ਹੈ। ਬਲਰਾਜ ਸਾਹਨੀ ਦੇ ਇਸ ਨਾਟਕ ਦੇ ਪਾਤਰ ਆਪਣੀ ਹੈਸੀਅਤ ਮੁਤਾਬਕ ਦਾਰਸ਼ਨਿਕ ਗੱਲਾਂ ਵੀ ਕਰਦੇ ਹਨ ਅਤੇ ਭਾਰਤ ਦੇ ਇਤਿਹਾਸਕ ਪਿਛੋਕੜ ਨੂੰ ਵੀ ਫਰੋਲਦੇ ਹਨ।

ਬਲਰਾਜ ਸਾਹਨੀ ਦੇ ਨਾਟਕ ਦੇ ਪਾਤਰਾਂ ਦੀ ਬੋਲੀ ਸਮੇਂ ਅਤੇ ਸਥਿਤੀ ਅਨੁਸਾਰ ਹੈ। ਅਰਬੀ ਫ਼ਾਰਸੀ ਦੇ ਸ਼ਬਦ ਤਾਂ ਆਮ ਵਰਤੇ ਗਏ ਹਨ। ਕਈ ਸ਼ਬਦ ਤਾਂ ਪਾਠਕਾਂ/ਦਰਸ਼ਕਾਂ ਵਾਸਤੇ ਸਮਝਣੇ ਵੀ ਮੁਸ਼ਕਲ ਹਨ ਜਿਵੇਂ ਅਦਾਵਤ, ਤਸਸੱਦੁਨ, ਨਸਬੁਲ, ਇਖ਼ਤਲਾਫ਼ਾਤ, ਖਿੱਟੀ, ਉਜ਼ਵੇ ਆਦਿ। ਮਹਾਤਮਾ ਗਾਂਧੀ ਦੇ ਵਿਚਾਰ ਹਿੰਦੁਸਤਾਨੀ ਵਿਚ ਪੇਸ਼ ਕੀਤੇ ਗਏ ਹਨ। ਡਾਕਟਰ ਪਾਰਿਖ਼, ਡਾਕਟਰ ਰਾਏ ਅਤੇ ਨਰਸਾਂ ਦਾ ਵੀ ਵਾਰਤਾਲਾਪ ਅੰਗ੍ਰੇਜ਼ੀ ਵਿਚ ਹੈ :

ਰਾਏ : ਓ ਕੈਟਸ ਵੈਰੀ ਨਾਈਸ। ਆਈ ਡੂ ਨੀਡ ਏ ਡ੍ਰਾਪ ਆਫ ਸਮਥਿੰਗ।

ਪਾਰਿਖ : ਆਈ ਫੀਲ ਸੋ ਟੂ।

ਇਸ ਨਾਟਕ ਵਿਚ ਕਾਰਜ ਦੀ ਏਕਤਾ ਦੀ ਅਣਹੋਂਦ ਹੈ। ਪਾਤਰਾਂ ਦਾ ਸੰਵਾਦ ਮਹਿਜ਼ ਸਾਧਾਰਣ ਗੱਲਬਾਤ ਤੱਕ ਹੀ ਸੀਮਤ ਰਹਿ ਜਾਂਦਾ ਹੈ। ਉਹ ਸਾਧਾਰਣ ਗੱਲਬਾਤ ਹੰਢੇ ਹੋਏ ਪਾਤਰ ਦਰਸ਼ਕਾਂ ਸਾਹਮਣੇ ਪ੍ਰਭਾਵਮਈ ਢੰਗ ਨਾਲ ਪੇਸ਼ ਕਰ ਸਕਦੇ ਹਨ। ਅਨਾੜੀ ਪਾਤਰਾਂ ਲਈ ਇਸ ਨਾਟਕ ਵਿਚ ਅਭਿਨੈ ਕਰਨਾ ਸਹਿਲ ਕਾਰਜ ਨਹੀਂ। ਰੰਗਮੰਚ ਤੇ ਇਸ ਦੀ ਸਫ਼ਲ ਪੇਸ਼ਕਾਰੀ ਇਕ ਸੁਘੜ ਨਿਰਦੇਸ਼ਕ ਗੰਭੀਰ ਪਾਤਰਾਂ ਦੇ ਸਹਿਯੋਗ ਨਾਲ ਕਰ ਸਕਦਾ ਹੈ। ਬਲਰਾਜ ਸਾਹਨੀ ਨੇ ਆਪਣੇ ਇਕੋ-ਇਕ ਪ੍ਰਕਾਸ਼ਿਤ ਨਾਟਕ 'ਕੀ ਇਹ ਸੱਚ ਹੈ ਬਾਪੂ?' ਨਾਲ ਪੰਜਾਬੀ ਨਾਟਕ ਸਾਹਿਤ ਵਿਚ ਮਹੱਤਵਪੂਰਨ ਸਥਾਨ ਬਣਾਇਆ।

ਹਵਾਲੇ

1. ਬਲਰਾਜ ਸਾਹਨੀ, ਕੀ ਇਹ ਸੱਚ ਹੈ ਬਾਪੂ?" ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, ਪਹਿਲੀ ਵਾਰ, ਮਾਰਚ, 1974, ਪੰਨਾ 67, 68

2. ਉਹੀ	ਉਹੀ	ਉਹੀ	ਪੰਨਾ, 79, 80
3.ਉਹੀ	ਉਹੀ	ਉਹੀ	ਪੰਨਾ, 80
4.ਉਹੀ	ਉਹੀ	ਉਹੀ	ਪੰਨਾ, 82
5.ਉਹੀ	ਉਹੀ	ਉਹੀ	ਪੰਨਾ, 35

ਬਲਰਾਜ ਸਾਹਨੀ ਵਲੋਂ ਲਿਖੀਆਂ ਕੁਝ ਚਿੱਠੀਆਂ

ਬਲਰਾਜ ਸਾਹਨੀ ਆਪਣੇ ਨਿਤਾਪ੍ਰਤੀ ਦੇ ਜੀਵਨ ਵਿਚ ਬਹੁਤ ਵਿਅਸਤ ਰਹਿੰਦੇ ਸਨ। ਉਹ ਕਦੇ ਫਿਲਮ ਦੀ ਸ਼ੂਟਿੰਗ ਵਿਚ ਰੁਝ ਜਾਂਦੇ, ਕਦੇ ਰੰਗਮੰਚੀ ਗਤੀਵਿਧੀਆਂ ਵਿਚ ਲਗ ਜਾਂਦੇ, ਕਦੇ ਲਿਖਣ-ਕਾਰਜ ਵਿਚ ਲੀਨ ਹੋ ਜਾਂਦੇ ਅਤੇ ਕਦੇ ਸਮਾਜ-ਸੇਵਕ ਬਣ ਦਰਦਮੰਦਾਂ ਕੋਲ ਪਹੁੰਚ ਜਾਂਦੇ। ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਖੁਸ਼ ਰੱਖਣ ਵਾਸਤੇ ਹਰ ਪ੍ਰਯਤਨ ਕੀਤਾ ਅਤੇ ਆਪਣੇ ਪਰਿਵਾਰ ਦੇ ਜੀਆਂ ਵਿਚ ਹਮੇਸ਼ਾਂ ਪਿਆਰ ਅਤੇ ਸਤਿਕਾਰ ਦੇ ਪਾਤਰ ਰਹੇ। ਬਲਰਾਜ ਨੇ ਚਿੱਠੀਆਂ ਦੇ ਜ਼ਰੀਏ ਆਪਣੇ ਨੇੜਲਾ ਸੰਪਰਕ ਆਪਣੇ ਸੱਕਿਆਂ, ਸਨੇਹੀਆਂ ਨਾਲ ਹਮੇਸ਼ਾਂ ਕਾਇਮ ਰੱਖਿਆ। ਬਲਰਾਜ ਸਾਹਨੀ ਨੇ ਆਪਣੇ ਕੋਲ ਦੋ ਟਾਈਪਰਾਈਟਰ ਰੱਖੇ ਹੋਏ ਸਨ Remington (Standard Size) ਅਤੇ Tippa (Portable Size), Tippa ਤਾਂ ਉਹ ਆਪਣੇ ਕੋਲ ਹੀ ਰਖਦੇ ਸਨ ਕਿਉਂਕਿ ਉਠਾਉਣਾ ਆਸਾਨ ਹੁੰਦਾ ਹੈ। ਉਹ ਚਿੱਠੀਆਂ ਅਕਸਰ ਟਾਈਪ ਕਰਕੇ ਭੇਜਦੇ ਸਨ । ਏਥੇ ਅਸੀਂ ਉਨ੍ਹਾਂ ਵਲੋਂ ਲਿਖੀਆਂ ਚਿੱਠੀਆਂ ਦੇ ਕੁਝ ਨਮੂਨੇ ਦੇ ਰਹੇ ਹਾਂ।

ਬਲਰਾਜ ਸਾਹਨੀ ਨੇ ਇਹ ਚਿੱਠੀ 22.5.53 ਨੂੰ ਬੰਬਈ ਤੋਂ ਆਪਣੇ ਪਿਤਾ ਜੀ ਨੂੰ ਦੇਵਨਾਗਰੀ ਲਿਪੀ ਵਿਚ ਲਿਖੀ।

ਪਿਆਰੇ ਪਿਤਾ ਜੀ,

ਤੁਹਾਡਾ ਬਹੁਤ ਹੀ ਪਿਆਰਾ ਖ਼ਤ ਮਿਲ ਗਿਆ। ਮੈਂ ਹਿੰਦੀ ਵਿਚ ਤੇ ਉਰਦੂ ਵਿਚ ਵੀ ਬਕਾਇਦਾ ਲਿਖਦਾ ਹਾਂ। ਮੈਂ ਤੁਹਾਡੀਆਂ ਸਾਰੀਆਂ ਨਸੀਹਤਾਂ ਤੇ ਅਮਲ ਕਰਾਂਗਾ। ਪਰ ਇਕ ਸ਼ਰਤ ਤੇ, ਬਾਰਸਾਂ ਖ਼ਤਮ ਹੋਣ ਤੋਂ ਬਾਅਦ, ਅਕਤੂਬਰ ਜਾਂ ਨਵੰਬਰ ਵਿਚ, ਜਦੋਂ ਕਿ ਜ਼ਰਾ ਠੰਢ ਹੋ ਜਾਵੇ, ਤੁਸੀਂ ਦੋਵੇਂ ਸਾਡੇ ਕੋਲ ਆ ਕੇ ਕਮ ਸੇ ਕਮ ਛੇ

ਮਹੀਨੇ ਰਹੋਗੇ। ਦਸੰਬਰ ਵਿਚ ਬੱਚੇ ਵੀ ਆ ਜਾਣਗੇ। ਬੜਾ ਸਵਾਦ ਆਵੇਗਾ। ਤਦ ਤੀਕ ਜੇ ਮੇਰੇ ਕੋਲ ਮੋਟਰ ਆ ਗਈ ਤਾਂ ਦਿੱਲੀ ਆ ਕੇ ਤੁਹਾਨੂੰ ਆਪ ਲੈ ਜਾਵਾਂਗਾ।

ਬਲਰਾਜ ਸਾਹਨੀ ਫਿਲਮਾਂ ਵਿਚ ਕੰਮ ਕਰਕੇ ਖੁਸ਼ ਨਹੀਂ ਸਨ। ਇਸ ਮੱਤ ਦਾ ਪ੍ਰਮਾਣ ਉਨਾਂ ਦੀ 14 ਨਵੰਬਰ,1954 ਈ. ਨੂੰ ਆਪਣੇ ਭਰਾ ਭੀਸ਼ਮ ਸਾਹਨੀ ਨੂੰ ਉਰਦੂ ਵਿਚ ਲਿਖੀ ਚਿੱਠੀ ਹੈ," ਕਮਰੇ ਬਨ ਜਾਨੇ ਕਾ ਸੁਨ ਕਰ ਤਬੀਅਤ ਬਹੁਤ ਹੀ ਖੁਸ਼ ਹੂਈ। ਬਤਾ ਨਹੀਂ ਸਕਤਾ। ਮੇਰਾ ਅਕਸਰ ਯਹੀ ਜੀ ਚਾਹਤਾ ਰਹਿਤਾ ਹੈ ਕਿ ਇਸ ਫਿਲਮੀ ਬਕ ਬਕ ਸੇ ਆਜ਼ਾਦ ਹੋ ਕਰ ਕਹੀ ਕਸ਼ਮੀਰ ਮੇਂ ਯਾ ਦਿੱਲੀ ਮੇਂ ਜਾ ਬਸੂੰ। ਲਿਖੂੰ। ਆਪਣੀ ਮਰਜ਼ੀ ਕੇ ਮੁਤਾਬਿਕ ਜ਼ਿੰਦਗੀ ਜੀਊ ਔਰ ਕਲਮਬੰਦ ਕਰੂੰ, ਇਸ ਫਿਲਮ ਲਾਈਨ ਮੇਂ ਤੋ ਇਨਸਾਨ ਆਹਿਸਤਾ ਆਹਿਸਤਾ ਗਧਾ ਬਨ ਜਾਤਾ ਹੈ। ਔਰ ਫਿਰ ਲਿਟਰੇਚਰ ਕਾ ਕਾਮ ਤੋਂ ਐਸਾ ਹੈ ਕਿ ਤੋਬਾ, ਮੈਂ ਔਰ ਤੁਮ ਤੀਨੋਂ ਇਸ ਕੇ ਰਾਸਤੇ ਇਕ ਦੂਸਰੇ ਕੇ ਬਹੁਤ ਕਰੀਬ ਆ ਸਕਤੇ ਹੈ। ਯਹਾਂ ਯੇਹ ਹਾਲ ਹੈ ਕਿ ਪੈਸਾ ਆਤਾ ਹੈ ਚਲਾ ਜਾਤਾ ਹੈ। ਬੱਚਤ ਕਾ ਮੂੰਹ ਦੇਖਨਾ ਨਸੀਬ ਨਹੀਂ ਹੋਤਾ। ਅਜੀਬ- ਓ-ਗਰੀਬ ਪਿਕਚਰੋਂ ਮੇਂ ਕਾਮ ਕਰਨਾ ਪੜਤਾ ਹੈ। ਚਾਰ ਮੈਂ ਕਾਮ ਕਰੋ, ਦੋ ਕੇ ਪੈਸੇ ਮਿਲਤੇ ਹੈ। ਬੜੀ ਫਜ਼ੂਲੀਅਤ ਹੈ। ਖੈਰ...... ।' ਬਲਰਾਜ ਸਾਹਨੀ ਦੇ ਛੋਟੇ ਭਰਾ ਭੀਸ਼ਮ ਸਾਹਨੀ ਨੇ ਇਕ ਵਾਰ ਉਨ੍ਹਾਂ ਨੂੰ ਕਿਸ ਕੰਮ ਵਾਸਤੇ ਸਿਫ਼ਾਰਸ਼ ਕਰਨ ਲਈ ਲਿਖਿਆ ਤਾਂ ਉਨ੍ਹਾਂ 11 ਜੁਲਾਈ, 1956 ਨੂੰ ਜਵਾਬ ਵਿਚ ਲਿਖਿਆ।

"I have never approached any one on my own behalf and now I feel I shall be doing you injustice if I did so on yours. you belong to my kind. And the smaller people must known the artist' pride. Please don't misunderstand me. There is a joy of plucking the fruit straight from the tree. I would not like you to be deprived of total satisfaction! It will come, You have earned every bit of it."

ਪ੍ਰੀਤਲੜੀ ਦੇ ਇਕ ਪਾਠਕ ਸ੍ਰੀ ਕਰਮ ਚੰਦ ਸਭਰਵਾਲ ਜੀ ਨੇ ਇਕ ਵਾਰ ਬਲਰਾਜ ਸਾਹਨੀ ਜੀ ਨੂੰ ਪੁੱਛਿਆ ਸੀ, ਤੁਸੀ ਰੱਬ ਵਿਚ ਵਿਸ਼ਵਾਸ ਨਹੀਂ ਰਖਦੇ, ਫੇਰ ਗੁਰੂ ਨਾਨਕ

ਦੇਵ ਜੀ ਦੇ ਪ੍ਰੇਮੀ ਕਿਸ ਤਰ੍ਹਾਂ ਹੋ ? ਬਲਰਾਜ ਸਾਹਨੀ ਨੇ ਉਨ੍ਹਾਂ ਨੂੰ 22.7.71 ਨੂੰ ਲਿਖੀ ਚਿੱਠੀ ਰਾਹੀਂ ਜਵਾਬ ਦਿੱਤਾ ਸੀ :

ਮੈਂ ਗੁਰੂ ਨਾਨਕ ਦਾ ਆਸ਼ਕ ਕਿਵੇਂ ਨਾ ਹੋਵਾਂ?

ਪਿਆਰੇ ਸਭਰਵਾਲ ਜੀ,

ਨਿੱਘੀ ਯਾਦ। ਸਮੇਂ ਦੀ ਥੁੜ ਕਾਰਨ ਆਪ ਦੇ ਖ਼ਤ ਦਾ ਜੁਆਬ ਸੰਖੇਪ ਵਿਚ ਦੇ ਰਿਹਾ ਹਾਂ।

ਰਾਬਿੰਦਰ ਨਾਥ ਟੈਗੋਰ ਇਕ ਮਹਾਨ ਕਵੀ ਹੋਏ ਹਨ। ਉਹ ਪਰਮੇਸ਼ਵਰ ਨੂੰ ਇਕ ਅਧਿਆਤਮਕ ਸ਼ਕਤੀ ਦਾ ਰੂਪ ਮੰਨਦੇ ਸਨ। ਮੈਂ ਨਹੀਂ ਮੰਨਦਾ। ਪਰ ਫੇਰ ਵੀ ਮੈਂ ਉਹਨਾਂ ਦੀ ਕਵਿਤਾ ਅਤੇ ਸ਼ਖ਼ਸੀਅਤ ਦਾ ਆਸ਼ਕ ਹਾਂ।

ਏਸੇ ਤਰ੍ਹਾਂ ਗਾਂਧੀ ਜੀ ਵੀ ਰੱਬ ਨੂੰ ਮੰਨਦੇ ਸਨ। ਮੈਂ ਨਹੀਂ ਮੰਨਦਾ। ਪਰ ਫੇਰ ਵੀ ਮੈਂ ਉਹਨਾਂ ਦੀ ਮਹਾਨ ਅਤੇ ਪਵਿੱਤਰ ਸ਼ਖਸ਼ੀਅਤ ਦਾ ਅਤੇ ਉਹਨਾਂ ਦੇ ਮਨੁੱਖੀ ਪਿਆਰ ਦਾ ਆਸ਼ਕ ਹੀ ਨਹੀਂ, ਪੁਜਾਰੀ ਵੀ ਹਾਂ।

ਗੁਰੂ ਨਾਨਕ ਅੰਦਰ ਟੈਗੋਰ ਅਤੇ ਗਾਂਧੀ ਦੋਵਾਂ ਦੇ ਗੁਣ ਮਹਾਂਸਾਗਰ ਵਾਂਗ ਠਾਠਾਂ ਮਾਰਦੇ ਹਨ। ਉਹਨਾਂ ਦੀ ਬਾਣੀ ਮਹਾਨ ਅਤੇ ਅਮਰ ਕਵਿਤਾ ਹੈ। ਉਸ ਤੋਂ ਇਲਾਵਾ ਉਹਨਾਂ ਦੀ ਸ਼ਿਖਸ਼ਾ ਮਨੁੱਖੀ ਕਲਿਆਣ ਅਤੇ ਪ੍ਰੇਮ ਦੀ ਭਾਵਨਾ ਨਾਲ ਓਤਪੋਤ ਹੈ। ਫੇਰ ਮੈਂ ਉਹਨਾਂ ਦਾ ਆਸ਼ਕ ਕਿਵੇਂ ਨਾ ਹੋਵਾਂ ?

ਮੇਰੇ ਪਰਮ ਪੂਜਨੀਵ ਪਿਤਾ, ਸਵਰਗਵਾਸੀ ਲਾਲਾ ਹਰਬੰਸ ਲਾਲ ਜੀ, ਦਿਨ ਵੇਲੇ ਸੰਖਿਆ ਕਰਦੇ ਸਨ। ਈਸ਼ਵਰ ਪ੍ਰਤੀ ਉਹਨਾਂ ਦੇ ਦਿਲ ਵਿਚ ਅਥਾਹ ਸ਼ਰਧਾ ਸੀ । ਜੇ ਮੈਂ ਈਸ਼ਵਰ ਨੂੰ ਨਹੀਂ ਮੰਨਦਾ ਤਾਂ ਇਸ ਦਾ ਇਹ ਮਤਲਬ ਤਾਂ ਨਹੀਂ ਕਿ ਮੈਂ ਉਹਨਾਂ ਨੂੰ ਆਪਣੇ ਹਿਰਦੇ ਦੇ ਸਿੰਘਾਸਨ ਉਤੇ ਨਾ ਬੈਠਾਵਾਂ, ਉਹਨਾਂ ਨੂੰ ਪਿਆਰ ਨਾ ਕਰਾਂ ?

ਆਸ ਹੈ ਹੁਣ ਤੁਹਾਨੂੰ ਆਪਣੇ ਸਵਾਲ ਦਾ ਜੁਆਬ ਮਿਲ ਗਿਆ ਹੋਵੇਗਾ।

ਸਨੇਰੀ-ਬਲਰਾਜ

ਬਲਰਾਜ ਸਾਹਨੀ ਨੇ ਪੰਜਾਬੀ ਦੇ ਹਾਸ-ਵਿਅੰਗ ਲੇਖਕ ਪਿਆਰਾ ਸਿੰਘ ਦਾਤਾ ਨੂੰ ਕਈ ਚਿੱਠੀਆਂ ਲਿਖੀਆਂ, ਉਨ੍ਹਾਂ 'ਚੋਂ ਕੁਝ ਚਿੱਠੀਆਂ ਦੇ ਨਮੂਨੇ ਪੇਸ਼ ਹਨ:

23 ਦਸੰਬਰ 1971

ਦਾਤਿਆ,

ਹੁਣ ਮੈਂਡੀ ਬਹੁੰ ਤਸੱਲੀ ਹੋ ਗਈ ਹੈ। ਤੈਡੇ ਪਿਆਰੇ ਖਤ ਦਾ ਸ਼ੁਕਰਗੁਜ਼ਾਰ ਹਾਂ। ਮਿੰਗੀ ਤਾਂ ਇੰਜ ਪਿਆ ਲਗਣ ਕਿ ਸਾਡੇ ਆਸਤੇ ਵੀ ਪਿੰਡੀ ਨੇ ਰਾਹ ਹੁਣ ਜਲਦੀ ਖੁਲ੍ਹ ਜਾਸਣ। ਅੱਜ ਤੋੜੀ ਜੇ ਕੁਝ ਬੰਗਾਲੀਆਂ ਕੀਤਾ ਹੈ। ਉਹੋ ਸਾ-- ਯਾ ਦੇ ਵਰ੍ਹਿਆਂ ਪਿੱਛੋਂ ਪੰਜਾਬੀਆਂ ਨੇ ਵੀ ਬਲਰਾਜ ਕਰਨੈਂ ਵਾਕੀ ਜਦੂੰ ਮਿਲਗਾਂ।

ਬਲਰਾਜ

ਬਲਰਾਜ ਸਾਹਨੀ ਨੇ ਪਿਆਰਾ ਸਿੰਘ ਦਾਤਾ ਨੂੰ ਲਿਖੀ ਆਪਣੀ ਇਕ ਚਿੱਠੀ ਵਿਚ ਪੰਜਾਬੀ ਦੇ ਕਵੀ ਬਾਵਾ ਬਲਵੰਤ ਲਈ ਮਾਲੀ ਸਹਾਇਤਾ ਦੇਣ ਦਾ ਵਾਇਦਾ ਕੀਤਾ:

ਇਕਰਾਮ-ਜੁਹੂ ਬੰਬਈ

3 ਮਾਰਚ 1972

ਪਿਆਰੇ ਦਾਤਾ,

ਮੈਂ ਹਰ ਮਹੀਨੇ ਬਾਵਾ ਬਲਵੰਤ ਹੋਰਾਂ ਲਈ ਤੁਹਾਡੇ ਪਤੇ ਤੇ ਪੰਜਾਹ ਰੁਪਏ ਦਾ ਮਨੀਆਰਡਰ ਭੇਜਿਆ ਕਰਾਂਗਾ। ਜੇ ਇਹ ਕਾਫ਼ੀ ਨਾ ਹੋਣ ਤਾਂ ਤੁਸੀਂ ਪ੍ਰੀਤਮ ਸਿੰਘ ਹੁਰਾਂ ਨਾਲ ਸਲਾਹ ਕਰਕੇ ਦਿੱਲੀ ਵਿਚ ਇਕ ਦੋ ਬੰਦੇ ਹੋਰ ਤਲਾਸ਼ ਕਰ ਸਕਦੇ ਹੋ, ਜਿਹੜੇ ਇਤਨਾ ਕੁ ਹੀ ਹਰ ਮਹੀਨੇ ਤੁਹਾਨੂੰ ਹੋਰ ਪੁਚਾ ਦਿਆ ਕਰਨ। ਇਹ ਬਹੁਤ ਜ਼ਰੂਰੀ ਹੈ।

ਮੈਂ ਕਈ ਪ੍ਰਕਾਰ ਦੀਆਂ ਭੀੜਾਂ ਵਿਚ ਫਸਿਆ ਰਹਿੰਦਾ ਹਾਂ। ਏਸ ਲਈ ਲਿਖਣ ਪੜ੍ਹਨ ਵਲ ਇਤਨਾ ਧਿਆਨ ਨਹੀਂ ਦੇ ਸਕਦਾ, ਜਿਹੜਾ ਦੇਣਾ ਚਾਹੁੰਦਾ ਹਾਂ । ਬੰਦੇ ਦੀ

ਕਿਸਮਤ ਉਸ ਦੇ ਆਪਣੇ ਵਸ ਨਹੀਂ ਹੁੰਦੀ। ਕੀ ਕਰੇ ਉਹ ? ਮੇਰੀਆਂ ਊਣਤਾਈਆਂ ਨੂੰ ਮਾਫ਼ ਕਰਦੇ ਰਹਿਣਾ।

ਬਹੁਤ ਪਿਆਰ, ਬਲਰਾਜ

ਬਲਰਾਜ ਸਾਹਨੀ ਦੀ ਪਿਆਰਾ ਸਿੰਘ ਦਾਤਾ ਵਲ ਅੰਤਲੀ ਚਿੱਠੀ ਦੇਖੋ:

ਇਕਰਾਮ-ਜੂਹੂ,

12 ਜਨਵਰੀ 1973

ਚਿੱਠੀ ਮਿਲੀ। ਮੋੜਦੀਆਂ ਦੁਆਵਾਂ, ਸ਼ੁਭ ਇਛਾਵਾਂ। ਫੋਟੋਆਂ ਲਈ ਧੰਨਵਾਦ 'ਗਰਮ ਹਵਾ' ਦੀ ਸ਼ੂਟਿੰਗ ਨੇ ਮੈਨੂੰ 2 ਜਨਵਰੀ ਤਕ ਆਗਰੇ ਕੈਦ ਰਖਿਆ। ਐਜੂਕੇਸ਼ਨ ਕਾਨਫਰੈਂਸ ਵਿਚ ਸ਼ਾਮਲ ਨਹੀਂ ਹੋ ਸਕਿਆ। ਸੁਣਿਐ ਕਾਮਯਾਬ ਰਹੀ।

ਲੇਖ ਅਜ ਪੋਸਟ ਕਰ ਦਿਤਾ ਹੈ, ਉਮੇਦ ਹੈ ਪਹਿਲੇ ਨਾਲੋਂ ਕੁਝ ਚੰਗੇਰਾ ਲਗੇ ਤੁਹਾਨੂੰ ।

ਬਹੁਤ ਪਿਆਰ, ਬਲਰਾਜ

ਬਲਰਾਜ ਸਾਹਨੀ ਦੀ ਚਿੱਠੀ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਨਵਤੇਜ ਸਿੰਘ ਦੇ ਨਾਂ ਤੇ ਆਈ

ਬੰਬਈ

14/2/93

ਪਿਆਰੇ ਨਵਤੇਜ,

ਮੈਂ ਆਪਣੀ ਥਾਂ ਹੈਰਾਨ ਸਾਂ ਕਿ ਤੁਸਾਂ ਮੇਰੇ ਖ਼ਤ ਦਾ ਜੁਆਬ ਕਿਉਂ ਨਾ ਦਿੱਤਾ। ਸ਼ੈਦ ਇਸ ਬਾਰੇ ਮੇਰਾ ਦੂਜਾ ਖ਼ਤ ਵੀ ਤੁਹਾਨੂੰ ਮਿਲਿਆ ਹੋਵੇ। ਖੌਰੇ ਉਹ ਤੁਹਾਡਾ ਜੁਆਬ ਮੈਨੂੰ ਕਿਉਂ ਨਾ ਮਿਲਿਆ। ਮੈਂ ਕਿਤੇ ਬਾਹਰ ਗਿਆ ਹੋਵਾਂਗਾ ਅਤੇ ਖ਼ਤ ਇਧਰ ਉਧਰ ਹੋ ਗਿਆ ਹੋਵੇਗਾ। ਜਾਂ ਡਾਕ ਖਾ ਗਈ ਹੋਵੇਗੀ। ਖੈਰ।

ਮੈਂ ਫਰਵਰੀ ਛੇਤੀ ਏਥੋਂ ਨਿਕਲਣਾ ਚਾਹੁੰਦਾ ਸਾਂ, ਪਰ ਦੰਦਾਂ ਦੇ ਡਾਕਟਰ ਨੇ ਬਹੁਤ ਸਾਰੀਆਂ ਖੋੜਾਂ ਕਢ ਵਿਖਾਈਆਂ ਜਿਹਨਾਂ ਨੂੰ ਭਰਵਾਣ ਦਾ ਕੰਮ ਕਲ ਸਮਾਪਤ ਹੋਵੇਗਾ। ਵੀਹ ਤਰੀਖ਼ ਤਕ, ਪ੍ਰੀਤ ਨਗਰ ਪਹੁੰਚਣ ਦੀ ਆਸ ਹੈ। ਉਹ ਵੀ ਮਸਾਂ ਅਠਾਂ ਦਸਾਂ

ਦਿਨਾਂ ਲਈ। ਗੁਰਸ਼ਰਨ ਹੁਰੀਂ ਏਥੇ ਇਕ ਡਰਾਮਾ ਉਤਸਵ ਦਾ ਉਸ਼ਟੰਡ ਖੜਾ ਕਰ ਗਏ ਹਨ। ਕਰੇ ਕੋਈ ਮਰੇ ਕੋਈ। ਮੈਨੂੰ ਰਿਹਸਲਾਂ ਦੀ ਹਾਜ਼ਰੀ ਨਿਭਾਣ ਲਈ ਦੋ ਮਾਰਚ ਤੀਕ ਬੰਬਈ ਵਾਪਸ ਪਹੁੰਚਣਾ ਪਏਗਾ। ਆਸ ਕਰਦਾ ਹਾਂ ਵੀਹ ਤੋਂ ਅਠਾਈ ਫਰਵਰੀ ਵਿਚਕਾਰ ਦੋ ਚਾਰ ਦਿਨ ਤੁਸੀਂ ਪ੍ਰੀਤ ਨਗਰ ਜ਼ਰੂਰ ਹੋਵੇਗੇ।

ਬਾਕੀ ਸਭ ਕੁਝ ਮਿਲਣ ਤੇ

ਦਸਤਖ਼ਤ

ਬਲਰਾਜ

ਬਲਰਾਜ ਸਾਹਨੀ ਦੀ ਨਵਤੇਜ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੇ ਜੀਅ ਲਈ ਇਹ ਅੰਤਲੀ ਚਿੱਠੀ ਸੀ : ਮੇਰੀ ਪਿਆਰੀ ਮਹਿੰਦਰ, ਰਿਤੂ, ਸ੍ਮੀ ਅਤੇ ਨਵਤੇਜ ਜੀਓ,

ਲਿਖਿਆ ਸੀ ਮੈਂ 20 ਤਰੀਖ ਤਕ ਆ ਮਿਲਾਂਗਾ। ਕਰਾਈ ਹੋਈ ਸੀਟ ਕੈਂਸਲ ਕਰਨੀ ਪਈ ਹੈ। ਸਨੋਬਰ ਨੂੰ ਗਲੇ ਦੀ ਤਕਲੀਫ਼ ਅਤੇ ਬੁਖਾਰ ਹੈ। ਤੋਸ਼ ਦੇ ਪੈਰ ਨੂੰ ਮੋਚ ਆਈ ਹੋਈ ਹੈ। ਹੁਣ ਜਾਣ ਤੇ ਆਣ ਦੀ ਕਰਨ ਦਾ ਕੋਈ ਲਾਭ ਨਹੀਂ। ਗੁਰਸ਼ਰਨ ਏਥੇ 29,30,31 ਮਾਰਚ ਦੇ ਨਾਟਕ-ਉਤਸਵ ਲਈ ਆਣਗੇ। ਬੰਬਈ ਕਿਆ ਨੇ 'ਕਣਕ ਦੀ ਬੱਲੀ' ਖੇਡਣ ਦਾ ਨਿਸ਼ਚਾ ਕੀਤਾ ਹੈ, ਜਿਸ ਵਿਚ ਮੈਂ ਮੱਘਰ ਤੇ ਤੋਸ਼ ਠਾਕਰੀ। ਮਾਰਚ ਦਾ ਮਹੀਨਾ ਰੀਹਰਸਲਾਂ ਵਿਚ ਗੁਜ਼ਰੇਗਾ। ਹੁਣ ਤਾਂ ਗੁਰਸ਼ਰਨ ਹੁਰਾਂ ਦੀ ਪਾਰਟੀ ਦੇ ਨਾਲ ਹੀ ਅੰਮ੍ਰਿਤਸਰ ਚਲੇ ਆਣਾ ਤਾਂ ਆਪਣਾ ਉਸ ਤੋਂ ਪਹਿਲਾਂ ਸੰਭਵ ਨਹੀਂ, ਇਕ ਪੱਖੋ ਫਾਇਦਾ ਵੀ ਹੈ। ਸਟੇਜ ਤੇ ਇਕ ਵਾਰੀ ਜਟਕੀ ਬੋਲ ਮੇਹਨਤ ਕਰਕੇ ਬੋਲ ਜਾਵਾਂ, ਫੇਰ ਰਾਹ ਖੁਲ੍ਹਣਗੇ।

ਰੁਪਏ ਮੈਂ ਤੁਹਾਨੂੰ ਦੋ ਚਾਰ ਦਿਨਾਂ ਤਕ ਭਿਜਵਾ ਦਿਆਂਗਾ। ਆਗਰੇ ਵਾਲੇ ਲੇਖ ਹਾਲੇ ਸ਼ੁਰੂ ਨਹੀਂ ਕਰਦਾ। ਨਾਵਲ ਦੇ 130 ਸਫ਼ੇ ਲਿਖ ਚੁਕਿਆ ਹਾਂ। ਹੁਣ ਰਿੱਛ ਤੇ ਕੰਬਲ ਵਾਲਾ ਹਿਸਾਬ ਹੈ। ਪਹਿਲਾਂ ਇਹਦਾ ਸ਼ੌਕ ਲਾਹ ਲਵਾਂ।

ਉਪਮ ਨੇ ਕਿਹਾ ਸੀ ਫ਼ਰਵਰੀ ਸਫ਼ੈਦੇ ਲਗਦੇ ਹਨ। ਜੇ ਮੇਰੇ ਘਰ ਰਹਿਣ ਵਾਲੇ ਮਾਲੀ ਦੇ ਹੱਥ ਪੈਰ ਚਲਦੇ ਹੋਣ ਤਾਂ ਉਹਨੂੰ ਆਪਣਾ ਪੰਜ ਦਸ ਸਫ਼ੈਦੇ ਕਤਾਰ-ਵਾਰ ਕਿਸੇ ਪੱਖ ਬੀੜ ਸੁੱਟੇ। ਹੋਰ ਕੀ ਲਿਖਾਂ। ਮੇਰਾ ਲੇਖ ਠੀਕ ਲੱਗਾ ਕਿ ਨਹੀਂ।

ਤੁਹਾਡਾ-ਬਲਰਾਜ

ਬਲਰਾਜ ਸਾਹਨੀ ਨੇ ਭੀਸ਼ਮ ਸਾਹਨੀ, ਨੂੰ ਅਖੀਰਲੀ ਚਿੱਠੀ 8 ਅਪ੍ਰੈਲ, 1973 ਈ. ਨੂੰ ਲਿਖੀ:

ਤੇਰੀ ਚਿੱਠੀ ਦਾ ਜਵਾਬ ਦੇਣ ਦੀ ਥਾਂ ਮੈਂ ਦਿੱਲੀ ਪਹੁੰਚਣ ਵਾਲਾ ਸਾਂ । ਪਰ ਤਿੰਨ ਚਾਰ ਦਿਨਾਂ ਦੀ ਡਬਿੰਗ ਅਤੇ ਤਿੰਨ ਦਿਨਾਂ ਦੀ ਅੱਗੋਂ ਇਕ ਸ਼ੂਟਿੰਗ ਨੇ ਪ੍ਰੋਗਰਾਮ ਪਿੱਛੇ ਪਾ ਦਿਤਾ ਹੈ। 14 ਤਰੀਕ ਦੀ ਸ਼ਾਮ ਮੈਂ ਐਥੋਂ ਫਰੰਟੀਅਰ ਮੇਲ ਤੇ ਰਵਾਨਾ ਹੋਣ ਦਾ ਨਿਸ਼ਚਾ ਕਰੀ ਬੈਠਾ ਹਾਂ ਜੋ ਕੋਈ ਹੋਰ ਵਿਘਨ ਨਾ ਆ ਪਿਆ ਤੇ ਤੇਰੇ ਖ਼ਤ ਮਿਲਣ ਤੇ ਵਿਚਾਰਾਂਗੇ । ਬਹੁਤ ਬਹੁਤ ਪਿਆਰ-

ਬਲਰਾਜ (8-4-73)

ਬਲਰਾਜ ਸਾਹਨੀ 1954 ਈਂ ਦੀਆਂ ਗਰਮੀਆਂ ਵਿਚ ਬਦਨਾਮ ਫਿਲਮ ਦੀ ਸ਼ੂਟਿੰਗ ਉਪਰੰਤ ਮਨਾਲੀ ਤੋਂ ਸਿੱਧਾ ਅੰਮ੍ਰਿਤਸਰ ਪੰਜਾਬੀ ਦੇ ਲੋਕ-ਪ੍ਰਿਯ ਨਾਵਲਕਾਰ ਨਾਨਕ ਸਿੰਘ ਨੂੰ ਮਿਲਣ ਗਏ। ਉਹ ਉਨ੍ਹਾਂ ਨਾਲ ਪਹਿਲੀ ਮਿਲਣੀ ਤੋਂ ਏਨੇ ਪ੍ਰਭਾਵਤ ਹੋਏ ਕਿ ਉਨ੍ਹਾਂ ਦਾ ਆਪਸ ਵਿਚ ਨਜ਼ਦੀਕੀ ਸਬੰਧ ਬਣ ਗਿਆ। ਉਨ੍ਹਾਂ ਦੀਆਂ ਚਿੱਠੀਆਂ ਅਕਸਰ ਇਕ ਦੂਸਰੇ ਨੂੰ ਆਉਂਦੀਆਂ। ਏਥੇ ਅਸੀਂ ਨਾਨਕ ਸਿੰਘ ਵਲੋਂ ਪ੍ਰੀਤਨਗਰ ਤੋਂ 28-12-71 ਨੂੰ ਬਲਰਾਜ ਸਾਹਨੀ ਨੂੰ ਬੰਬਈ ਲਿਖੀ ਚਿੱਠੀ ਦਾ ਜਵਾਬ ਦਰਜ ਕਰ ਰਹੇ। ਇਹ ਚਿੱਠੀ ਬਲਰਾਜ ਸਾਹਨੀ ਨੇ ਨਾਨਕ ਸਿੰਘ ਦੀ ਮੌਤ ਉਪਰੰਤ ਲਿਖੀ।

ਮੇਰੇ ਪਿਆਰੇ ਭਾਪਾ,

ਡੂੰਘਾ ਪਿਆਰ। ਤੇਰੇ ਮਰਨ ਦੀ ਖ਼ਬਰ ਅਖ਼ਬਾਰ ਵਿਚ ਪੜ੍ਹਨ ਤੋਂ ਦੋ ਦਿਨ ਉਪਰੰਤ ਤੇਰਾ ਖ਼ਤ ਮਿਲਿਆ। ਇਹਨੂੰ ਤੇਰਾ ਮਜ਼ਾਕ ਆਖਾਂ, ਤੇਰੀ ਮਸਤਾਨਗੀ, ਨਵਾਜ਼ਸ਼, ਤਰਜ, ਜਾਂ ਕੁਝ ਹੋਰ....... ਸਮਝ ਨਹੀਂ ਆਂਦੀ। ਇਸ ਖ਼ਤ ਉਪਰ ਤਾਰੀਖ

ਅਠਾਈ ਦਸੰਬਰ ਪਈ ਹੋਈ ਹੈ। ਜਾਪਦੇ, ਇਹ ਤੂੰ ਇਕ ਐਸੇ ਸੂਰਜ ਦੀ ਰੋਸ਼ਨੀ ਵਿਚ ਬਹਿ ਕੇ ਲਿਖਿਆ ਸੀ ਜਿਸ ਨੇ ਉਸ ਦਿਨ ਸਦਾ ਲਈ ਅਸਤ ਹੋ ਜਾਣਾ ਸੀ।

ਏਸ ਤੋਂ ਹਫ਼ਤਾ ਪਹਿਲਾਂ ਵੀ ਤੇਰਾ ਇਕ ਖ਼ਤ ਆਇਆ ਸੀ। ਉਸ ਵਿਚ ਤੂੰ ਕੋਈ ਖ਼ਾਸ ਗੱਲ ਨਹੀਂ ਸੀ ਲਿਖੀ। ਸਿਰਫ਼ ਮੇਰੀ ਲੰਮੀ ਚੁੱਪ ਦਾ ਉਲਾਂਭਾ ਦਿੱਤਾ ਸੀ। ਆਮ ਕਰਕੇ ਮੈਂ ਤੇਰੇ ਖਤ ਸਾਂਭ ਛਡਦਾ ਸਾਂ। ਪਰ ਇਹਨੂੰ ਸਾਂਭਣ ਦੀ ਲੋੜ ਮਹਿਸੂਸ ਨਾ ਹੋਈ। ਇਸ ਵਿਚ ਕੋਈ ਖ਼ਾਸ ਗੱਲ ਜੋ ਨਹੀਂ ਸੀ।

ਪਰ ਜਦੋਂ ਤੇਰਾ ਅਕਾਲ ਚਲਾਣਾ ਕਰਨ ਦੀ ਖ਼ਬਰ ਪੜ੍ਹੀ ਤਾਂ ਮਨ ਵਿਚ ਅਫਸੋਸ ਹੋਇਆ। ਕਿਉਂ ਨਾ ਤੇਰਾ ਖ਼ਤ ਮੈਂ ਸਾਂਭ ਲਿਆ। ਉਹ ਆਖ਼ਰੀ ਖ਼ਤ ਸੀ। ਇਹ ਹੁਣ ਉਸ ਵਿਚ "ਖ਼ਾਸ ਗੱਲ" ਸੀ। ਆਖਦੇ ਨੇ ਟੈਗੋਰ ਦੀ ਜਦੋਂ ਅਰਥੀ ਨਿਕਲੀ ਤਾਂ ਭੀੜਾਂ ਨੇ ਉਸ ਦੀ ਦਾੜ੍ਹੀ ਦੇ ਵਾਲ ਦੀ ਨੋਚ ਕੇ ਬਤੌਰ ਨਿਸ਼ਾਨੀ ਰੱਖ ਲਏ ਸਨ । ਸ਼ੈਦ ਮੇਰੇ ਅੰਦਰ ਵੀ ਕੋਈ ਇਹੋ ਜਿਹਾ ਲਾਲਚ ਉਠ ਪਿਆ ਸੀ, ਸ਼ੈਦ ਐਸੇ ਦੀ ਪੂਰਤੀ ਲਈ ਤੂੰ ਮਰਨ ਤੋਂ ਪਹਿਲਾਂ ਮੈਨੂੰ ਇਕ ਹੋਰ ਖ਼ਤ ਲਿਖ ਦਿਤਾ, ਤਾਂ ਜੋ ਮੈਨੂੰ ਕਿਸੇ ਤਰ੍ਹਾਂ ਵੀ ਨਿਰਾਸ਼ ਨਾ ਕਰਕੇ ਜਾਵੇਂ, ਆਖਾਂ। ਹੁਣ ਤਾਂ ਜ਼ਰੂਰ ਡੀਂਗ ਮਾਰਦਾ ਹਾਂ ਕਿ ਮਰਨ ਵਾਲੇ ਦਿਨ ਤੂੰ ਮੈਨੂੰ ਯਾਦ ਕੀਤਾ । ਇਹ ਗੱਲ ਮੈਨੂੰ ਵਡਿਆਉਂਦੀ ਹੈ।

ਤੂੰ ਮੈਨੂੰ ਬਹੁਤ ਪਿਆਰ ਦਿੱਤਾ ਹੈ ਭਾਪਾ, ਮੈਂ ਜਾਣਦਾ ਹਾਂ। ਪਰ ਇਹੀ ਗੱਲ ਤੇਰਾ ਹਰ ਜਾਣਨ ਵਾਲਾ ਆਖ ਸਕਦਾ ਹੈ। ਮਿਣਵਾਂ ਪਿਆਰ ਦੇਣਾ ਤੈਨੂੰ ਆਉਂਦਾ ਈ ਨਹੀਂ ਸੀ। ਮੈਨੂੰ ਸਿਰਫ਼ ਆਪਣੇ ਪਿਆਰ ਉਪਰ ਸ਼ਕ ਹੈ। ਮੈਂ ਨਹੀਂ ਕਹਿ ਸਕਦਾ ਮੈਂ ਤੈਨੂੰ ਕਿਤਨਾ ਪਿਆਰ ਦੇ ਸਕਿਆ ਉਸ ਵਿਚ ਕਿਤਨਾ ਖਰਾ ਸੀ ਤੇ ਕਿਤਨਾ ਖੋਟਾ, ਜਾਂ ਮਹਿਜ਼ ਰਸਮੀ । ਆਪਣੇ ਇਕ ਖ਼ਤ ਵਿਚ ਤੂੰ ਮੇਰੀ ਤੁਲਨਾ ਪਹਾੜੀ ਕੰਜਰੀ ਨਾਲ ਕੀਤੀ ਸੀ । ਆਖੇ "ਇਕ ਮੇਰੀ ਜਿੰਦੜੀ ਤੇ ਸਾਰਾ ਸ਼ਿਮਲਾ। 'ਬੜੀ ਢੁਕਵੀਂ ਤੁਲਨਾ ਸੀ ਉਹ।

ਯਾਦ ਆਂਦਾ ਹੈ ਜਦੋਂ ਮੈਂ ਪਹਿਲੀ ਵਾਰੀ ਅੰਮ੍ਰਿਤਸਰ ਤੇਰੇ ਕੋਲ ਆ ਕੇ ਠਹਿਰਿਆ ਸਾਂ। ਕਿਵੇਂ ਅੱਖ ਫਰੱਕੇ ਵਿਚ ਬੀਤ ਗਏ ਵੀਹ ਵਰ੍ਹੇ ? ਕਰਤਾਰ ਉਦੋਂ ਬੀ. ਏ. ਵਿਚ ਪੜ੍ਹਦਾ ਸੀ। ਮੈਂ ਕੋਈ ਸ਼ੁਹਰਤ-ਯਾਫ਼ਤਾ ਐਕਟਰ ਨਹੀਂ ਸਾਂ ਬਣਿਆ। ਗਲੀਆਂ

ਬਾਜ਼ਾਰਾਂ ਵਿਚੋਂ ਲੰਘਦਿਆਂ ਮੈਨੂੰ ਲੋਕੀ ਅੱਜ ਵਾਂਗ ਪਛਾਣਦੇ ਨਹੀਂ ਸਨ। ਮਸਾਂ ਪੰਜ ਸਤ ਪਿਕਚਰਾਂ ਵਿਚ ਕੰਮ ਕੀਤਾ ਹੋਇਆ ਸੀ ਓਦੋਂ ਮੈਂ 'ਚਿੱਟਾ ਲੂਹ' ਦੇ ਨਿਰਮਾਤਾ ਨੂੰ ਪਰਤੱਖ ਵੇਖਣ ਦੀ ਰੀਝ ਮੈਨੂੰ ਇਕ ਸ਼ੂਟਿੰਗ ਤੋਂ ਮਨਾਲੀਓ ਅੰਮ੍ਰਿਤਸਰ ਖਿੱਚ ਲਿਆਈ ਸੀ। ਮੈਂ ਸਾਮਾਨ ਹੋਟਲ ਤੇ ਰੱਖ ਤੇਰੇ ਘਰ ਜਾ ਅਪੜਿਆ ਅਤੇ ਮੈਨੂੰ ਹਿੱਕ ਨਾਲ ਲਾਂਦਿਆਂ ਸਾਰ ਮੇਰਾ ਸਾਮਾਨ ਘਰ ਮੰਗਾਣ ਦਾ ਤੂੰ ਹੁਕਮ ਸਾਦਰ ਕਰ ਦਿੱਤਾ ਸੀ।

ਗਰਮੀਆਂ ਦੇ ਦਿਨ ਸਨ। ਕੋਠੇ ਤੇ ਤੂੰ ਅਤੇ ਮੈਂ ਨਾਲੋਂ ਨਾਲ ਮੰਜੀਆਂ ਡਾਹ ਕੇ ਸੁੱਤੇ ਸਾਂ । ਭੋਰ ਵੇਲੇ ਦੂਰੋਂ ਕੋਈ ਮਿੱਠੀ ਵਾਜ ਮੇਰੇ ਕੰਨਾਂ ਵਿਚ ਪਈ ਸੀ ਅਤੇ ਉੱਠ ਬਹਿ ਗਿਆ। ਤੂੰ ਸ਼ੈਦ ਪਹਿਲਾਂ ਹੀ ਜਾਗਦਾ ਪਿਆ ਸੈਂ। ਤੂੰ ਪੁੱਛਿਆ, "ਕੀ ਗੱਲ ਏ ਬਲਰਾਜ"? "ਇਹ ਵਾਜ ਕਿਥੋਂ ਪਈ ਆਂਦੀ ਏ।" ਮੈਂ ਕਿਹਾ। “ਦਰਬਾਰ ਸਾਹਿਬ ਆਸਾ ਦੀ ਵਾਰ ਦਾ ਕੀਰਤਨ ਹੋ ਰਿਹੈ। ਚਲਨੈਂ ?" "ਆਹੋ ਅਤੇ ਇੰਜ ਪਹਿਲੀ ਵਾਰ ਮੈਂ ਤੇਰੇ ਗੋਡੇ-ਮੁੱਢ ਬਹਿ ਕੇ ਗੁਰਬਾਣੀ ਦਾ ਕੀਰਤਨ ਸੁਣਿਆ ਸੀ। ਗੌਰਵ ਮਈ ਸਿੱਖ ਇਤਿਹਾਸ ਬਾਰੇ, ਗਲੀਆਂ ਵਿਚੋਂ ਲੰਘਦਿਆਂ, ਤੈਥੋਂ ਮੁਢਲੀ ਸ਼ਿਖਸ਼ਾ ਪ੍ਰਾਪਤ ਕੀਤੀ ਸੀ। ਉਸ ਵਿਚ ਪੂਰੇ ਪੰਜਾਬ ਦਾ ਦਿਲ ਧੜਕਦਾ ਮਹਿਸੂਸ ਕੀਤਾ ਸੀ।

ਭਾਪਾ, ਕਲ੍ਹ ਐਤਵਾਰ 9 ਜਨਵਰੀ, ਅੰਮ੍ਰਿਤਸਰ ਤੇਰਾ ਭੋਗ ਪੈਣਾ ਸੀ । ਮੈਂ ਨਹੀਂ ਅਪੜ ਸਕਿਆ। ਉਹੀ ਗੱਲ," ਮੇਰੀ ਜ਼ਿੰਦਗੀ ਤੇ ਸਾਰੀ ਸ਼ਿਮਲਾ"। ਪਰ ਮੈਂ ਸਵੇਰੇ ਆਪਣੇ ਮਿੱਤਰ ਰਣਜੀਤ ਸਿੰਘ ਨਾਲ ਦਾਦਰ ਗੁਰਦੁਆਰੇ ਜ਼ਰੂਰ ਗਿਆ, ਜਿਥੇ ਸੰਗਤਾਂ ਨੇ ਤੇਰੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਤੇਰੇ ਸਦੀਵੀਂ ਵਿਛੋੜੇ ਉਪਰੰਤ ਸ਼ੋਕਮਈ ਮਤਾ ਪਾਸ ਕੀਤਾ। ਜਿਤਨੀ ਦੇਰ ਮੈਂ ਉਥੇ ਬੈਠੇ ਰਿਹਾ, ਮੇਰੇ ਮਨ ਵਿਚ ਇਹ ਵਾਕ ਗੂੰਜਦਾ ਰਿਹਾ :-

ਧੰਨ ਸੁ ਦੇਸ਼ ਜਹਾਂ ਤੂੰ ਵਸਿਆ
ਮੇਰੇ ਸੱਜਣ ਮੀਤ ਮੁਰਾਰੇ ਜੀਓ।

ਤੂੰ ਕਿਹੜੇ ਦੇਸ਼ ਜਾ ਵਸਿਆ ਏ ਭਾਪਾ ? ਤੈਨੂੰ ਹੁਣ ਕਦੇ ਤੁਰਦਾ ਫਿਰਦਾ ਵੇਖ ਨਹੀਂ ਸਕਾਂਗਾ ਇਹ ਅਸਹਿ ਹੈ। ਕਿਸੇ ਤਰ੍ਹਾਂ ਮਨ ਨੂੰ ਸ਼ਾਂਤੀ ਨਹੀਂ ਸੀ ਮਿਲ ਰਹੀ। ਤੇ

ਜਦੋਂ ਮੈਨੂੰ ਉਠ ਕੇ ਬੋਲਣ ਲਈ ਆਖਿਆ ਗਿਆ ਮੈਂ ਪਤਾ ਨਹੀਂ ਕੀ ਊਟ ਪਟਾਂਗ ਬੋਲਦਾ ਗਿਆ। ਇਹੋ ਜਿਹੀ ਬੇਤੁਕੀ ਤਕਰੀਰ ਮੈਂ ਕਦੇ ਨਹੀਂ ਸੀ ਕੀਤੀ।

ਸ਼ਾਮੀ ਖਾਲਸਾ ਕਾਲਜ ਵਿਖੇ ਸਾਡੇ ਪੰਜਾਬੀ ਸਾਹਿਤ ਕੇਂਦਰ ਨੇ ਸੋਗ ਸਮਾਗਮ ਬੁਲਾਇਆ ਹੋਇਆ ਸੀ। ਇਸ ਦੀ ਪ੍ਰਧਾਨਗੀ ਗੁਜਰਾਤੀ ਦੇ ਪ੍ਰਸਿੱਧ ਲਿਖਾਰੀ ਗੁਲਾਬ ਦਾਸ ਬਰੋਕਰ ਨੇ ਕੀਤੀ। ਉਨ੍ਹਾਂ ਤੇਰੇ ਨਾਵਲ ਨਹੀਂ ਪੜ੍ਹੇ ਭਾਪਾ, ਪਰ ਤੈਨੂੰ ਚੰਡੀਗੜ੍ਹ ਪੀ. ਈ. ਐਨ. ਕਾਨਫਰੰਸ ਉਤੇ ਅਤੇ ਬੰਬਈ ਨੈਸ਼ਨਲ ਬੁਕ ਟਰੱਸਟ ਦੀ ਪ੍ਰਦਰਸ਼ਨੀ ਵੇਲੇ, ਮਿਲ ਚੁਕੇ ਹਨ। ਤੇਰੀ ਸ਼ਖਸ਼ੀਅਤ ਦੀ ਛੁਹ ਨੇ ਉਨ੍ਹਾਂ ਨੂੰ ਵੀ ਸਰਸ਼ਾਰਿਆ ਹੈ। ਬੜਾ ਭਾਵ-ਪੂਰਤ ਭਾਸ਼ਣ ਸੀ ਸ੍ਰੀ ਬਰੋਕਰ ਦਾ। ਉਨ੍ਹਾਂ ਕਿਹਾ ਕਿ ਮਰਨ ਪਿਛੋਂ ਤੇਰੀ ਰੂਹ ਸਾਥੋਂ ਦੂਰ ਕਿਤੇ ਨਹੀਂ ਗਈ। ਉਹ ਸਾਡੇ ਅੰਦਰ ਹੀ ਸਮਾ ਗਈ ਹੈ। ਤੇਰੇ ਪਰਿਵਾਰ ਦੇ ਜੀਆਂ ਅੰਦਰ, ਤੇਰੇ ਹਰ ਪਾਠਕ ਅੰਦਰ, ਪ੍ਰਤੇਕ ਪੰਜਾਬੀ ਅਤੇ ਹਿੰਦੁਸਤਾਨੀ ਨਾਗਿਰਕ ਅੰਦਰ । ਸੰਸਾਰ ਦੀ ਕੁਝ ਮਨੁੱਖਤਾ ਅੰਦਰ। ਐਸੇ ਕਥਨ ਤੋਂ ਮੈਨੂੰ ਸ਼ਾਂਤੀ ਮਿਲੀ।

ਉਨ੍ਹਾਂ ਕਿਹਾ, ਲੇਖਕ ਲਿਖਦੇ ਵੱਖਰੀਆਂ ਵੱਖਰੀਆਂ ਜ਼ਬਾਨਾਂ ਵਿਚ ਹਨ। ਪਰ ਜੋ ਕੁਝ ਉਹ ਲਿਖਦੇ ਹਨ, ਉਹ ਕੇਵਲ ਉਨ੍ਹਾਂ ਦੀ ਬੋਲੀ ਜਾਂ ਪ੍ਰਾਂਤ ਦਾ ਨਹੀਂ ਹੁੰਦਾ। ਉਹ ਪੂਰੇ ਦੇਸ਼ ਪੂਰੇ ਸੰਸਾਰ ਦਾ ਹੁੰਦਾ ਹੈ। ਉਨ੍ਹਾਂ ਟੈਗੋਰ ਦੀ ਇਕ ਕਵਿਤਾ ਦਾ ਹਵਾਲਾ ਦਿੱਤਾ। ਇਸ ਵਿਚ ਟੈਗੋਰ ਕਹਿੰਦਾ ਹੈ-ਮੈਨੂੰ ਮਿੱਤਰ ਆਖਦੇ ਹਨ, ਹੁਣ ਬੁੱਢਾ ਹੋ ਗਿਆ ਏਂ, ਲਿਖਣਾ ਛੱਡ ਦੇ, ਤੇ ਜਾਹ ਉਸ ਮੰਦਰ ਵਿਚ ਬਹਿ ਕੇ ਰਾਮ ਨਾਮ ਦਾ ਜਾਪ ਕਰ। ਤੇ ਮੈਂ ਉਨ੍ਹਾਂ ਨੂੰ ਆਖਦਾ ਹਾਂ । ਅਹੁ ਦੇਖੋ। ਉਸ ਮੰਦਰ ਪਿਛੇ ਬੋਹੜ ਦਾ ਦਰਖ਼ਤ ਹੈ । ਸ਼ਾਮੀਂ ਜਦੋਂ ਹਨੇਰਾ ਪੈ ਜਾਂਦਾ ਹੈ, ਇਕ ਯੁਵਕ ਅਤੇ ਯੁਵਤੀ ਏਸ ਪੇੜ ਹੇਠਾਂ ਆ ਕੇ ਬਹਿ ਜਾਂਦੇ ਹਨ ਅਤੇ ਕਿਤਨਾ ਕਿਤਨਾ ਚਿਰ ਨਿਮ੍ਹੀਆਂ ਨਿਮ੍ਹੀਆਂ ਗੱਲਾਂ ਕਰਦੇ ਰਹਿੰਦੇ ਹਨ। ਮੇਰੇ ਜਿਹਾ ਕਵੀ ਹੀ ਤਾਂ ਉਨ੍ਹਾਂ ਦੇ ਭਾਵਾਂ ਨੂੰ ਜ਼ਬਾਨ ਬਖ਼ਸ਼ਦੈ ? ਫੇਰ ਮੈਂ ਆਪਣਾ ਕੰਮ ਬੰਦ ਕਿਵੇਂ ਕਰ ਦਿਆਂ ?

ਬਰੋਕਰ ਦੇ ਇਨ੍ਹਾਂ ਸ਼ਬਦਾਂ ਨੇ ਵੀ ਮੈਨੂੰ ਹੌਸਲਾ ਦਿੱਤਾ। ਮੈਨੂੰ ਤੇਰੇ ਆਖੇ ਹੋਏ ਸ਼ਬਦ ਯਾਦ ਆਏ। ਤੂੰ ਕਹਿੰਦਾ ਹੁੰਦਾ ਸੀ, ਓਏ ਕੀ ਮਾਰ ਵੱਗ ਗਈ, ਜੇ ਮੈਨੂੰ ਚੰਗਾ

ਸੁਣੀਂਦਾ ਨਹੀਂ। ਜਾਂ ਚੰਗਾ ਦਿਸਦਾ ਨਹੀਂ। ਮੇਰਾ ਸਾਰਾ ਸਰੀਰ ਹੀ ਤਾਂ ਨਹੀਂ ਰੁੜ੍ਹ ਪੁੜ੍ਹ ਗਿਆ ? ਅਜੇ ਤਾਂ ਮੇਰੇ ਅੰਦਰ ਇਤਨਾ ਕੁਝ ਲਿਖਣ ਲਈ ਪਿਆ ਹੈ। ਉਸ ਦਾ ਕੀ ਕਰਾਂ ?

ਅਤੇ ਮੈਂ ਸੋਚਿਆ। ਮੌਤ ਤਾਂ ਸਭ ਨੂੰ ਆਉਣੀ ਹੈ। ਇਸ ਦਾ ਕੋਈ ਇਲਾਜ ਨਹੀਂ। ਖੁਸ਼ਕਿਸਮਤ ਹੈ ਉਹ ਇਨਸਾਨ ਜੋ ਪੂਰਨਤਾ ਨਾਲ ਆਪਣਾ ਜੀਵਨ ਆਪਣੇ ਢੰਗ ਜੀ ਸਕੇ। ਜਿਸ ਦੇ ਅੰਦਰ ਕੋਈ ਲੋਅ ਉਸ ਦੇ ਸਾਰੇ ਜੀਵਨ ਨੂੰ ਰੁਸ਼ਨਾ ਸਕੇ । ਤੈਨੂੰ ਉਹ ਜੋਤ ਮਿਲੀ ਭਾਪਾ । ਉਹ ਇਤਨੀ ਸੱਚੀ ਸੀ ਕਿ ਪਹਿਲੇ ਦਿਨ ਤੋਂ ਤੇਰੇ ਪਾਠਕਾਂ ਅਤੇ ਤੇਰੇ ਨੇੜੇ ਆਣ ਵਾਲਿਆਂ ਦੇ ਦਿਲਾਂ ਵਿਚ ਦੀਵੇ ਬਾਲਦੀ ਗਈ। ਅਕਲ ਦੇ ਅੰਨਿਆਂ ਨੇ ਤੇਰੀ ਘਾਲ ਦਾ ਬੜਾ ਪਛੜ ਕੇ ਮੁੱਲ ਪਾਇਆ ਸੀ। ਪਰ ਅਵਾਮ ਦੇ ਦਿਲਾਂ ਵਿਚ ਤਾਂ ਤੂੰ ਝਟ ਜਾ ਵੱਸਿਆ ਸੈਂ । ਤੂੰ ਅਵਾਮ ਦੇ ਜਜ਼ਬਿਆਂ ਨੂੰ ਉਦੋਂ ਜ਼ਬਾਨ ਬਖ਼ਸ਼ੀ ਜਦੋਂ ਉਨ੍ਹਾਂ ਦੀ ਆਪਣੀ ਨਜ਼ਰ ਆਪਣੀ ਜ਼ਬਾਨ ਦਾ ਕੋਈ ਮੁੱਲ ਨਹੀਂ ਸੀ ਪਾਂਦੀ। ਪੰਜਾਬੀ ਵਿਚ ਲਿਖ ਕੇ ਤੈਨੂੰ ਨਾਮ ਤੇ ਨਾ ਹੀ ਦਾਮ ਖਟਨ ਦੀ ਆਸ ਸੀ। ਪਰ ਤੂੰ ਹਮਾਤੜਾਂ ਤੋਂ ਵੱਖਰੀ ਮਿੱਟੀ ਦਾ ਬਣਿਆ ਹੋਇਆ ਸੈਂ। ਨਾਮ ਤੇ ਦਾਮ ਦੋਨਾਂ ਤੋਂ ਬੇਪਰਵਾਹ। ਆਪਣੇ ਇਸ਼ਕ ਦਾ ਕੁੱਠਲ, ਨਤੀਜਾ, ਅਵਾਮ ਨੇ ਤੈਨੂੰ ਨਾਮ ਤੇ ਦਾਮ ਦੋਨਾਂ ਨਾਲ ਨਵਾਜਿਆ। ਇਤਨੀ ਕਾਮਯਾਬੀ ਦੀ ਆਸ ਤਾਂ ਆਪਣੀ ਜ਼ਬਾਨ, ਜਾਂ ਆਪਣੇ ਜਮੀਰ ਵਲੋਂ ਮੂੰਹ ਫੇਰ ਕੇ ਲਿਖਣ ਵਾਲੇ ਵੀ ਨਹੀਂ ਕਰ ਸਕੇ। ਆਪਣੀ ਆਤਮਕ ਅਤੇ ਸ਼ਰੀਰਕ ਸ਼ਕਤੀ ਦਾ ਇਕ-ਇਕ ਕਣ ਤੂੰ ਆਪਣੇ ਸ਼ੋਕ ਨੂੰ ਅਰਪਣ ਕਰ ਗਿਆ ਏ।

ਸਚਮੁਚ ਭਾਪਾ, ਤੂੰ ਕਿਤੇ ਵੀ ਦੂਰ ਨਹੀਂ ਗਿਆ। ਤੂੰ ਸਾਡੀਆਂ ਹੀ ਆਤਮਾਵਾਂ ਵਿਚ ਸਮਾ ਗਿਆ ਏਂ। ਪੰਜਾਬੀ ਦਿਲਾਂ ਨੂੰ, ਪੀੜ੍ਹੀ ਨੂੰ ਅਮੀਰ ਕਰ ਗਿਆ ਏਂ। ਤੇਰੇ ਨਿਤ ਨਵੇਂ ਸਿੰਘਾਸਨ ਸਜਦੇ ਰਹਿਣਗੇ।

ਤੈਨੂੰ ਯਾਦ ਹੋਵੇਗਾ, ਦੋ ਸਾਲ ਪਹਿਲਾਂ ਅਸਾਂ ਇਕ ਮਹੀਨਾ ਕਸ਼ਮੀਰ ਇੱਕਠੇ ਗੁਜ਼ਾਰਨ ਦਾ ਪ੍ਰੋਗਰਾਮ ਬਣਾਇਆ ਸੀ। ਮਰਨ ਤੋਂ ਪਹਿਲਾਂ ਇਕ ਵਾਰੀ ਕਸ਼ਮੀਰ ਫੇਰ ਵੇਖਣ ਦੀ ਤੇਰੀ ਪਰਬਲ ਇੱਛਾ ਸੀ। ਮੇਰਾ ਵਿਚਾਰ ਸੀ ਇਕ ਹਾਊਸ ਬੋਟ ਕਿਰਾਏ ਤੇ ਲੈ

ਲਵਾਂਗੇ । ਸਾਰਾ ਮਹੀਨਾ ਦਰਿਆ ਜੇਹਲਮ, ਝੀਲ ਡੱਲ ਤੇ ਵੂਲਰ ਦੀਆ ਸੈਰਾਂ ਕਰਦੇ ਫਿਰਾਂਗੇ। ਉਸ ਵਿਚ ਸਾਡਾ ਇਕ ਨਿੱਕਾ ਜਿਹਾ ਬਹਿਣ ਦਾ ਕਮਰਾ ਹੋਵੇਗਾ ਅਤੇ ਉਸ ਵਿਚ ਮੈਂ ਗੁਪਤ ਮਾਈਕਰੋਫ਼ੋਨ ਲਗਾ ਕੇ ਪੂਰਾ ਮਹੀਨਾ ਤੇਰੀਆਂ ਗੱਲਾਂ, ਤੇਰੇ ਜਾਣੇ ਬਿਨਾਂ, ਰਿਕਾਰਡ ਕਰਦਾ ਰਹਾਂਗਾ। ਤੇਰੇ ਜੀਵਨ ਦੀ ਸਾਰੀ ਕਹਾਣੀ ਵਿਸਥਾਰ ਨਾਲ ਤੇਰੇ ਆਪਣੇ ਮੂੰਹੋ ਸੁਣਾਂਗਾ ਅਤੇ ਫੇਰ, ਉਹਨੂੰ ਮਨ ਵਿਚ ਰਖ ਕੇ ਨਵੇਂ ਸਿਰੇ, ਸ਼ੁਰੂ ਤੋਂ ਅਖ਼ੀਰ, ਤੇਰਾ ਸਾਹਿਤ ਪੜ੍ਹਾਂਗਾ । ਉਸ ਬਾਰੇ ਲਿਖਾਂਗਾ।

ਪਰ ਤੂੰ ਆਪਣੀ ਸ਼ਰੀਰਕ ਕਮਜ਼ੋਰੀ ਤੋਂ ਡਰਿਐ ਸੈਂ, ਮੈਂ ਵੀ ਡਰ ਗਿਆ, ਅਸੀਂ ਉਹ ਪ੍ਰੋਗਰਾਮ ਨਾ ਨਿਭਾਅ ਸਕੇ। ਐਵੇਂ ਪ੍ਰੀਤਨਗਰ ਹੀ ਬਹਿ ਕੇ ਮੱਖੀਆਂ ਮਾਰਦੇ ਰਹੇ। ਅਸੀਂ ਮਜੇ ਨਾਲ ਜਾ ਸਕਦੇ ਸਾਂ ਭਾਪਾ। ਪਰ ਹੁਣ ਪਛਤਾਣ ਦਾ ਕੀ ਲਾਭ ? ਅਧੂਰੀਆਂ ਰੀਝਾਂ ਨਾਲ ਅਟੇ ਹੋਏ ਮੇਰੇ ਜੀਵਨ ਵਿਚ ਇਕ ਹੋਰ ਅਧੂਰੀ ਰੀਝ ਦਾ ਅਜ਼ਾਫਾ ਹੋ ਗਿਆ।

ਬਲਰਾਜ ਸਾਹਨੀ ਨੇ 1967-68 ਵਿਚ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ ਦੇ ਪ੍ਰੋਫੈਸਰ ਹਰਕਿਸ਼ਨ ਸਿੰਘ ਮਹਿਤਾ ਨੂੰ ਦੋ ਚਿੱਠੀਆਂ ਲਿਖੀਆਂ। ਇਨ੍ਹਾਂ ਚਿੱਠੀਆਂ 'ਚੋਂ ਬਲਰਾਜ ਸਾਹਨੀ ਦਾ ਪੰਜਾਬੀ ਨਾਟਕ ਅਤੇ ਰੰਗਮੰਚ ਬਾਰੇ ਦਿਲਚਸਪੀ ਦਿਖਾਈ ਦੇਂਦੀ ਹੈ:

18/1/67

ਪਿਆਰੇ ਨਿਕੇ ਵੀਰ ਹਰਕਿਸ਼ਨ,

ਮੈਨੂੰ ਉਹ ਮੋਟਰਸਾਈਕਲ ਦੀ ਲੁਤਫ਼ਦਾਰ ਸਵਾਰੀ ਚੰਗੀ ਤਰ੍ਹਾਂ ਯਾਦ ਹੈ। ਚੰਡੀਗੜ੍ਹ ਦੀ ਸਾਫ਼ ਤੇ ਖੁਲੀ ਫ਼ਿਜ਼ਾ ਵਿਚ ਉਸਦਾ ਬੜਾ ਅਨੰਦ ਮਾਣਿਆ ਸੀ।

ਬੜੀ ਖੁਸ਼ੀ ਦੀ ਗੱਲ ਹੈ ਕਿ ਉਜਾਗਰ ਦੀ ਤੁਸਾਂ ਮਲੋਟ ਦੇ ਸ਼ੋ ਲਈ ਟੈਕਸ ਮਾਫ਼ ਕਰਾਣ ਵਿਚ ਮਦਦ ਕੀਤੀ। ਏਥੇ ਆ ਕੇ ਮੈਂ ਹੋਰ ਵੀ ਪੁਛ-ਗਿਛ ਕੀਤੀ ਹੈ। ਬੰਬਈ, ਗੁਜਰਾਤ, ਤਾਮਿਲਨਾਡੂ, ਕੇਰਲਾ, ਇਨ੍ਹਾਂ ਵਿਚੋਂ ਕਿਸੇ ਪ੍ਰਦੇਸ਼ ਵਿਚ ਨਾਟਕ ਉਪਰ ਟੈਕਸ

ਨਹੀਂ ਸਗੋਂ ਸਰਕਸ ਵੀ ਟੈਕਸ ਤੋਂ ਮਾਫ਼ ਹੈ। ਫੇਰ ਇਸ ਤੋਂ ਵਡੀ ਅਫ਼ਸੋਸ ਦੀ ਕੀ ਗੱਲ ਹੋ ਸਕਦੀ ਹੈ ਕਿ ਪੰਜਾਬ ਵਿਚ, ਜਿਥੇ ਕਿ ਬੇਟਰ ਅਜੇ ਕੁੱਛੜ ਦਾ ਬਾਲ ਹੈ, ਉਸ ਉਪਰ ਟੈਕਸ ਲਾਇਆ ਜਾਵੇ। ਤੁਸੀਂ ਅਵੱਸ਼ ਸਰਕਾਰੇ ਦਰਬਾਰੇ ਇਸ ਬਾਰੇ ਆਵਾਜ਼ ਉਠਾਓ। ਇਹ ਬੜਾ ਵਡਾ ਅਨਿਆ ਹੈ।

ਪੰਜਾਬੀ ਸਾਹਿਤ ਕਾਨਫਰੈਂਸ ਦੀਆਂ ਤਰੀਖਾਂ ਹੁਣ ਮੁਕਰਰ ਹੋ ਗਈਆਂ ਹਨ, 27, 28, 29 ਦਿਸੰਬਰ। ਜ਼ਰੂਰ ਕੋਸ਼ਿਸ਼ ਕਰਨਾ ਆਉਣ ਦੀ।

ਨਿੱਘਾ ਪਿਆਰ,

ਬਲਰਾਜ

ਪਿਆਰੇ ਮਹਿਤਾ ਜੀ,

ਦੂਜੀਆਂ ਬੋਲੀਆਂ ਦੇ ਮੁਕਾਬਲੇ ਪੰਜਾਬੀ ਸਟੇਜ ਕਾਫ਼ੀ ਪਛੜੀ ਹੋਈ ਹੈ ਲੋਕਾਂ ਨੂੰ ਏਧਰ ਅਕਰਸ਼ਤ ਕਰਨ ਲਈ ਉਨ੍ਹਾਂ ਦੇ ਵਿਸ਼ਵਾਸਾਂ ਅਤੇ ਧਾਰਮਿਕ ਰੁਚੀਆਂ ਨੂੰ ਟੁੰਬਣ ਵਾਲੇ ਨਾਟਕ ਸਟੇਜ ਤੇ ਲਿਆਉਣ ਦੀ ਲੋੜ ਹੈ। ਰਾਮਲੀਲਾ ਪੰਜਾਬੀ ਵਿਚ ਕਰਨਾ ਬੜੀ ਹੀ ਚੰਗੀ ਅਤੇ ਇਤਿਹਾਸਕ ਘਟਨਾ ਹੋਵੇਗੀ।

ਇਕ ਗਲਵਕੜੀ

ਬਲਰਾਜ

ਬਲਰਾਜ ਸਾਹਨੀ-ਇਕ ਫਿਲਮ ਅਭਿਨੇਤਾ

ਬਲਰਾਜ ਸਾਹਨੀ ਪ੍ਰਸਿਧ ਲੇਖਕ ਬਣਨਾ ਚਾਹੁੰਦੇ ਸਨ। ਉਨ੍ਹਾਂ ਦੀ ਖਾਹਿਸ ਸੀ ਕਿ ਉਹ- ਇਕ ਕਹਾਣੀਕਾਰ ਦੇ ਤੌਰ ਤੇ ਜਾਣੇ ਜਾਣ, ਉਹ ਇਕ ਕਵੀ ਕਰਕੇ ਲੋਕਾਂ ਵਿਚ ਆਪਣੀ ਪਛਾਣ ਬਣਾਉਣ। ਫਿਲਮ ਵਿਚ ਇਕ ਅਦਾਕਾਰ ਬਣਨ ਲਈ ਤਾਂ ਉਨ੍ਹਾਂ ਕਦੇ ਸੰਜੀਦਗੀ ਨਾਲ ਸੋਚਿਆ ਵੀ ਨਹੀਂ ਸੀ, ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ, "ਇੰਗਲੈਂਡ ਵਿਚ ਮੈਂ ਪੂਰੇ ਚਾਰ ਸਾਲ ਕੁਝ ਵੀ ਨਹੀਂ ਸੀ ਲਿਖਿਆ, ਪਰ ਆਪਣੇ ਆਪ ਨੂੰ ਸਾਹਿਤਕਾਰਾਂ ਵਿਚ ਗਿਣਨ ਦਾ ਮੈਨੂੰ ਅਜੇ ਵੀ ਚਾਅ ਸੀ। ਇਹ ਸੋਚ ਕੇ ਮਨ ਨੂੰ ਹੌਸਲਾ ਹੋਇਆ ਕਿ ਜੇ ਹੋਰ ਕੋਈ ਕੰਮ ਨਾ ਬਣਿਆ। ਤਾਂ, ਫਿਲਮਾਂ ਲਈ ਕਹਾਣੀਆਂ ਲਿਖ ਕੇ ਸ਼ੈਦ ਮੈਂ ਵੀ ਰੋਜ਼ੀ ਕਮਾਣ ਯੋਗ ਹੋ ਸਕਾਂ। ਐਕਟਰ ਬਣਨ ਦਾ ਮੈਨੂੰ ਉਸ ਵੇਲੇ ਵੀ ਖ਼ਿਆਲ ਨਹੀਂ ਆਇਆ। ਮੈਂ ਹਾਲਾਂ ਵੀ ਫਿਲਮਾਂ ਨੂੰ ਦੂਰੋਂ ਦੂਰੋ ਹੀ ਵੇਖ ਰਿਹਾ ਸਾਂ, ਜਿਵੇਂ ਮੇਰੇ ਨਾਲ ਉਹਨਾਂ ਦਾ ਕੋਈ ਸਰੋਕਾਰ ਨਹੀਂ ਸੀ।"[1]

ਬਲਰਾਜ ਸਾਹਨੀ ਨੂੰ ਫਿਲਮੀ ਸੰਸਾਰ ਵਿਚ ਲਿਜਾਣ ਦਾ ਸਬੱਬ ਚੇਤਨ ਅਨੰਦ ਸੀ। ਚੇਤਨ ਆਨੰਦ ਬਲਰਾਜ ਸਾਹਨੀ ਦਾ ਕਾਲਜ ਦੇ ਦਿਨਾਂ ਦਾ ਦੋਸਤ ਸੀ ਅਤੇ ਉਸ ਨੇ ਡੇਹਰਾਦੂਨ ਸਕੂਲ ਤੋਂ ਅਧਿਆਪਕੀ ਛੱਡ ਕੇ ਫਿਲਮਾਂ ਵਿਚ ਅਭਿਨੈ ਕਰਨ ਦਾ ਫੈਸਲਾ ਕਰ ਲਿਆ ਸੀ। ਉਸ ਨੇ ਬਲਰਾਜ ਸਾਹਨੀ ਨੂੰ ਮੈਕਸਿਮ ਗੋਰਕੀ ਦੇ ਨਾਵਲ 'Lower Depths' ਤੇ ਆਧਾਰਤ 'ਨੀਚਾ ਨਗਰ' ਫਿਲਮ ਵਿਚ ਅਭਿਨੈ ਕਰਨ ਲਈ ਪ੍ਰੇਰਿਆ। ਬਲਰਾਜ ਸਾਹਨੀ ਨੇ ਤਾਂ ਆਪਣੇ ਬਚਪਨ ਵਿਚ ਆਪਣੇ ਪਿਤਾ ਜੀ ਤੋਂ ਡਰਦਿਆਂ ਬਹੁਤ ਘੱਟ ਪਿਕਚਰਾਂ ਦੇਖੀਆਂ ਸਨ। ਉਸ ਸਮੇਂ ਆਰੀਆ ਸਮਾਜੀ ਆਪਣੇ ਬੱਚਿਆਂ ਨੂੰ ਪਿਕਚਰਾਂ ਨਹੀਂ ਸਨ ਦੇਖਣ ਦੇਂਦੇ। ਬਲਰਾਜ ਸਾਹਨੀ ਨੇ ਇੰਗਲੈਂਡ ਵਿਚ ਸਭ ਤੋਂ ਪਹਿਲੀ ਪਿਕਚਰ 'ਸਰਕਸ' ਦੇਖੀ। ਇਸ ਵਿਚ ਇਕ ਰੂਸੀ ਨੌਜਵਾਨ ਹੀ ਫਰਾਖ਼ਦਿਲੀ ਅਤੇ ਇਕ ਅਮਰੀਕਾ ਦੀ ਲੜਕੀ ਦੀਆਂ ਭਾਵਨਾਵਾਂ ਦੀ ਪੇਸ਼ਕਾਰੀ ਸੀ। ਉਸ ਲੜਕੀ ਦੇ ਪੇਟੋ ਇਕ ਨੀਗਰੋਂ ਲੜਕਾ ਪੈਦਾ ਹੋਇਆ ਸੀ ਪਰ ਰੂਸੀ ਨੌਜਵਾਨ ਉਸ

ਨਾਲ ਸ਼ਾਦੀ ਕਰਕੇ ਉਨ੍ਹਾਂ ਦੋਵਾਂ ਨੂੰ ਰੂਸ ਵਿਚ ਪਿਆਰ, ਸਤਿਕਾਰ ਦੁਆਉਂਦਾ ਹੈ। ਇਸ ਫਿਲਮ ਨੇ ਬਲਰਾਜ ਸਾਹਨੀ ਨੂੰ ਬਹੁਤ ਪ੍ਰਭਾਵਤ ਕੀਤਾ।

ਬਲਰਾਜ ਸਾਹਨੀ ਦਾ ਫਿਲਮਾਂ ਵਿਚ ਜਾਣ ਦਾ ਦੂਸਰਾ ਕਾਰਨ ਉਨ੍ਹਾਂ ਦੀ ਕਹਾਣੀ ਮਾਸਕ ਪੱਤਰ 'ਹੰਸ' ਦੇ ਸੰਪਾਦਕ ਵਲੋਂ ਵਾਪਸ ਭੇਜਣਾ ਸੀ । ਕਹਾਣੀ ਵਾਪਸ ਆਉਣ ਨਾਲ ਬਲਰਾਜ ਸਾਹਨੀ ਦਾ ਹੰਕਾਰ ਟੁੱਟ ਗਿਆ ਅਤੇ ਉਨ੍ਹਾਂ ਨੇ ਅੱਗੇ ਤੋਂ ਕੋਈ ਵੀ ਕਹਾਣੀ ਨਾ ਲਿਖਣ ਦਾ ਮਨ ਬਣਾ ਲਿਆ। ਬਲਰਾਜ ਸਾਹਨੀ ਨੇ ਲਿਖਿਆ ਹੈ, "ਵਲੈਤ ਜਾਣ ਤੋਂ ਪਹਿਲਾ ਮੇਰੀਆਂ ਕਹਾਣੀਆਂ 'ਹੰਸ' ਵਿਚ ਬਕਾਇਦਾ ਛਪਦੀਆਂ ਸਨ। ਮੈਂ ਉਨ੍ਹਾਂ ਭਾਗਸ਼ਾਲੀ ਲੇਖਕਾਂ ਵਿਚੋਂ ਸਾਂ, ਜਿਨ੍ਹਾਂ ਦੀ ਕਦੇ ਵੀ ਕੋਈ ਰਚਨਾ ਨਾ-ਮਨਜ਼ੂਰ ਨਹੀਂ ਸੀ ਹੋਈ। ਵਲੈਤ ਵਿਚ ਚਾਰ ਸਾਲ ਮੈਂ ਇਕ ਵੀ ਕਹਾਣੀ ਨਹੀਂ ਸੀ ਲਿਖੀ। ਅਭਿਆਸ ਟੁੱਟ ਚੁਕਿਆ ਸੀ। ਹੁਣ ਮੈਂ ਉਹਨੂੰ ਬਹਾਲ ਕਰਨਾ ਚਾਹਿਆ। ਇਕ ਕਹਾਣੀ ਲਿਖ ਕੇ ਮੈਂ 'ਹੰਸ' ਨੂੰ ਭੇਜੀ । ਉਹ ਵਾਪਸ ਆ ਗਈ। ਮੇਰੇ ਸ੍ਵੈ-ਮਾਨ ਨੂੰ ਸਖ਼ਤ ਸੱਟ ਵੱਜੀ। ਉਸ ਸੱਟ ਦਾ ਜ਼ਖ਼ਮ ਕਿਤਨਾ ਡੂੰਘਾ ਸੀ, ਇਸ ਗੱਲ ਦਾ-ਹਿਸਾਬ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਸ ਤੋਂ ਬਾਅਦ ਮੈਂ ਅੱਜ ਤੀਕਰ ਕੋਈ ਕਹਾਣੀ ਨਹੀਂ ਲਿਖੀ। ਚੇਤਨ ਦੇ ਫਿਲਮਾਂ ਵਿਚ ਕੰਮ ਕਰਨ ਦੇ ਨਿਮੰਤਰਣ ਨੇ ਜਿਵੇਂ ਉਸ ਸੱਟ ਉਪਰ ਮਲ੍ਹਮ ਦਾ ਕੰਮ ਕੀਤਾ। ਫਿਲਮਾਂ ਦੀ ਰਾਹ ਫੜਨ ਦਾ ਇਕ ਕਾਰਣ ਉਹ ਅਸਵੀਕ੍ਰਿਤ ਕਹਾਣੀ ਵੀ ਸੀ ।'[2]

ਬਲਰਾਜ ਸਾਹਨੀ ਨੇ 1944 ਈ. ਵਿਚ 34 ਵਰ੍ਹਿਆਂ ਦੀ ਉਮਰ ਵਿਚ ਬੰਬਈ ਵਿਖੇ ਫਿਲਮੀ ਦੁਨੀਆਂ ਵਿਚ ਪ੍ਰਵੇਸ ਕੀਤਾ। ਉਹ 28 ਸਾਲ 1973 ਈ. ਤਕ ਫਿਲਮਾਂ ਵਿਚ ਪਾਰਟ ਕਰਦੇ ਰਹੇ। ਉਨ੍ਹਾਂ ਨੇ ਕਰੀਬ 35 ਫਿਲਮਾਂ ਵਿਚ ਭੂਮਿਕਾ ਨਿਭਾਈ । ਉਨ੍ਹਾਂ ਨੂੰ ਫਿਲਮੀ ਜ਼ਿੰਦਗੀ ਦੇ ਮੁੱਢਲੇ ਵਰ੍ਹਿਆਂ ਵਿਚ ਜ਼ਿਆਦਾ ਰੋਲ ਨਾ ਮਿਲੇ ਪਰ ਬਾਅਦ ਵਿਚ ਤਾਂ ਉਨ੍ਹਾਂ ਨੂੰ ਹੇਠ ਉਤੇ ਕਈਆਂ ਫਿਲਮਾਂ ਮਿਲਦੀਆਂ ਰਹੀਆਂ। ਬਲਰਾਜ ਸਾਹਨੀ ਅਨੁਸਾਰ, "ਹੁਣ ਤੀਕਰ ਜਿਨ੍ਹਾਂ ਫਿਲਮਾਂ ਵਿਚ ਮੈਂ ਕੰਮ ਕੀਤਾ ਉਨ੍ਹਾਂ ਦੇ ਨਾ ਪੜ੍ਹਸਾਂਗ ਦੀਆਂ ਪੌੜੀਆਂ ਵਾਂਗ ਮਿਣਾਉਂਦਾ ਆਇਆ ਹਾਂ। ਦਸਾਂ ਸਾਲਾਂ ਵਿਚ ਦਸ ਫਿਲਮਾਂ। ਪਰ ਅਗਲੇ ਯਾਨੀ ਕਾਮਯਾਬੀ ਦੇ ਅਠਾਰ੍ਹਾਂ ਵਰ੍ਹਿਆਂ ਵਿਚ ਮੈਂ ਸੋ ਤੋਂ ਜ਼ਿਆਦਾ ਫਿਲਮਾਂ ਵਿਚ

ਕੰਮ ਕਰ ਗਿਆ। ਕਿਸ਼ਤੀ ਸੁਗਮ ਪਾਣੀਆਂ ਵਿਚ ਸੁਪਨੇ ਵਾਂਗ ਥਿਰਕਦੀ ਚਲੀ ਗਈ। ਨਿਰਮਾਤਾ ਤੇ ਨੋਟਾਂ ਦੇ ਥੱਬੇ, ਹਵਾ ਤੇ ਪਾਣੀ ਵਾਂਗ ਹੋ ਗਏ, ਜਿਨ੍ਹਾਂ ਨੂੰ ਆਦਮੀ ਵਰਤਦਾ ਹੋਇਆ ਗੋਲਦਾ ਨਹੀਂ ।"[3]

ਬਲਰਾਜ ਸਾਹਨੀ ਨੇ ਸਭ ਤੋਂ ਪਹਿਲਾ ਫਨੀ ਮਜੂਮਦਾਰ ਦੀ ਫਿਲਮ 'ਜਸਟਿਸ' ਵਿਚ ਹੀਰੋ ਦੇ ਦੋਸਤ ਦਾ ਇਕ ਛੋਟਾ ਜਿਹਾ ਰੋਲ ਕੀਤਾ ਅਤੇ ਫਿਲਮ ਡਾਇਰੈਕਟਰ ਦੇ ਨਾਲ ਹੋਰ ਅਦਾਕਾਰਾਂ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਨੂੰ ਆਪਣੀ ਪਹਿਲੀ ਸ਼ੂਟਿੰਗ ਦੌਰਾਨ ਮਹਿਸੂਸ ਹੋਇਆ ਕਿ ਫਿਲਮਾਂ ਵਿਚ ਕੰਮ ਕਰਨ ਵਾਲਿਆਂ ਵਿਚ ਵੀ ਈਰਖਾ ਹੁੰਦੀ ਹੈ। ਉਨ੍ਹਾਂ ਦੇ ਪ੍ਰਭਾਵਸ਼ਾਲੀ ਕਲੋਜ਼-ਅਪ ਤੋਂ ਕਈ ਅਦਾਕਾਰਾਂ ਨੂੰ ਦੁੱਖ ਹੋਇਆ। ਫਿਲਮ ਦੀ ਹੀਰੋਇਨ ਸਵਰਨ ਲਤਾ ਨੇ ਅਗਲੇ ਸ਼ਾਟ ਵਿਚ ਰਿਹਸਲ ਕਰਨ ਤੋਂ ਨਾਹ ਕਰ ਦਿੱਤੀ । ਬਲਰਾਜ ਸਾਹਨੀ ਨੇ ਲਿਖਿਆ, "ਮੈਂ ਸੋਚਿਆ ਸੀ ਕਿ ਫਿਲਮ ਦੀ ਦੁਨੀਆਂ ਵਿਚ ਊਚ-ਨੀਚ ਦੀਆਂ ਕੋਈ ਕੰਧਾਂ ਨਹੀਂ ਹਨ। ਕਿਤਨੀ ਜ਼ਬਰਦਸਤ ਭੁੱਲ ਸੀ ਮੇਰੀ। ਫਿਲਮ ਇੰਡਸਟਰੀ ਵਿਚ ਤਾਂ ਚੱਪੇ-ਚੱਪੇ ਉਤੇ ਹੀ ਕੰਧਾਂ ਖੜ੍ਹੀਆਂ ਹਨ। ਸਮਾਜ ਦੇ ਹੋਰ ਵਿਭਾਗਾਂ ਵਿਚ ਸ਼ਾਇਦ ਇਹ ਕੰਧਾਂ ਇੱਟ-ਪੱਥਰ ਦੀਆਂ ਬਣੀਆਂ ਹੋਣ ਪਰ ਹਿੰਦੀ ਫਿਲਮਾਂ ਦੀ ਦੁਨੀਆਂ ਵਿਚ ਇਹ ਜਿਵੇਂ ਫੋਲਾਦ ਦੀਆਂ ਬਣੀਆਂ ਹੋਈਆਂ ਹੋਣ। ਅਗਲਾ ਸ਼ਾਟ ਹੀਰੋਇਨ ਸਵਰਨ ਲਤਾ ਨਾਲ ਸੀ। ਉਸ ਨੇ ਮੇਰੇ ਨਾਲ ਰਿਹਰਸਲ ਕਰਨ ਤੋਂ ਹੀ ਇਨਕਾਰ ਕਰ ਦਿੱਤਾ। ਸ਼ਾਟ ਵਿਚ ਵੀ ਉਹ ਬੋਲਦੀ ਮੇਰੇ ਨਾਲ ਸੀ, ਪਰ ਵੇਖਦੀ ਕੈਮਰੇ ਵਲ ਸੀ। ਜਿਤਨੀ ਦੇਰ ਉਹ ਸੈੱਟ ਉਤੇ ਰਹੀ, ਮੈਨੂੰ ਇੰਜ ਮਹਿਸੂਸ ਕਰਾਇਆ ਗਿਆ ਜਿਵੇਂ ਮੈਂ ਕਿਸੇ ਗੰਦੀ ਤੇ ਭਿਅੰਕਰ ਬੀਮਾਰੀ ਦਾ ਮਰੀਜ਼ ਸਾਂ, ਜਿਸ ਨਾਲ ਕੋਈ ਨਹੀਂ ਭਿੱਟਣਾ ਚਾਹੁੰਦਾ।"

ਫਨੀ ਮਜੂਮਦਾਰ ਨੇ ਆਪਣੇ ਵਾਇਦੇ ਅਨੁਸਾਰ ਬਲਰਾਜ ਸਾਹਨੀ ਨੂੰ ਆਪਣੀ ਅਗਲੀ ਫਿਲਮ 'ਦੂਰਚਲੇ' ਵਿਚ ਚੰਗਾ ਰੋਲ ਦੇ ਦਿੱਤਾ। ਉਸ ਨੇ ਤਾਂ ਬਲਰਾਜ ਸਾਹਨੀ ਦੀ ਪਤਨੀ ਦਮਯੰਤੀ ਨੂੰ ਵੀ ਆਪਣੀ ਫ਼ਿਲਮ ਵਿਚ ਕੰਮ ਕਰਨ ਲਈ ਲੈ ਲਿਆ। ਇਸ ਫਿਲਮ ਦੀ ਜ਼ਿਆਦਾ ਸ਼ੂਟਿੰਗ ਆਊਟ-ਡੋਰ ਹੋਈ ਅਤੇ ਬਲਰਾਜ ਸਾਹਨੀ ਨੇ ਕਮਲ

ਕਪੂਰ, ਨਸੀਮ, ਆਗਾ ਅਤੇ ਕੀ.ਸੀ.ਡੇ. ਨਾਲ ਵਧੀਆ ਰੋਲ ਕੀਤਾ। ਉਨ੍ਹਾਂ ਨੇ ਸੁਭਾਵਕ ਅਤੇ ਸੰਜਮੀ ਅਭਿਨੈ ਨਾਲ ਆਪਣਾ ਪ੍ਰਭਾਵ ਕਾਇਮ ਰੱਖਿਆ। ਉਸ ਤੋਂ ਬਾਅਦ ਬਲਰਾਜ ਸਾਹਨੀ ਨੇ ਹਮਲੋਗ' ਵਿਚ ਅਭਿਨੈ ਕੀਤਾ। 'ਗੁੱਡੀਆ' ਫਿਲਮ ਵਿਚ ਬਲਰਾਜ ਸਾਹਨੀ ਅਤੇ ਦਮਯੰਤੀ ਦੋਵਾਂ ਨੇ ਰੋਲ ਕੀਤਾ।

ਉਨ੍ਹਾਂ ਦਿਨਾਂ ਵਿਚ ਬਲਰਾਜ ਸਾਹਨੀ ਦੀ ਦਿਲਚਸਪੀ IPTA ਵਿਚ ਵਧੀ ਅਤੇ ਉਨ੍ਹਾਂ IPTA ਦੇ ਜਾਣੇ ਪਛਾਣੇ ਕਾਰਕੁਨ ਖ੍ਵਾਜਾ ਅਮਿਦ ਅੱਬਾਸ ਦੀ ਫਿਲਮ 'ਧਰਤੀ ਕੇ ਲਾਲ' ਵਿਚ ਰੋਲ ਕਰਨਾ ਕਬੂਲਿਆ। ਇਸ ਫਿਲਮ ਰਾਹੀਂ ਇਕ ਬੁੱਢੇ ਕਿਸਾਨ ਦੀਆਂ ਭਾਵਨਾਵਾਂ ਪੇਸ਼ ਕੀਤੀਆਂ ਗਈਆਂ ਜੋ ਤੇਜ਼ ਬੁਖਾਰ ਹੋਣ ਨਾਲ ਦਮ ਤੋੜ ਜਾਂਦਾ ਹੈ ਪਰ ਉਹ ਮਰਨ ਤੋਂ ਪਹਿਲਾਂ ਆਪਣੇ ਪੁਤਰਾਂ ਨੂੰ ਸਖਤ ਮੇਹਨਤ ਕਰਕੇ ਖੇਤਾਂ ਚੋਂ ਫਸਲ ਉਗਾਉਣ ਲਈ ਪ੍ਰੇਰਦਾ ਹੈ। ਇਸ ਫਿਲਮ ਵਿੱਚ ਕਿਸਾਨ ਦੀ ਪਤਨੀ ਦਾ ਪਾਰਟ ਊਸ਼ਾ ਸੇਨ ਗੁਪਤਾ ਨੇ, ਉਸ ਦੇ ਵੱਡੇ ਲੜਕੇ ਦਾ ਪਾਰਟ ਬਲਰਾਜ ਸਾਹਨੀ ਨੇ, ਛੋਟੇ ਲੜਕੇ ਦਾ ਅਨਵਰ ਨੇ, ਵੱਡੀ ਨੂੰਹ ਦਾ ਦਮਯੰਤੀ ਨੇ ਅਤੇ ਛੋਟੀ ਨੂੰਹ ਦਾ ਪਾਰਟ ਤ੍ਰਿਪਤੀ ਭਾਦੁੜੀ ਨੇ ਕੀਤਾ। ਇਸ ਫਿਲਮ ਦੀ ਪ੍ਰਸ਼ੰਸਾ ਉਸ ਸਮੇਂ ਦੇ ਫਿਲਮ ਡਾਇਰੈਕਟਰ ਮਹੇਸ਼ ਕੋਲ ਅਤੇ ਫਿਲਮ ਅਭਿਨੇਤਾ ਰਾਜ ਕਪੂਰ ਨੇ ਵੀ ਕੀਤੀ। ਇਸ ਫਿਲਮ ਵਿਚ ਕਈ ਤਰੁੱਟੀਆਂ ਰਹਿ ਗਈਆਂ। ਪਰ ਇਸ ਵਿਚਲੇ ਸੁਭਾਵਕਪਨ ਨੇ ਸਭ ਨੂੰ ਪ੍ਰਭਾਵਤ ਕੀਤਾ। ਇਸ ਫਿਲਮ ਵਿਚ ਰੋਲ ਕਰਨ ਨਾਲ ਬਲਰਾਜ ਸਾਹਨੀ ਦੀ ਚਰਚਾ ਹੋਈ ਅਤੇ ਉਨ੍ਹਾਂ ਨੂੰ ਕਈ ਹੋਰਨਾਂ ਫਿਲਮਾਂ ਵਿਚ ਅਭਿਨੈ ਕਰਨ ਵਾਸਤੇ ਪੇਸ਼ਕਸ਼ ਹੋਈ।

ਬਲਰਾਜ ਸਾਹਨੀ ਦੀਆਂ ਹੋਰ ਮਹੱਤਵਪੂਰਨ ਹਿੰਦੀ ਫਿਲਮਾਂ ਦਾ ਵੇਰਵਾ ਇਸ ਪ੍ਰਕਾਰ ਹੈ: 'ਦੋ ਬੀਘਾ ਜ਼ਮੀਨ', 'ਗਰਮ ਕੋਟ', 'ਗੁੰਜਨ', 'ਬਾਜ਼ੀ' 'ਬਦਨਾਮ', 'ਬਾਜੂ ਬੰਦ', 'ਔਲਾਦ', 'ਟਕਸਾਲ', 'ਆਕਾਸ਼', 'ਰਾਹੀ', 'ਮਹਿਜੂਰ', 'ਸੀਮਾ', 'ਲਾਜਵੰਤੀ', 'ਹਕੀਕਤ', 'ਕਾਬਲੀਵਾਲਾ', 'ਕਠਪੁਤਲੀ', 'ਪਰਦੇਸੀ', (ਇੰਡੋ-ਸੋਵੀਅਤ ਪ੍ਰੋਡਕਸ਼ਨ) 'ਪਵਿੱਤਰ ਪਾਪੀ', 'ਬਲੈਕਕੈਟ', 'ਵਕਤ', 'ਸੱਟਾ ਬਜਾਰ' 'ਭਾਬੀ', 'ਦਿਲ ਭੀ ਤੇਰਾ ਹਮ ਭੀ ਤੇਰੇ', 'ਸੁਹਾਗ ਸੰਧੂਰ', 'ਏਕ ਫੂਲ ਦੋ ਮਾਲੀ', 'ਪਰਾਇਆ ਧਨ', 'ਅਨੁਰਾਧਾ' ਅਤੇ

'ਗਰਮ ਹਵਾ' ਆਦਿ। 'ਗਰਮ ਹਵਾ', ਉਨ੍ਹਾਂ ਦੀ ਆਖ਼ਰੀ ਫਿਲਮ ਸੀ ਜੋ 1973 ਈ. ਵਿਚ ਤਿਆਰ ਹੋਈ। ਉਨ੍ਹਾਂ ਨੇ ਇਕ ਪੰਜਾਬੀ ਫਿਲਮ 'ਸਤਲੁਜ ਦੇ ਕੰਢੇ' ਵਿਚ ਪ੍ਰਭਾਵੀ ਅਭਿਨੈ ਕਰਕੇ ਪ੍ਰਸ਼ੰਸਾ ਪ੍ਰਾਪਤ ਕੀਤੀ।

ਬਲਰਾਜ ਸਾਹਨੀ ਨੇ ਕੁਦਰਤੀ ਅਤੇ ਸੁਭਾਵਕ ਅਭਿਨੈ ਦਾ ਸੰਕਲਪ ਫਿਲਮੀ ਪਰਦੇ ਤੇ ਚਾਲੂ ਕੀਤਾ। ਉਨ੍ਹਾਂ ਦਾ ਵਿਚਾਰ ਸੀ ਕਿ ਬਨਾਵਟੀ ਅਭਿਨੈ ਨਾਲੋਂ ਯਥਾਰਥਵਾਦੀ ਅਭਿਨੈ ਪ੍ਰਭਾਵਮਈ ਹੁੰਦਾ ਹੈ। ਉਨ੍ਹਾਂ ਨੇ ਆਪਣੀਆਂ ਫਿਲਮਾਂ ਵਿਚ ਅਭਿਨੈ ਕਰਨ ਲਈ ਸਬੰਧਤ ਥਾਂ ਤੇ ਜਾ ਕੇ ਰਹਿਣਾ ਸ਼ੁਰੂ ਕੀਤਾ, ਉਨ੍ਹਾਂ ਲੋਕਾਂ ਦੀ ਬੋਲੀ ਸਿੱਖੀ ਤਾਂ ਜਾ ਕੇ ਉਨ੍ਹਾਂ ਦਾ ਫਿਲਮੀ ਦੁਨੀਆ ਵਿਚ ਮਹੱਤਵਪੂਰਨ ਸਥਾਨ ਬਣਿਆ। ਉਹ ਸਖ਼ਤ ਮੇਹਨਤ ਨਾਲ ਹੀ ਆਪਣੀ ਵਿਲੱਖਣ ਜਗ੍ਹਾ ਬਣਾ ਸਕੇ। ਉਨ੍ਹਾਂ ਦੀ ਇਹ ਵੀ ਧਾਰਨਾ ਸੀ ਕਿ ਪਾਤਰ ਨੂੰ ਆਪਣਾ ਰੋਲ ਖੁੱਭ ਕੇ ਕਰਨਾ ਚਾਹੀਦਾ ਹੈ ਤਾਂ ਹੀ ਉਹ ਆਪਣੇ ਰੋਲ ਨਾਲ ਨਿਆਇ ਕਰ ਸਕੇਗਾ। ਜਦ ਉਨ੍ਹਾਂ ਨੇ 'ਦੋ ਬੀਘਾ ਜ਼ਮੀਨ' ਵਿਚ ਇਕ ਗਰੀਬ ਦੋਧੀ ਦਾ ਪਾਰਟ ਕਰਨਾ ਸੀ ਤਾਂ ਉਹ ਬੰਬਈ ਦੀ ਇਕ ਥਾਂ ਜੋਗੇਸ਼ਵਰੀ ਵਿਖੇ ਦੋਧੀਆਂ ਦੇ ਮੁਹੱਲੇ ਉਨ੍ਹਾਂ ਦਾ ਕੰਮ ਕਰਨ ਦਾ ਢੰਗ ਦੇਖਣ ਗਏ। ਉਨ੍ਹਾਂ ਨੇ ਦੇਖਿਆ ਕਿ ਉਹ ਸਭ ਆਪਣੇ ਸਿਰਾਂ ਤੇ ਪਰਨੇ ਬੰਨਦੇ ਸਨ। ਬਲਰਾਜ ਸਾਹਨੀ ਨੇ ਉਸ ਤਰ੍ਹਾਂ ਦਾ ਇਕ ਪਰਨਾ ਖਰੀਦਿਆ ਭਾਵੇਂ ਉਹ ਚੰਗੀ ਤਰ੍ਹਾਂ ਆਪਣੇ ਸਿਰ ਤੇ ਨਾ ਬੰਨ ਸਕੇ । ਉਨ੍ਹਾਂ ਦਾ ਇਸ ਫਿਲਮ ਵਿਚ ਸਫ਼ਲ ਹੋਣਾ ਦੋਧੀਆਂ ਦੇ ਨਿਤਾਪ੍ਰਤੀ ਦੇ ਜੀਵਨ ਨੂੰ ਨੇੜਿਉਂ ਤੱਕ ਕੇ ਉਸ ਅਨੁਸਾਰ ਰੋਲ ਕਰਨਾ ਸੀ ਬਲਰਾਜ ਸਾਹਨੀ ਨੇ ਕਲਕੱਤੇ ਜਾਣ ਲਈ ਰੇਲ ਗੱਡੀ ਦੇ ਤੀਸਰੇ ਦਰਜੇ ਦੇ ਡੱਬੇ ਵਿਚ ਸਫ਼ਰ ਕਰਨਾ ਠੀਕ ਸਮਝਿਆ ਤਾਂ ਕਿ ਉਹ ਗ਼ਰੀਬ ਕਿਸਾਨਾਂ ਨੂੰ ਗੱਡੀ ਤੇ ਚੜ੍ਹਦਿਆਂ ਅਤੇ ਉਤਰਦਿਆਂ ਦੇਖ ਸਕਣ, ਉਹ ਗੱਡੀ ਦੇ ਡੱਬੇ ਵਿਚ ਬੈਠਿਆਂ ਉਨ੍ਹਾਂ ਨੂੰ ਸੁਭਾਵਕ ਰੂਪ ਵਿਚ ਗੱਲਬਾਤ ਕਰਦਿਆਂ ਸੁਣ ਸਕਣ। ਉਹ ਕਲਕੱਤੇ ਪਹੁੰਚ ਕੇ ਰਿਕਸ਼ਾ ਚਾਲਕ ਯੂਨੀਅਨ ਦੇ ਦਫ਼ਤਰ ਗਏ ਅਤੇ ਰਿਕਸ਼ਾ ਚਲਾਉਣ ਦਾ ਅਭਿਆਸ ਕੀਤਾ। ਪਰ ਦ੍ਰਿਸ਼ ਫਿਲਮਾਉਣ ਸਮੇਂ ਉਹ ਘਬਰਾ ਗਏ। ਜਦ ਇਕ ਰਿਕਸ਼ੇ ਵਾਲੇ ਨੇ ਉਨ੍ਹਾਂ ਨੂੰ ਫਿਲਮ ਦੀ ਕਹਾਣੀ ਬਾਰੇ ਪੁਛਿਆ ਤਾਂ ਉਸ ਨੇ ਸੁਣ ਕੇ

ਕਿਹਾ ਕਿ ਇਹ ਤਾਂ ਉਸ ਨਾਲ ਵਾਪਰੀ ਕਹਾਣੀ ਹੈ। ਉਸ ਕੋਲ ਬਿਹਾਰ ਦੇ ਇਕ ਪਿੰਡ ਵਿਚੋ ਦੋ ਬੀਘਾ ਜ਼ਮੀਨ ਸੀ ਜਿਹੜੀ ਉਸ ਨੇ ਪੰਦਰਾਂ ਸਾਲ ਪਹਿਲਾਂ ਇਕ ਜ਼ਿੰਮੀਦਾਰ ਕੋਲ ਗਹਿਣੇ ਪਾ ਦਿੱਤੀ ਸੀ । ਆਪਣੀ ਜ਼ਮੀਨ ਛੁਡਾਉਣ ਵਾਸਤੇ ਉਹ ਪਿਛਲੇ ਪੰਦਰਾਂ ਸਾਲਾਂ ਤੋਂ ਕਲਕੱਤੇ ਦੀਆਂ ਸੜਕਾਂ ਤੇ ਰਿਕਸ਼ਾ ਚਲਾ ਰਿਹਾ ਸੀ ਪਰ ਉਸ ਨੂੰ ਆਪਣੀ ਜ਼ਮੀਨ ਛੁਡਾਉਣ ਦੇ ਕੋਈ ਆਸਾਰ ਨਜ਼ਰ ਨਹੀਂ ਸਨ ਆ ਰਹੇ। ਉਹ ਰਿਕਸ਼ੇ ਵਾਲਾ ਬਲਰਾਜ ਸਾਹਨੀ ਦੇ ਨੇੜੇ ਕੁਝ ਦੇਰ ਖੜ੍ਹਾ ਰਿਹਾ, ਉਸ ਵਲ ਨੀਝ ਨਾਲ ਤੱਕਦਾ ਰਿਹਾ ਅਤੇ ਜਾਂਦਿਆ ਫਿਰ ਕਹਿ ਗਿਆ ਕਿ ਇਹ ਕਹਾਣੀ ਉਸ ਦੀ ਹੈ, ਇਹ ਕਹਾਣੀ ਉਸ ਦੀ ਹੈ। ਉਸ ਰਿਕਸ਼ੇ ਵਾਲੇ ਦੀ ਦਿਲੀ ਆਵਾਜ਼ ਸੁਣ ਕੇ, ਬਲਰਾਜ ਸਾਹਨੀ ਨੂੰ ਮਹਿਸੂਸ ਹੋਇਆ ਕਿ ਇਹ ਉਨ੍ਹਾਂ ਦੀ ਪ੍ਰਾਪਤੀ ਹੈ ਕਿ ਉਨ੍ਹਾਂ ਨੇ ਕਿਸੇ ਵਰਗ ਦੇ ਲੋਕਾਂ ਦੀ ਆਵਾਜ਼ ਨੂੰ ਆਪਣੀ ਫਿਲਮ ਰਾਹੀਂ ਪੇਸ਼ ਕੀਤਾ ਹੈ। ਬਲਰਾਜ ਸਾਹਨੀ ਦੇ ਰੋਲ ਨੂੰ ਬਹੁਤ ਸਲਾਹਿਆ ਗਿਆ ਪਰ ਬਲਰਾਜ ਸਾਹਨੀ ਆਪਣੀ ਸਫਲਤਾ ਦਾ ਸਿਹਰਾ ਰਿਕਸ਼ਾ ਚਲਾਉਣ ਵਾਲੇ ਦੇ ਸਿਰ ਬੰਨ੍ਹਦੇ ਸਨ। ਉਨ੍ਹਾਂ ਦੀ ਅਦਾਕਾਰੀ ਬਾਰੇ ਕਈ ਫਿਲਮ ਸਮਾਲੋਚਕਾਂ ਨੇ ਪ੍ਰਤੀਕਰਮ ਦਿੱਤੇ। ਅੰਮ੍ਰਿਤ ਬਾਜ਼ਾਰ ਪੱਤ੍ਰਕਾ ਦੇ ਫਿਲਮ ਸਮਾਲੋਚਕ ਨੇ ਬਲਰਾਜ ਸਾਹਨੀ ਦੀ ਅਦਾਕਾਰੀ ਵਿਚ ਪ੍ਰਤਿਭਾ ਦੀ ਛੋਹ ਅਨੁਭਵ ਕੀਤੀ। ਸੋਵੀਅਤ ਸੰਘ ਦੇ ਇਕ ਫਿਲਮ ਨਿਰਮਾਤਾ ਨੇ ਕਿਹਾ, "ਬਲਰਾਜ ਸਾਹਨੀ ਦੇ ਚਿਹਰੇ ਉਤੇ ਇਕ ਸੰਸਾਰ ਉਕਰਿਆ ਹੋਇਆ ਹੈ।" ਇਹ ਸੰਸਾਰ ਵੀ ਉਸ ਅੱਧ-ਖੜ ਰਿਕਸ਼ੇ ਵਾਲੇ ਦਾ ਹੀ ਸੀ। ਸ਼ਰਮਨਾਕ ਗੱਲ ਇਹ ਹੈ ਕਿ ਸੁਤੰਤਰਤਾ ਤੋਂ ਪੰਜੀ ਵਰ੍ਹੇ ਬਾਅਦ ਵੀ ਉਹ ਸੰਸਾਰ ਨਹੀਂ ਬਦਲਿਆ ਜਦੋਂ ਮੈਂ ਮਰਾਂਗਾ, ਮੈਨੂੰ ਇਸ ਗੱਲ ਦੀ ਤਸੱਲੀ ਹੋਵੇਗੀ ਕਿ ਮੈਂ 'ਦੋ ਬੀਘਾ ਜ਼ਮੀਨ' ਵਿਚ ਅਭਿਨੈ ਕੀਤਾ ਸੀ।'[5]

ਬਲਰਾਜ ਸਾਹਨੀ ਨੇ ਜਿਸ ਪਾਤਰ ਦਾ ਵੀ ਰੋਲ ਕੀਤਾ ਪਹਿਲਾਂ ਉਨ੍ਹਾਂ ਨੇ ਉਸ ਦੇ ਵਿਵਿਹਾਰਕ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਮੇਹਨਤ ਨਾਲ ਉਸ ਵਿਚ ਮੌਲਿਕਤਾ ਲਿਆਂਦੀ ਉਸ ਦੀ ਵੱਖਰੀ ਪਛਾਣ ਬਣਾਈ। ਉਨ੍ਹਾਂ ਨੇ 'ਕਾਬਲੀਵਾਲਾ'

ਫਿਲਮ ਵਿਚ ਪਠਾਣ ਦਾ ਰੋਲ ਕਰਨ ਉਨ੍ਹਾਂ ਲੋਕਾਂ ਨਾਲ ਕਈ ਦਿਨ ਬਿਤਾਏ ਅਤੇ ਟਾਂਗਾ ਚਲਾਉਣਾ ਸਿੱਖਿਆ ਤਾਂ ਉਹ ਆਪਣੇ ਰੋਲ ਵਿਚ ਸਫ਼ਲ ਹੋ ਸਕੇ।

ਉਨ੍ਹਾਂ ਨੇ ਫਿਲਮਾਂ ਵਿਚ ਅਭਿਨੈ ਕਰਨ ਸਬੰਧੀ ਕੁਝ ਪੁਸਤਕਾਂ ਵੀ ਪੜ੍ਹੀਆਂ ਜਿਵੇਂ Stanislavsky ਦੀ 'An Actor prepares' ਅਤੇ 'Clerk Gable's wife ਦੀ 'Moden Acting'. ਪਹਿਲੀ ਪੁਸਤਕ ਨੂੰ ਤਾਂ ਉਹ 'ਬਾਈਬਲ' ਦਾ ਦਰਜਾ ਦੇਂਦੇ ਸਨ। ਬਲਰਾਜ ਸਾਹਨੀ ਦੇ ਅਭਿਨੈ ਕਰਨ ਦੀ ਕਲਾ ਕਿਸੇ ਸੰਸਥਾ ਤੋਂ ਨਹੀਂ ਸੀ ਸਿੱਖੀ ਅਤੇ ਨਾ ਹੀ ਉਨ੍ਹਾਂ ਨੇ ਇਸ ਸਬੰਧੀ ਵਧੇਰੇ ਪੁਸਤਕਾਂ ਪੜ੍ਹੀਆਂ ਸਨ। ਉਨ੍ਹਾਂ ਨੇ ਸਫਲ ਅਦਾਕਾਰੀ ਦੀ ਸਿੱਖਿਆ ਸਬੰਧਤ ਪਾਤਰ ਦੇ ਆਲੇ ਦੁਆਲੇ 'ਚੋਂ ਲਈ ਸੀ ਅਤੇ ਮਿਹਨਤ ਕਰਕੇ ਸੁਹਿਰਦਤਾ ਨਾਲ ਆਪਣਾ ਰੋਲ ਨਿਭਾਇਆ। ਉਨ੍ਹਾਂ ਨੇ 'ਗਰਮ ਕੋਟ' ਫਿਲਮ ਵਿਚ ਕਲਰਕ, 'ਔਲਾਦ' ਵਿਚ ਘਰੇਲੂ ਨੌਕਰ, 'ਕਾਬਲੀਵਾਲਾ' ਵਿਚ ਪਠਾਨ, 'ਵਕਤ' ਵਿਚ ਰਿਫ਼ਊਜੀ, 'ਏਕ ਫੂਲ ਦੋ ਮਾਲੀ' ਵਿਚ ਇਕ ਅਮੀਰ ਮਿਲ ਮਾਲਕ, 'ਹਕੀਕਤ' ਵਿਚ ਫ਼ੌਜ ਦੇ ਮੇਜਰ, 'ਅਨੁਰਾਧਾ' ਵਿਚ ਡਾਕਟਰ, 'ਸੀਮਾ' ਵਿਚ ਹੋਸਟਲ ਵਾਰਡਨ, 'ਪਵਿਤਰ ਪਾਪੀ' ਵਿਚ ਘੜੀ ਸਾਜ਼ ਅਤੇ 'ਗਰਮ ਹਵਾ' ਵਿਚ ਇਕ ਮੁਸਲਿਮ ਵਿਉਪਾਰੀ ਦਾ ਸਫ਼ਲ ਰੋਲ ਕੀਤਾ।

ਬਲਰਾਜ ਸਾਹਨੀ ਨੇ ਨਿਰੂਪਾ ਰਾਇ, ਦਲੀਪ ਕੁਮਾਰ, ਨਰਗਿਸ, ਮੀਨਾ ਕੁਮਾਰੀ, ਗੀਤਾ ਬਾਲੀ ਅਤੇ ਨੂਤਨ ਆਦਿ ਨਾਲ ਫਿਲਮਾਂ ਵਿਚ ਰੋਲ ਕੀਤਾ। ਬਲਰਾਜ ਸਾਹਨੀ ਨੇ ਆਪਣੇ ਰੋਲ ਨੂੰ ਯਥਾਰਥੀ ਛੋਹਾਂ ਦੇਣ ਦੀ ਕੋਸ਼ਿਸ਼ ਕੀਤੀ। ਕਈਆਂ ਫਿਲਮਾਂ ਵਿਚ ਤਾਂ ਉਨ੍ਹਾਂ ਪ੍ਰਭਾਵਮਈ ਰੋਲ ਨਿਭਾਇਆ। ਉਨ੍ਹਾਂ ਨੇ ਆਪਣੇ ਸ਼ਬਦਾਂ ਵਿਚ “ਹਾਂ, ਪਰ ਇਕ ਗੱਲ ਦਾ ਸੰਤੋਸ਼ ਮੈਨੂੰ ਜ਼ਰੂਰ ਹੈ ਕਿ ਮੈਂ ਇਨ੍ਹਾਂ ਪੰਝੀਆਂ ਸਾਲਾਂ ਵਿਚ ਹਰ ਪ੍ਰਕਾਰ ਦੇ ਰੋਲ ਖੇਡੇ ਹਨ। ਮੈਂ ਉਨ੍ਹਾਂ ਵਿਚ, ਨਕਲੀ ਕਥਾਨਕਾਂ ਅਤੇ ਫੇਰ ਸਾਰੀਆਂ ਹੋਰ ਬੰਦਸ਼ਾਂ ਦੇ ਬਾਵਜੂਦ, ਗਤੀ ਲਿਆਉਣ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਨੂੰ ਜੀਊਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਕਿਸਾਨ ਵੀ ਬਣਿਆ ਹਾਂ, ਮਜ਼ਦੂਰ ਵੀ ਸਰਮਾਇਦਾਰ ਵੀ, ਪੁਲੀਸਮੈਨ ਵੀ, ਫੌਜੀ

ਅਫਸਰ ਵੀ, ਪਠਾਣ ਵੀ ਕਲਰਕ ਵੀ ਅਤੇ ਹੋਰ ਵੀ ਖੌਰੇ ਕੀ ਕੀ। ਜੇ ਮੈਂ ਪੂਰੀ ਤਰ੍ਹਾਂ ਆਪਣੇ ਪਾਤਰਾਂ ਵਿਚ ਯਥਾਰਥ ਲਿਆ ਨਹੀਂ ਸਕਿਆ, ਤਾਂ ਕਮ ਸੇ ਕਮ ਇਸ ਦੀ ਕੋਸ਼ਿਸ਼ ਭਰਪੂਰ ਕੀਤੀ ਹੈ।"[6] ਬਲਰਾਜ ਸਾਹਨੀ ਫਿਲਮਾਂ ਵਿਚ ਸ਼ੌਕ ਨਾਲ ਨਹੀਂ ਸਨ ਗਏ, ਉਨ੍ਹਾਂ ਨੂੰ ਤਾਂ ਮਜ਼ਬੂਰਨ ਇਸ ਪਾਸੇ ਜਾਣਾ ਪਿਆ। ਇਸ ਗੱਲ ਵਲ ਉਨ੍ਹਾਂ ਆਪ ਹੀ ਸੰਕੇਤ ਕੀਤਾ, "ਮਜ਼ਬੂਰੀ ਨੇ ਮੈਨੂੰ ਫਿਲਮ ਐਕਟਰ ਬਣਾਇਆ, ਮੇਰੇ ਮਜਾਜ਼ ਦੀਆਂ ਸੁਸਤੀਆਂ ਅਤੇ ਵਿਪਰੀਤੀਆਂ ਨੇ ਮੇਰੇ ਰਾਹ ਵਿਚ ਬੜੀਆਂ ਔਖੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ, ਪਰ ਇਹ ਜਿਹੜੀ ਕੰਪਾਸ ਮੈਨੂੰ ਅੰਗ੍ਰੇਜ਼ੀ ਸਾਹਿਤ ਨੇ ਪ੍ਰਦਾਨ ਕੀਤੀ ਹੋਈ ਸੀ, ਉਹ ਨਿਰੰਤਨ ਮੇਰੇ ਰਾਹ ਰੌਸ਼ਨ ਕਰਦੀ ਗਈ। ਜੇ ਕੁਦਰਤ ਨੇ ਮੈਨੂੰ ਐਕਟਰਾਂ ਵਾਲੀ ਪ੍ਰਤਿਭਾ ਦਿਤੀ ਹੁੰਦੀ ਤਾਂ ਜੋ ਕੁਝ ਮੈਂ ਦਸ ਸਾਲ ਵਿਚ ਸਿੱਖਿਆ, ਉਹ ਦਸ ਮਹੀਨੇ ਵਿਚ ਸਿਖ ਸਕਦਾ ਸਾਂ, ਮੈਂ ਆਪਣੇ ਆਲੇ ਦੁਆਲੇ ਕਿਤਨੇ ਹੀ ਪ੍ਰਬੀਨ ਸਾਥੀਆਂ ਨੂੰ ਵੇਖਦਾ ਹਾਂ, ਜੋ ਪਹਿਲੇ ਹੱਲੇ ਵਿਚ ਹੀ ਮੈਨੂੰ ਮੀਲਾਂ ਪਿਛੇ ਛੱਡ ਗਏ ਸਨ, ਅਤੇ ਦੁਬਾਰਾ ਉਨ੍ਹਾਂ ਤੀਕ ਅਪੜਨ ਵਿਚ ਕਛੂਏ ਵਾਂਗ ਮੈਨੂੰ ਗਿਣ ਗਿਣ ਕੇ ਕਦਮ ਰਖਣੇ ਪਏ ਸਨ। ਮੈਂ ਉਨ੍ਹਾਂ ਸਾਥੀਆਂ ਦਾ ਮਸ਼ਕੂਰ ਵੀ ਹਾਂ ਕਿ ਉਹ ਮਿਸਾਲ ਬਣ ਕੇ ਮੈਨੂੰ ਪ੍ਰੇਰਣਾ ਦੇਂਦੇ ਰਹੇ ਤੇ ਮੈਂ ਉਨ੍ਹਾਂ ਵਰਗਾ ਹੋਣ ਦੀ ਕੋਸ਼ਿਸ਼ ਕਰਦਾ ਰਿਹਾ।"

ਬਲਰਾਜ ਸਾਹਨੀ ਭਾਵੇਂ ਫਿਲਮਾਂ ਵਿਚ ਮਜ਼ਬੂਰਨ ਗਏ ਪਰ ਉਨ੍ਹਾਂ ਨੇ ਹਰ ਫਿਲਮ ਵਿਚ ਪੂਰਾ ਖੁੱਭ ਕੇ ਰੋਲ ਨਿਭਾਇਆ। ਉਹ ਰੋਲ ਭਾਵੇਂ ਨਾਇਕ ਦਾ ਸੀ ਤੇ ਭਾਵੇਂ ਮਾਮੂਲੀ ਜਿਹਾ, ਉਨ੍ਹਾਂ ਨੇ ਉਸ ਨੂੰ ਯਥਾਰਥੀ ਰੰਗਤ ਦੇ ਕੇ ਉਸ ਨਾਲ ਇਨਸਾਫ਼ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਕਈ ਫਿਲਮਾਂ ਰਾਹੀਂ ਪ੍ਰਸਿਧੀ ਪਾਉਣ ਤੋਂ ਬਾਅਦ ਕਦੇ ਨਾਜ਼ ਨਖਰਾ ਨਹੀਂ ਸੀ ਵਿਖਾਇਆ। ਉਨ੍ਹਾਂ ਨੇ ਆਮ ਲੋਕਾਂ ਨਾਲ ਵੀ ਨੇੜਲਾ ਸੰਪਰਕ ਕਾਇਮ ਰੱਖਿਆ। ਉਹ ਲੋਕਾਂ ਦਾ ਅਦਾਕਾਰ ਬਣ ਕੇ ਵਿਚਰੇ। ਲੋਕਾਂ ਨੇ ਉਨ੍ਹਾਂ ਨੂੰ ਮਾਣ ਦਿੱਤਾ। ਪਿਆਰ ਦਿੱਤਾ, ਇਹੋ ਹੀ ਉਨ੍ਹਾਂ ਦੀ ਪ੍ਰਾਪਤੀ ਹੈ, ਉਨ੍ਹਾਂ ਦੀ ਫਿਲਮੀ ਜ਼ਿੰਦਗੀ ਦਾ ਹਾਸਲ ਹੈ।

ਹਵਾਲੇ

1. ਬਲਰਾਜ ਸਾਹਨੀ, ਮੇਰੀ ਫਿਲਮੀ ਆਤਮਕਥਾ,ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ ਪੰਨਾ, 70

2. ਉਹੀ ਉਹੀ ਉਹੀ ਪੰਨਾ,81

3. ਉਹੀ ਉਹੀ ਉਹੀ ਪੰਨਾ, 246

4. ਉਹੀ ਉਹੀ ਉਹੀ ਪੰਨਾ, 126

5. A film producer in Soviet union had remarked. There is a whole world drawn on the face of Balraj Sahni. This world too was that of the rickshaw-Puller. It is a shame that even twenty five years after independence, that world has not changed. when, one day, I die, I shall have the satisfaction that I acted in 'Do Bigha Zameen'. Quated by Bisham Sahni, Balraj My Brother, National Book trust India. New Delhi, 1981, Page 172.

6. ਬਲਰਾਜ ਸਾਹਨੀ, ਯਾਦਾਂ ਦਾ ਝਰੋਖਾ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਪਹਿਲੀ ਵਾਰ : ਅਪ੍ਰੈਲ 1974, ਪੰਨਾ 83

7. ਉਹੀ ਉਹੀ ਉਹੀ ਪੰਨਾ 82, 83

ਬਲਰਾਜ ਸਾਹਨੀ ਦੀ ਵਿਚਾਰਧਾਰਾ

ਬਲਰਾਜ ਸਾਹਨੀ ਆਰੀਆ ਸਮਾਜੀ ਵਾਤਾਵਰਣ ਵਿਚ ਪਲੇ, ਮੁੱਢਲੀ ਪੜ੍ਹਾਈ ਗੁਰੂਕੁਲ ਪੋਠੋਹਾਰ ਵਿਖੇ ਕੀਤੀ, ਕਾਲਜਾਂ ਵਿਚ ਪੱਛਮ ਦੇ ਅਧਿਆਪਕਾਂ ਕੋਲੋ ਪੜ੍ਹੇ, ਸ਼ਾਂਤੀ ਨਿਕੇਤਨ ਵਿਖੇ ਰਾਬਿੰਦਰ ਨਾਥ ਟੈਗੋਰ ਦੀ ਸੰਗਤ ਵਿਚ ਵਿਚਰੇ, ਵਾਰਧਾਂ ਦੇ ਨਜ਼ਦੀਕ ਸੇਵਾ ਗ੍ਰਾਮ ਵਿਚ ਮਹਾਤਮਾ ਗਾਂਧੀ ਜੀ ਦੇ ਪ੍ਰਭਾਵ ਹੇਠ ਰਹੇ, ਬੀ.ਬੀ.ਸੀ. ਵਿਚ ਹਿੰਦੀ ਦੇ ਅਨਾਉਂਸਰ ਰਹੇ, ਇੰਡੀਅਨ ਪੀਪਲਜ਼ ਐਸੋਸੀਏਸ਼ਨ ਦੇ ਸਰਗਰਮ ਕਾਰਕੁਨ ਰਹੇ, ਰੰਗ ਕਰਮੀ ਸਥਾਪਤ ਹੋਏ, ਹਿੰਦੀ ਅਤੇ ਪੰਜਾਬੀ ਦੀਆਂ ਫਿਲਮਾਂ ਵਿਚ ਅਭਿਨੈ ਕਰਕੇ ਨਾਮਨਾ ਖੱਟਿਆ, ਪੰਜਾਬੀ ਦੇ ਪ੍ਰਸਿੱਧ ਲੇਖਕ ਬਣੇ ਅਤੇ ਲੋੜਵੰਦਾਂ ਦੀ ਆਪਣੀ ਸਮਰਥਾ ਅਨੁਸਾਰ ਹਮੇਸ਼ਾ ਸਹਾਇਤਾ ਕਰਦੇ ਰਹੇ।

ਬਲਰਾਜ ਸਾਹਨੀ ਵਿਭਿੰਨ ਸਥਿਤੀਆਂ ਵਿਚੋਂ ਗੁਜ਼ਰ ਕੇ ਵੀ ਮਾਰਕਸਵਾਦ ਦੇ ਇਤਿਹਾਸਕ ਅਤੇ ਦਵੰਦਾਤਮਕ ਭੌਤਿਕਵਾਦ ਤੋਂ ਪ੍ਰਭਾਵਤ ਰਹੇ। ਮਾਰਕਸਵਾਦ ਦੇ ਅਧਿਐਨ ਵਿਚ ਦਿਲਚਸਪੀ ਨੇ ਉਨ੍ਹਾਂ ਨੂੰ ਮਾਰਕਸਵਾਦੀ ਚਿੰਤਨ ਬਣਾ ਦਿੱਤਾ। ਉਨ੍ਹਾਂ ਦੀ ਕਾਮਨਿਸਟ ਪਾਰਟੀ ਦੀਆਂ ਸਰਗਰਮੀਆਂ ਵਿਚ ਰੁਚੀ ਵਧੀ। ਉਨ੍ਹਾਂ ਨੇ ਲੰਡਨ ਰਹਿੰਦੀਆਂ ਬ੍ਰਿਟਿਸ਼ ਕਾਮਨਿਸਟ ਪਾਰਟੀ ਦਾ ਮੈਂਬਰ ਬਣਨਾ ਚਾਹਿਆ ਪਰ ਉਸ ਵੇਲੇ ਦੇ ਪਾਰਟੀ ਜਨਰਨ ਸੈਕਟਰੀ ਰਜਨੀ ਪਾਮਦੱਤ ਨੇ ਉਨ੍ਹਾਂ ਨੂੰ ਮੈਂਬਰ ਬਣਾਉਣ ਤੋਂ ਇਨਕਾਰ ਕਰ ਦਿੱਤਾ। ਦਮਯੰਤੀ ਪਾਰਟੀ ਦੇ ਮੈਂਬਰ ਬਣ ਚੁੱਕੇ ਸਨ ਅਤੇ ਬਲਰਾਜ ਸਾਹਨੀ ਨੂੰ ਇਕ ਸਾਲ ਬਾਅਦ ਮੈਂਬਰਸ਼ਿਪ ਦਿੱਤੀ ਗਈ। ਉਹ ਭਾਰਤ ਵਾਪਸ ਆ ਕੇ ਵੀ ਕਾਮਨਿਸਟ ਪਾਰਟੀ ਨਾਲ ਜੁੜੇ ਰਹੇ। ਉਹ ਇਸ ਪਾਰਟੀ ਦੀਆਂ ਨੀਤੀਆਂ ਨੂੰ ਆਪਣਾ ਕੇ ਦੇਸ਼ ਦੇ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਸਨ, ਉਨ੍ਹਾਂ ਵਿਚ ਜਾਗਰੂਕਤਾ ਲਿਆ ਕੇ ਉਨ੍ਹਾਂ ਨੂੰ ਕਾਰਜਸ਼ੀਲ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਸਮਾਜਵਾਦੀ ਪੱਖ ਤੋਂ ਕਦੇ ਮੁੱਖ ਨਾ ਮੋੜਿਆ ਸਗੋਂ ਇਸ ਵਿਚਾਰਧਾਰਾ ਅਨੁਸਾਰ ਅਗੇ ਵੱਧਦੇ ਗਏ।

ਬਲਰਾਜ ਸਾਹਨੀ ਏਸੇ ਸੋਚਣੀ ਤਹਿਤ ਸਖ਼ਤ ਮੇਹਨਤ ਕਰਕੇ ਲੋਕ-ਪ੍ਰਿਯ ਕਲਾਕਾਰ ਬਣੇ। ਕਿਰਤ ਕਰਨ ਵਿਚ ਉਨ੍ਹਾਂ ਦਾ ਵਿਸ਼ਵਾਸ ਬਣਿਆ। ਉਹ ਦੂਸਰਿਆਂ ਕੋਲੋਂ ਸਿਖ ਕੇ ਪ੍ਰਸੰਨ ਹੁੰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਕਿਸੇ ਵੀ ਕਾਰਜ ਪ੍ਰਤੀ ਪ੍ਰਤੀਬਧਤਾ ਮਨੁੱਖ ਨੂੰ ਖੁਸ਼ੀ ਅਤੇ ਸੰਤੁਸ਼ਟੀ ਦੇਂਦੀ ਹੈ। ਮਨੁੱਖ ਦਾ ਕਿਰਿਆਸ਼ੀਲ ਰਹਿਣਾ ਹੀ ਉਸ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਵਲ ਸੰਕੇਤ ਕਰਦਾ ਹੈ । ਬਲਰਾਜ ਸਾਹਨੀ ਨੇ ਆਪਣੇ ਸ਼ਬਦਾਂ ਵਿਚ, "ਕਿਰਤ ਵਿਚ ਹੀ ਸੱਚੀ ਖੁਸ਼ੀ, ਅਤੇ ਜੇ ਉਸ ਕਿਰਤ ਨਾਲ ਸਮਾਜ ਦਾ ਵੀ ਕੋਈ ਕਲਿਆਣ ਹੁੰਦਾ ਹੋਵੇ ਤਾਂ ਮਨੁੱਖ ਦੀਆਂ ਸਰੀਰਕ ਅਤੇ ਮਾਨਸਿਕ ਸ਼ਕਤੀਆਂ ਦੋਵੇਂ ਨਿਖਰਦੀਆਂ ਹਨ। ਨਿਰਾਸ਼ਾ ਅਤੇ ਵਿਫ਼ਲਤਾ ਤੋਂ ਮੁਕਤ ਹੋਣ ਦਾ ਇਕੋ ਰਾਹ ਹੈ, ਉਹ ਇਹ ਕਿ ਮਨੁੱਖ ਆਪਣੇ ਆਪ ਨੂੰ ਸਮਾਜ ਤੋਂ ਅੱਡ ਨਾ ਕਰੋ। ਸਮਾਜ ਦੇ ਹਿਤ ਨੂੰ ਆਪਣਾ ਹਿੱਤ, ਅਤੇ ਸਮਾਜ ਦੇ ਅਹਿਤ ਨੂੰ ਆਪਣਾ ਅਹਿਤ ਸਮਝੇ। ਜਿਤਨਾ ਵਿਅਕਤੀ ਆਪਣੇ ਆਪ ਵਿਚ ਲੀਨ ਹੁੰਦਾ ਜਾਏਗਾ, ਉਤਨਾ ਹੀ ਦੁਖੀ ਅਸ਼ਾਂਤ ਅਤੇ ਨਿਸਫਲ ਹੋਵੇਗਾ, ਜਿਤਨਾ ਉਹ ਆਪਣੇ ਦੁਖ-ਸੁਖ ਨੂੰ ਆਪਣੇ ਆਲੇ ਦੁਆਲੇ ਦੇ ਇਨਸਾਨਾਂ ਨਾਲ ਸਾਂਝਾ ਕਰੇਗਾ, ਉਤਨਾ ਹੀ ਉਸ ਦਾ ਦਿਮਾਗੀ ਤਵਾਜ਼ਨ ਠੀਕ ਰਹੇਗਾ।"[2]

ਬਲਰਾਜ ਸਾਹਨੀ ਅਗਾਂਹ ਵਧੂ ਵਿਚਾਰਾਂ ਦੇ ਧਾਰਨੀ ਸਨ। ਮਜ਼ਹਬੀ ਕੱਟੜਤਾ ਵਿਚ ਉਨ੍ਹਾਂ ਦਾ ਉਕਾ ਵਿਸ਼ਵਾਸ ਨਹੀਂ ਸੀ। ਉਨ੍ਹਾਂ ਨੂੰ ਜੇ ਸੰਖਿਆ ਦਾ ਪਾਠ ਜਾਂ ਹਵਨ ਦੇ ਮੰਤਰ ਜ਼ਬਾਨੀ ਯਾਦ ਸਨ ਤਾਂ ਉਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਪੂਰੀ ਸ਼ਰਧਾ ਨਾਲ ਪੜ੍ਹਦੇ ਸਨ। ਗੁਰਦੁਆਰੇ ਜਾ ਕੇ ਕੀਰਤਨ ਸੁਣਦੇ ਸਨ। ਉਹ ਗੁਰਪੁਰਬਾਂ ਦੇ ਅਵਸਰ ਤੇ ਉਚੇਚੇ ਤੌਰ ’ਤੇ ਪਹੁੰਚਦੇ ਸਨ ਅਤੇ ਆਪਣਾ ਭਾਸ਼ਨ ਦੇਂਦੇ ਸਨ।

ਬਲਰਾਜ ਸਾਹਨੀ ਨਾਸਤਕ ਸਨ ਪਰ ਆਪਣੇ ਪੂਰਬਿਆਂ ਲਈ ਪੂਰਾ ਸਤਿਕਾਰ ਰੱਖਦੇ ਸਨ। ਉਹ ਰੱਬ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ ਪਰ ਗੁਰੂ ਸਾਹਿਬਾਨ ਲਈ ਉਨ੍ਹਾਂ ਦੇ ਹਿਰਦੇ ਵਿਚ ਅਥਾਹ ਸ਼ਰਧਾ ਸੀ, ਰਾਬਿੰਦਰ ਨਾਥ ਟੈਗੋਰ ਦੀ ਕਵਿਤਾ ਅਤੇ ਉਨ੍ਹਾਂ ਦੀ ਸਖ਼ਸ਼ੀਅਤ ਦੇ ਉਹ ਪ੍ਰੇਮੀ ਸਨ। ਉਹ ਮਹਾਤਮਾ ਗਾਂਧੀ ਦੇ

ਉਪਾਸ਼ਕ ਸਨ, ਉਹ ਪੰਡਤ ਜਵਾਹਰ ਲਾਲ ਨਹਿਰੂ ਦੇ ਸ਼ਰਧਾਲੂ ਸਨ। ਉਨ੍ਹਾਂ ਅਨੁਸਾਰ, "ਏਸੇ ਤਰ੍ਹਾਂ, ਗਾਂਧੀ ਜੀ ਵੀ ਰੱਬ ਨੂੰ ਮੰਨਦੇ ਸਨ। ਮੈਂ ਨਹੀਂ ਮੰਨਦਾ। ਪਰ ਫੇਰ ਵੀ ਉਨ੍ਹਾਂ ਦੀ ਮਹਾਨ ਅਤੇ ਪਵਿੱਤਰ ਸਖ਼ਸ਼ੀਅਤ ਦਾ, ਅਤੇ ਉਹਨਾਂ ਦੇ ਮਨੁੱਖੀ ਪਿਆਰ ਦਾ ਆਸ਼ਕ ਹੀ ਨਹੀਂ, ਪੁਜਾਰੀ ਵੀ ਹਾਂ। "

ਬਲਰਾਜ ਸਾਹਨੀ ਨੂੰ ਮਨੁੱਖਤਾ ਵਿਚ ਵਿਸ਼ਵਾਸ ਸੀ । ਜਦੋਂ ਕਦੇ ਵੀ ਮਾਨਵ ਤੇ ਆਪੱਤੀ ਆਈ ਤਾਂ ਉਨ੍ਹਾਂ ਨੇ ਆਪਣੀ ਵਿਤ ਮੁਤਾਬਕ ਉਸ ਦੀ ਮਦਦ ਕੀਤੀ। ਭਿਵਿੰਡੀ ਵਿਚ ਹਿੰਦੂਆਂ, ਮੁਸਲਮਾਨਾਂ ਵਿਚਕਾਰ ਫਿਰਕੂ ਫਸਾਦ ਹੋਏ ਤਾਂ ਉਹ ਅਹਿਮਦ ਅੱਬਾਸ, ਆਈ ਐਸ.ਜੋਹਰ ਅਤੇ ਦਲੀਪ ਕੁਮਾਰ ਆਦਿ ਨਾਲ ਲੋਕਾਂ ਦੀ ਸਹਾਇਤਾ ਲਈ ਪਹੁੰਚੇ। ਉਹ ਵਿਖਾਵੇ ਵਿਚ ਵਿਸ਼ਵਾਸ ਨਹੀਂ ਸਨ ਰਖਦੇ, ਪੀੜਤ ਲੋਕਾਂ ਦੀ ਦਿਲੋਂ ਸਹਾਇਤਾ ਕਰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਜੇ ਤੁਸੀਂ ਦੁੱਖੀ ਲੋਕਾਂ ਕੋਲ ਇਕ ਦਿਨ ਲਈ ਜਾਂਦੇ ਹੋ ਤਾਂ ਉਹ ਸਮਝਦੇ ਹਨ ਤੁਸੀਂ ਉਨ੍ਹਾਂ ਦੇ ਦੁੱਖ ਦੇਖਣ ਹੀ ਆਏ ਹੋ।"[4] ਭਿਵਿੰਡੀ ਦੇ ਫ਼ਸਾਦਾਂ ਸਮੇਂ ਬਲਰਾਜ ਸਾਹਨੀ ਕੁਝ ਦਿਨ ਮੁਸਲਮਾਨ ਪਰਿਵਾਰ ਵਿਚ ਠਹਿਰੇ ਅਤੇ ਦਲੀਪ ਕੁਮਾਰ ਹਿੰਦੂ ਪਰਿਵਾਰ ਵਿਚ ਰਹੇ। ਦੋਹਾਂ ਨੇ, ਦੋਹਾਂ ਫਿਰਕਿਆ ਦੇ ਲੋਕਾਂ ਵਿਚ ਆਪਸੀ ਪ੍ਰੇਮ-ਭਾਵਨਾ ਪੈਦਾ ਕਰਨ ਲਈ ਸਫ਼ਲ ਯਤਨ ਕੀਤੇ। ਬਲਰਾਜ ਸਾਹਨੀ ਨੇ ਨਾਗਪੁਰ ਦੇ ਫ਼ਸਾਦਾਂ ਬਾਰੇ ਸੁਣ ਕੇ ਰੱਬਾ ! ਤੂੰ ਅਸਤੀਫ਼ਾ ਕਿਉਂ ਨਹੀਂ ਦੇ ਛੱਡਦਾ ?" ਕਵਿਤਾ ਲਿਖੀ। ਦੇਸ਼ ਦੇ ਕਿਸੇ ਵੀ ਕੋਨੇ ਵਿਚ ਕਾਲ ਪਿਆ ਜਾਂ ਔੜ ਲਗੀ ਤਾਂ ਬਲਰਾਜ ਸਾਹਨੀ ਨੇ ਉਚੇਚਾ ਉਥੇ ਪਹੁੰਚ ਕੇ ਲੋਕਾਂ ਦੀ ਮਦਦ ਕੀਤੀ।

ਬਲਰਾਜ ਸਾਹਨੀ ਮਾਨਵੀ ਨੈਤਿਕ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਦੇ ਹਾਮੀ ਸਨ। ਉਹ ਪਿਆਰ ਨੂੰ ਸਭ ਤੋਂ ਵੱਡਾ ਹਥਿਆਰ ਸਮਝਦੇ ਸਨ। ਇਸ ਨਾਲ ਦੁਸ਼ਮਣ ਦਾ ਮਨ ਵੀ ਜਿੱਤਿਆ ਜਾ ਸਕਦਾ ਹੈ। ਅਮਰਜੀਤ ਸਿੰਘ ਦੀਪਕ ਅਨੁਸਾਰ, "ਬਲਰਾਜ ਨੂੰ ਇਨਸਾਨੀਅਤ ਤੇ ਅਮਿਟ ਯਕੀਨ ਸੀ । ਉਹਦੀ ਜਾਂਚੇ ਮਨੁੱਖੀ ਪਿਆਰ ਹੀ ਦੁਨੀਆ ਦੀ ਸਭ ਤੋਂ ਕੀਮਤੀ ਤੇ ਵੱਡੀ ਚੀਜ਼ ਹੈ ਬਾਕੀ ਸਭ ਅਡੰਬਰ ਹਨ। ਬਲਰਾਜ ਦਿਲਾਂ ਦੀਆਂ ਸਾਂਝਾਂ ਦਾ ਮੁਰੀਦ ਸੀ।"[5]

ਬਲਰਾਜ ਸਾਹਨੀ ਨੇ ਕਾਮਨਿਸਟ ਪਾਰਟੀ ਦੀਆਂ ਨੀਤੀਆਂ ਦੇ ਸਮਰਥਕ ਸਨ ਤਾਂ ਉਨ੍ਹਾਂ ਨੇ ਕਾਂਗਰਸ ਪਾਰਟੀ ਨਾਲ ਵੀ ਆਪਣਾ ਨੇੜਲਾ ਨਾਤਾ ਕਾਇਮ ਰੱਖਿਆ। ਉਨ੍ਹਾਂ ਨੇ ਕ੍ਰਿਸ਼ਨਾ ਮੈਨਿਨ ਦੀ ਪਾਰਲੀਆਮੈਂਟਰੀ ਚੋਣ ਸਮੇਂ ਖੁਲ੍ਹ ਕੇ ਹਮਾਇਤ ਕੀਤੀ। ਉਨ੍ਹਾਂ ਨੇ ਸ੍ਰੀਮਤੀ ਇੰਦਰਾ ਗਾਂਧੀ ਦੀ ਲੀਡਰਸ਼ਿਪ ਵਿਚ ਪੂਰਾ ਭਰੋਸਾ ਰੱਖਿਆ। ਉਨ੍ਹਾਂ ਨੇ ਬੰਬਈ ਤੋਂ ਉਚੇਚੇ ਤੌਰ ਤੇ ਆ ਕੇ ਪੰਜਾਬ ਦੇ ਕਾਂਗਰਸ ਉਮੀਦਵਾਰਾਂ ਦੇ ਹੱਕ ਵਿਚ ਵੋਟ ਪਾਉਣ ਲਈ ਲੋਕਾਂ ਨੂੰ ਅਪੀਲ ਕੀਤੀ। ਇਹ ਸਭ ਕੁਝ ਬਲਰਾਜ ਸਾਹਨੀ ਦੀ ਉਸਾਰੂ ਸੋਚ ਦਾ ਸਿੱਟਾ ਸੀ।

ਕਾਮਨਿਸਟ ਪਾਰਟੀ ਦੀ ਆਪਸੀ ਫੁੱਟ ਕਾਰਨ ਬਲਰਾਜ ਸਾਹਨੀ ਦੇ ਮਨ ਨੂੰ ਠੇਸ ਪਹੁੰਚੀ। ਉਹ ਪਾਰਟੀ ਨੇਤਾਵਾਂ ਦੇ ਵਿਚਾਰਧਾਰਕ ਮਤ ਭੇਦ ਤੋਂ ਨਾ ਖੁਸ਼ ਹੋ ਗਏ। ਉਨ੍ਹਾਂ ਨੇ ਪਾਰਟੀ ਦੇ ਨੇਤਾਵਾਂ ਦੇ ਤੰਗ ਨਜ਼ਰੀਏ ਕਾਰਨ ਹੀ ਆਪਣਾ ਨਾਟਕ 'ਜਾਦੂ ਦੀ ਕੁਰਸੀ' ਪਾੜ੍ਹ ਦਿੱਤਾ ਕਿਉਂਕਿ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਸ ਵਿਚ ਪੰਡਤ ਜਵਾਹਰ ਲਾਲ ਨਹਿਰੂ ਦੀਆਂ ਨੀਤੀਆਂ ਦੀ ਕੀਤੀ ਨੁਕਤਾਚੀਨੀ ਠੀਕ ਨਹੀਂ। "ਉਨ੍ਹਾਂ ਨੇ ਪਾਰਟੀ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਣਾ ਘੱਟ ਕਰ ਦਿੱਤਾ ਅਤੇ ਸਾਹਿਤ ਰੰਗਮੰਚ ਅਤੇ ਫ਼ਿਲਮਾਂ ਦੇ ਖੇਤਰ ਵਿਚ ਮਨ ਮਾਰ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਆਪਣੀਆਂ ਅਣਥਕ ਕੋਸ਼ਿਸ਼ਾਂ ਸਦਕਾ ਸਟੇਜ ਸਿਨੇਮਾ ਅਤੇ ਸਾਹਿਤ ਦੇ ਖੇਤਰ ਵਿਚ ਬੁਲੰਦੀਆਂ ਨੂੰ ਛੂਹਿਆ।"[6]

ਬਲਰਾਜ ਸਾਹਨੀ ਦਾ ਵਿਚਾਰ ਸੀ ਕਿ ਪਰੰਪਰਾ ਦਾ ਸਿਹਤਮੰਦ ਪੱਖ ਲੋਕਾਂ ਦੇ ਵਿਸ਼ਵਾਸ਼ ਵਿਚ ਮਿਲਦਾ ਹੈ, ਲੋਕ ਸਾਹਿਤ ਵਿਚ ਮਿਲਦਾ ਹੈ ਅਤੇ ਮਾਨਵਵਾਦ ਵਿਚ ਮਿਲਦਾ ਹੈ। ਉਨ੍ਹਾਂ ਦੀ ਧਾਰਨਾ ਸੀ, ਜੇ ਅਸੀਂ ਆਪਣੇ ਦੇਸ਼ ਵਿਚ ਸਮਾਜਵਾਦ ਚਾਹੁੰਦੇ ਹਾਂ ਤਾਂ ਸਾਨੂੰ ਸਭ ਤੋਂ ਪਹਿਲਾਂ ਲੋਕਾਂ ਦੇ ਮਨਾਂ ਵਿਚੋਂ ਪੈਸਾ, ਰੁਤਬਾ ਅਤੇ ਤਾਕਤ ਦਾ ਡਰ ਕੱਢਣਾ ਚਾਹੀਦਾ ਹੈ। ਕੀ ਅਸੀਂ ਇਸ ਪਾਸੇ ਵਲ ਕੋਈ ਕਦਮ ਉਠਾ ਰਹੇ ਹਾਂ ? ਸਾਡੇ ਸਮਾਜ ਵਿਚ ਅਜ ਸਭ ਤੋਂ ਵੱਧ ਕਿਸ ਦੀ ਇਜ਼ਤ ਹੁੰਦੀ ਹੈ-ਜਿਸ ਆਦਮੀ ਕੋਲ ਕਲਾ ਹੈ ਜਾਂ ਜਿਸ ਕੋਲ ਪੈਸਾ ਹੈ? ਸਭ ਤੋਂ ਵੱਧ ਪ੍ਰਸੰਸਾ ਕਿਸ ਦੀ ਹੁੰਦੀ ਹੈ-ਜਿਸ ਆਦਮੀ ਕੋਲ

ਹੁਨਰ ਹੈ ਜਾਂ ਜਿਸ ਕੋਲ ਰੁਤਬਾ ਹੈ। ਕੀ ਅਸੀਂ ਅਜਿਹੇ ਹਾਲਤਾਂ ਵਿਚ ਕਦੇ ਸਮਾਜਵਾਦ ਆਉਣ ਦੀ ਉਮੀਦ ਕਰ ਸਕਦੇ ਹਾਂ ? ਸਮਾਜਵਾਦ ਲਿਆਉਣ ਤੋਂ ਪਹਿਲਾਂ ਸਾਨੂੰ ਅਜਿਹਾ ਵਾਤਾਵਰਣ ਪੈਦਾ ਕਰਨਾ ਪਏਗਾ ਜਿਥੇ ਅਮੀਰਾਂ ਨੂੰ ਵਧੇਰੇ ਇੱਜ਼ਤ ਨਾ ਦਿੱਤੀ ਜਾਵੇ ਸਗੋਂ ਮਜ਼ਦੂਰਾਂ ਨੂੰ ਸਭ ਤੋਂ ਵੱਧ ਸਤਿਕਾਰ ਦਿੱਤਾ ਜਾਵੇ, ਭਾਵੇਂ, ਉਹ ਜਿਸਮਾਨੀ ਜਾਂ ਜਿਹਨੀ ਹੋਵੇ, ਜਿਥੇ ਕਲਾ, ਹੁਨਰ ਅਤੇ ਆਵਿਸ਼ਕਾਰੀ ਨੂੰ ਮਾਣ ਦਿੱਤਾ ਜਾਵੇ, ਇਸ ਲਈ ਨਵੇਂ ਚਿੰਤਨ ਦੀ ਲੋੜ ਹੈ ਅਤੇ ਰੂੜੀਵਾਦੀ ਸੋਚਣੀ ਤੋਂ ਪਰ੍ਹੇ ਰਹਿਣ ਲਈ ਹੌਸਲਾ ਕਰਨ ਦੀ ਜ਼ਰੂਰਤ ਹੈ। ਅਸੀਂ ਆਪਣੇ ਮਨ ਦੀ ਕ੍ਰਾਂਤੀ ਦੇ ਨਜ਼ਦੀਕ ਹਾਂ।"[7] ਇਹ ਵਿਚਾਰ ਬਲਰਾਜ ਸਾਹਨੀ ਨੇ ਨਵੰਬਰ 1972 ਈ. ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੀ ਕਨਵੋਕੇਸ਼ਨ ਸਮੇਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪੇਸ਼ ਕੀਤੇ।

ਬਲਰਾਜ ਸਾਹਨੀ ਦਾ ਭਾਰਤੀ ਪਰੰਪਰਕ ਰਸਮਾਂ ਵਿਚ ਯਕੀਨ ਸੀ ਪਰ ਉਹ ਮਨੁੱਖ ਦੀ ਆਤਮਾ ਅਤੇ ਸਰੀਰ ਨੂੰ ਅਲੱਗ ਨਹੀਂ ਸਨ ਸਮਝਦੇ। ਉਨ੍ਹਾਂ ਦਾ ਮੱਤ ਸੀ ਕਿ ਮਨੁੱਖ ਦੀ ਮੌਤ ਉਪਰੰਤ ਉਸ ਦੇ ਚੰਗੇ, ਮਾੜੇ ਕੰਮ ਹੀ ਉਸ ਦੇ ਨਿਸ਼ਾਨ ਹੁੰਦੇ ਹਨ। ਉਹ ਮਨੁੱਖ ਦੇ ਆਵਾਗਵਣ ਦੇ ਚੱਕਰ ਅਤੇ ਕਰਮ ਸਿਧਾਂਤ ਅਨੁਸਾਰ ਪੁਨਰ-ਜਨਮ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ। ਉਨ੍ਹਾਂ ਨੇ ਆਪਣੇ ਸ਼ਬਦਾਂ ਵਿਚ, "ਮੌਤ ਨੂੰ ਮੈਂ ਇਕ ਅਫ਼ਸੋਸਨਾਕ ਹਕੀਕਤ ਸਮਝਦਾ ਹਾਂ, ਜਿਸ ਉਪਰ ਹੋ ਸਕਦਾ ਹੈ ਕਿਸੇ ਦਿਨ ਸਾਇੰਸ ਕਾਬੂ ਪਾ ਲਵੇ। ਮੈਂ ਸਰੀਰ ਅਤੇ ਆਤਮਾ ਨੂੰ ਵੱਖੋ ਵੱਖ ਨਹੀਂ ਮੰਨਦਾ। ਇਸ ਲਈ ਮੇਰੇ ਵਿਚਾਰ ਵਿਚ ਮਰਨ ਪਿੱਛੋਂ ਵਿਅਕਤੀ ਪੂਰੀ ਤਰ੍ਹਾਂ ਖ਼ਤਮ ਹੋ ਜਾਂਦਾ ਹੈ। ਮੇਰਾ ਕਿਸੇ ਅਗਲੀ ਦੁਨੀਆ ਜਾਂ ਪੁਨਰ ਜਨਮ ਵਿਚ ਵਿਸ਼ਵਾਸ ਨਹੀਂ।[8]

ਬਲਰਾਜ ਸਾਹਨੀ ਦਾ ਵਿਚਾਰ ਸੀ ਕਿ ਮਨੁੱਖ ਨੂੰ ਆਪਣੇ ਕਿੱਤੇ ਦੀਆਂ ਉਚਾਈਆਂ ਤੇ ਪਹੁੰਚ ਕੇ ਲੋਕਾਂ ਵਲੋਂ ਬੇਮੁੱਖ ਨਹੀਂ ਹੋਣਾ ਚਾਹੀਦਾ ਹੈ, ਇਹ ਸ਼ੁਹਰਤ ਤਾਂ ਚਾਰ ਦਿਨਾਂ ਲਈ ਹੁੰਦੀ ਹੈ। ਮਨੁਖ ਦੀ ਅਸਲੀ ਥਾਂ ਤਾਂ ਲੋਕਾਂ ਨੇ ਹੀ ਨਿਸ਼ਚਿਤ ਕਰਨੀ ਹੁੰਦੀ ਹੈ। ਬਲਰਾਜ ਸਾਹਨੀ ਦੀ ਅਜਿਹੀ ਭਾਵਨਾ ਨੇ ਹੀ ਉਨ੍ਹਾਂ ਨੂੰ ਲੋਕਾਂ ਦਾ ਮਹਿਰੂਮ

ਅਭਿਨੇਤਾ ਬਣਾਇਆ। ਉਹ ਜਦ ਵੀ ਲੋਕਾਂ ਨੂੰ ਬਾਜ਼ਾਰ ਜਾਂ ਕਿਸੇ ਆਮ ਥਾਂ ਤੇ ਮਿਲਦੇ ਤਾਂ ਮੁਸਕਰਾਹਟ ਛੱਡਦੇ ਜਾਂਦੇ, ਉਨਾਂ ਨਾਲ ਰੁਕ ਰੁਕ ਕੇ ਗੱਲਾਂ ਕਰਦੇ, ਲੋਕ ਉਨ੍ਹਾਂ ਨੂੰ ਆਪਣੇ ਵਿਚੋਂ ਸਮਝਦੇ, ਉਨ੍ਹਾਂ ਨੂੰ ਰੱਜਵਾਂ ਪਿਆਰ, ਸਤਿਕਾਰ ਦੇਂਦੇ ਅਤੇ ਉਨ੍ਹਾਂ ਪਲਾਂ ਨੂੰ ਆਪਣੀ ਜ਼ਿੰਦਗੀ ਦਾ ਅਭੁੱਲ ਭਾਗ ਬਣਾ ਲੈਂਦੇ।

ਬਲਰਾਜ ਸਾਹਨੀ ਦਾ ਮੱਤ ਸੀ ਕਿ ਮਨੁੱਖ ਨੂੰ ਆਪਣੀ ਮਾਤ-ਭਾਸ਼ਾ ਨਾਲ ਦਿਲੀ ਲਗਾਉ ਹੋਣਾ ਚਾਹੀਦਾ ਹੈ ਪਰ ਹੋਰਨਾਂ ਭਾਸ਼ਾਵਾਂ ਬਾਰੇ ਗਿਆਨ ਪ੍ਰਾਪਤ ਕਰਨ ਤੋਂ ਇਨਕਾਰੀ ਨਹੀਂ ਹੋਣਾ ਚਾਹੀਦਾ। ਜਿੰਨ੍ਹੇ ਵਧੀਆ ਅਤੇ ਸੁਭਾਵਕ ਢੰਗ ਨਾਲ ਕੋਈ ਲੇਖਕ ਆਪਣੀ ਮਾਤ-ਭਾਸ਼ਾ ਰਾਹੀਂ ਆਪਣੇ ਉਦਗਾਹਾਂ ਦਾ ਪ੍ਰਗਟਾਵਾ ਕਰ ਸਕਦਾ ਹੈ ਉਹ ਕਿਸੇ ਹੋਰ ਭਾਸ਼ਾ ਰਾਹੀਂ ਨਹੀਂ ਕਰ ਸਕਦਾ। ਬਲਰਾਜ ਸਾਹਨੀ ਨੂੰ ਕਈ ਭਾਸ਼ਾਵਾਂ ਬਾਰੇ ਗਿਆਨ ਸੀ ਪਰ ਉਨ੍ਹਾਂ ਨੇ ਆਪਣੇ ਵਿਚਾਰਾਂ ਦੇ ਪ੍ਰਗਟਾਉਂਦੇ ਮਾਧਿਅਮ ਲਈ ਆਪਣੀ ਮਾਂ-ਬੋਲੀ ਪੰਜਾਬੀ ਨੂੰ ਹੀ ਚੁਣਿਆ। ਭਾਵੇਂ ਇਹ ਪ੍ਰੇਰਨਾ ਉਨ੍ਹਾਂ ਨੂੰ ਰਾਬਿੰਦਰ ਨਾਥ ਟੈਗੋਰ ਕੋਲੋਂ ਮਿਲੀ ਸੀ। ਉਨ੍ਹਾਂ ਨੇ ਪੰਜਾਬੀ ਵਿਚ ਸਫ਼ਰਨਾਮੇ, ਨਿਬੰਧ, ਨਾਟਕ ਕਵਿਤਾ, ਸੰਸਮਰਣ ਆਦਿ ਲਿਖ ਕੇ ਪੰਜਾਬੀ ਸਾਹਿਤ ਵਿਚ ਆਪਣਾ ਵਿਲੱਖਣ ਸਥਾਨ ਬਣਾਇਆ। ਪੰਜਾਬ ਦੀ ਮਿੱਟੀ ਦੀ ਮਹਿਕ ਲਈ ਉਨ੍ਹਾਂ ਨੂੰ ਵਿਸ਼ੇਸ਼ ਖਿੱਚ ਸੀ, ਉਨ੍ਹਾਂ ਨੂੰ ਪੰਜਾਬ ਦੀ ਜੂਹ ਵਿਚ ਪਹੁੰਚ ਕੇ ਆਪਣਾ ਆਪਾ ਖਿੜਿਆ ਖਿੜਿਆ ਜਾਪਦਾ ਸੀ, ਉਹ ਪੰਜਾਬ ਦੇ ਖੂਹਾਂ ਤੇ ਢਾਣੀਆਂ ਬਣਾ ਕੇ ਬੈਠਦੇ ਅਤੇ ਪੰਜਾਬੀ ਲੋਕਗੀਤ, ਲੋਕ ਬੋਲੀਆਂ ਅਤੇ ਕਵਿਤਾਵਾਂ ਸੁਣ ਬਹੁਤ ਖੁਸ਼ ਹੁੰਦੇ। ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਨਾਲ ਡਾਢਾ ਮੋਹ ਸੀ। ਏਸੇ ਕਰਕੇ ਉਨ੍ਹਾਂ ਨੂੰ ਬਿਨਾਂ ਕੰਮ ਤੋਂ ਵੀ ਬੰਬਈਉ, ਪੰਜਾਬ ਆਉਣ ਦੀ ਖਿਚ ਰਹਿੰਦੀ।

ਬਲਰਾਜ ਸਾਹਨੀ ਆਪਣੀ ਉਸਾਰੂ ਸੋਚ ਸਦਕਾ ਹਰਮਨ-ਪਿਆਰੇ ਸਨ, ਉਹ ਆਪਣੇ ਅਗਾਂਹ ਵਧੂ ਵਿਚਾਰਾਂ ਕਾਰਨ ਲੋਕ-ਹਿਰਦਿਆਂ ਵਿਚ ਵਿਸ਼ੇਸ਼ ਸਥਾਨ ਬਣਾ ਚੁੱਕੇ ਸਨ। ਉਨ੍ਹਾਂ ਨੇ ਸਮਾਜਵਾਦੀ ਨਿਜ਼ਾਮ ਦੀ ਹਾਮੀ ਭਰ ਕੇ ਜਨ ਸਾਧਰਣ ਦਾ ਦਿਲ ਜਿੱਤ ਲਿਆ, ਉਹ ਦੰਗਾ ਪੀੜਤਾਂ ਅਤੇ ਦਰਦਮੰਦਾਂ ਦੀ ਮਦਦ ਕਰਕੇ ਉਨ੍ਹਾਂ ਲਈ ਮਸੀਹ ਸਨ, ਉਹ ਰੱਬ ਵਿਚ ਵਿਸ਼ਵਾਸ ਨਾ ਰੱਖਣ ਵਾਲੇ ਸਨ ਪਰ ਉਨ੍ਹਾਂ ਦੇ ਦਿਲ ਵਿਚ ਆਪਣੇ

ਵਡੇਰਿਆਂ ਅਤੇ ਹੋਰ ਆਦਰਸ਼ਕ ਵਿਅਕਤੀਆਂ ਬਾਰੇ ਅਥਾਹ ਸ਼ਰਧਾ ਤੇ ਸਤਿਕਾਰ ਸੀ। ਉਹ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ ਅਤੇ ਇਨਸਾਨੀਅਤ ਨੂੰ ਤਹਿ ਦਿਲੋਂ ਪਿਆਰ ਕਰਦੇ ਸਨ। ਉਨ੍ਹਾਂ ਦੀ ਹਾਂ ਪੱਖੀ ਸੋਚ ਉਨ੍ਹਾਂ ਨੂੰ ਇਕ ਸਫ਼ਲ ਅਕਰਮੀ, ਇਕ ਲੋਕ-ਪ੍ਰਿਯ ਫ਼ਿਲਮੀ ਅਭਿਨੇਤਾ, ਇਕ ਸਥਾਪਤ ਸਾਹਿਤਕਾਰ ਅਤੇ ਹਰ ਦਿਲ ਅਜ਼ੀਜ਼ ਸਮਾਜ ਸੇਵਕ ਵਜੋਂ ਅਮਰ ਰੱਖੇਗੀ।

ਹਵਾਲੇ

1. "He came to the party seeking for leadership in the tasks facing our Country, in the service of our people, and to uplift them, enlighten them, and move them into action. The light of Socialism he never gave up. and held it fast, used it as best as he could for sheer Spiritual subtenance and to give content to his inspiration." P.C. Joshi, Balraj Sahni An Intimate Portrait, Balraj Damyanti Sahni Memorial Trust, New Delhi, 1974, Page, 88.
2. ਬਲਰਾਜ ਸਾਹਨੀ, ਯਾਦਾਂ ਦਾ ਝਰੋਖਾ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, ਪਹਿਲੀ ਵਾਰ ਅਪ੍ਰੈਲ 1974, ਪੰਨਾ 75.
3. ਅਮਰਜੀਤ ਸਿੰਘ ਦੀਪਕ, ਬਲਰਾਜ ਬਿਨਾਂ ਹੁਣ ਕਾਹਦੇ ਮੇਲੇ, ਨਵਯੁਗ ਪਬਲਿਸ਼ਰਜ਼ ਚਾਂਦਨੀ ਚੌਂਕ, ਦਿੱਲੀ 1992, ਪੰਨਾ, 115.
4. "If you go for one day, the sufferers think that you have come on a sightseeing tour of their suffering." Quoted by Bhisham Sahni, Balraj My Brother, National Book Trust, India, New Delhi, 1981, Page 144.
5. ਅਮਰਜੀਤ ਸਿੰਘ ਦੀਪਕ, ਬਲਰਾਜ ਬਿਨਾਂ ਹੁਣ ਕਾਹਦੇ ਮੇਲੇ, ਨਵਯੁਗ ਪਬਲਿਸ਼ਰਜ, ਚਾਂਦਨੀ ਚੌਕ ਦਿੱਲੀ,1992 ਪੰਨਾ 94.
6. "The Direction which he had sought in the communist party he could not get and he sadely discovered that it could not help him. He did not blame the party but humbly took it all on

himself. His usual Comment was that he was too weak for the party. Thus, he became lovely. A lovely instead of a collective life, has its own limitations, and one can advance up to a point but not beyond. This was demonstrated in Balraj's own life. He had literary and theatrical talent and had choosen to work in the cultural field. Through his tireless efforts and with his unquestioned talents he reached the heights in the theatre, Cinema and literary fields." P.C. Joshi, Balraj Sahni- An Intimate portrait Balraj Damyanti Sahni Memorial Trust, New Delhi, 1974, Page, 88.

7. "If we want Socialism in our country we have firstly to drive out the fear of money, position and power from the minds of our people. Are we doing anything in that direction? In our Society today who is respected most the man with talent or the man with money? who is admired most-the man with talent or the man with power? Can we ever hope to usher in Socialism under such conditions? Before Socialism can come we have to create an atmosphere in which possession of wealth and riches should invite disrespect rather than respect. We have to create an atmosphere in which the highest respect is given to labour whether it be physical or mental, to talent, to skill, to art and to inventiveness. This requires new thinking, and the courege to discard old ways of thinking. Are we anywhere near this revolution of the mind ?" Quoted by P.C. Joshi, Balraj Sahni-An Intimate Portrait, Balraj- Damyanti Sahni Memorial Trust, New Delhi, 1974, Pages127-128.

8. ਬਲਰਾਜ ਸਾਹਨੀ, ਯਾਦਾਂ ਦਾ ਝਰੋਖਾ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਪਹਿਲੀ ਵਾਰ: ਅਪ੍ਰੈਲ 1974, ਪੰਨੇ 75-76

ਬਲਰਾਜ ਸਾਹਨੀ ਦੀਆਂ ਕੁਝ ਚੋਣਵੀਆਂ ਰਚਨਾਵਾਂ

ਬਲਰਾਜ ਸਾਹਨੀ ਨੇ ਅੰਗ੍ਰਜ਼ੀ, ਹਿੰਦੀ ਅਤੇ ਪੰਜਾਬੀ ਵਿਚ ਸਾਹਿਤ ਰਚਨਾ ਕੀਤੀ। ਉਨ੍ਹਾਂ ਨੇ ਕਵਿਤਾ, ਕਹਾਣੀ, ਨਿਬੰਧ, ਨਾਟਕ ਅਤੇ ਸਫ਼ਰਨਾਮਾ ਵਿਧਾ ਨੂੰ ਆਪਣੇ ਭਾਵਾਂ/ ਵਿਚਾਰਾਂ ਦੀ ਅਭਿਵਿਅਕਤੀ ਦਾ ਮਾਧਿਅਮ ਬਣਾਇਆ। ਉਹ ਡਾਇਰੀ ਲੇਖਕ ਵੀ ਸਨ ਅਤੇ ਆਤਮ ਕਥਾਕਾਰ ਵੀ। ਉਨ੍ਹਾਂ ਨੇ ਆਪਣੀ ਕਲਮ ਦਾ ਸਫ਼ਰ ਅੰਗ੍ਰਜ਼ੀ ਵਿਚ ਕਵਿਤਾਵਾਂ ਲਿਖ ਕੇ ਸ਼ੁਰੂ ਕੀਤਾ, ਫੇਰ ਹਿੰਦੀ ਵਿਚ ਕਹਾਣੀਆਂ ਲਿਖਦੇ ਰਹੇ ਪਰ ਉਨ੍ਹਾਂ ਨੇ ਗੁਰੂਦੇਵ ਰਾਬਿੰਦਰ ਨਾਥ ਟੈਗੋਰ ਦੇ ਕਹਿਣ ਤੇ ਆਪਣੀ ਮਾਤ-ਭਾਸ਼ਾ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ ਅਤੇ ਆਪਣੇ ਜੀਵਨ ਦੇ ਅੰਤਲੇ ਦਿਨਾਂ ਤੱਕ ਪੰਜਾਬੀ ਵਿਚ ਲਿਖਦੇ ਰਹੇ। ਉਨ੍ਹਾਂ ਦੀਆਂ ਕੁਝ ਰਚਨਾਵਾਂ ਦੀਆਂ ਵੰਨਗੀਆਂ ਪੇਸ਼ ਹਨ।

They Cry, they moan, they wail for him
For he died and left them;
But I,
I Cheer whilst I sigh, I say,
Sucked in India, child of chains
Thou wert lucky.
For whilst thou lived, than bleeded,
The bindings stressed thee.
But now
High in the regions free thy Soul shall soar
Where no more slavery chains shall reach.
yet onething grieves me, still, Could I
Attain a free liberated yard of sacred earth.
Where thy wretched remains, now slavery-bound
Could lie and freely rest!
But how could that be?
Thou wert a slave,
And for Slaves a quite rest ?
Remember then, my departed brother,

To send thy Soul on earth again if Lord ordains,
Pray, Press for a desert stravd,
Why Come again to a land
Where youth is cold
And honour Sold,
Where heroes bleed
With none to Soothe
Where graves are digged and ploughed,
Where tears are to be Shed in foreign tints,
Larks in the Cages Sing,
The Jail-birds vie,
To make the iron-bars their own!

2

There is a silence, deep, unearthly
But oh, for the far off roar,
of torrents, fateless lovers.
That part to meet no more.
No more to meet the queenly hills
No more to plunge in glory
Only to burst away at night,
From bed so hard and hoary.
Each lovely lamp conceals a shell

To which man's joy or Care.
Creeps; overnight, just moon and Stars
And lamps of blue, the night is fair.
At such an hour I leave my hut,
For a mound of glistening dew
I sit and gaze, afraid of stars
On a twinkling light of blue.

3

A Pen,………………

A sheet of paper,
Lilly white,
And gods descend !

★★★

ਭੁੱਖਾਂ ਲੈ ਕੇ ਚਲਿਆਂ ਰੱਬਾ ਲਾਹਵੀਂ,
ਆਸਾਂ ਦੀ ਟਹਿਣੀ ਤੇ ਫੁੱਲ ਖਿੜਾਵੀਂ।
ਗ਼ੈਰ-ਮੁਲਕੀਏ ਹੋ ਗਏ ਮੇਰੇ ਵਤਨੀ,
ਹੋਰ ਉਹਨਾਂ ਨੂੰ ਨਾ ਹੁਣ ਗ਼ੈਰ ਬਣਾਵੀਂ।

★★★

ਸੱਟਾ ਬਾਜ਼ਾਰ

ਮਾਣਸ ਨੂੰ ਭੌਂਕਾਇਆ ਵਾਂਗਰ ਕੁੱਤਿਆਂ
ਵੇਖੋ ਖਰੀ ਹਕੀਕਤ ਏਸ ਨਿਜ਼ਾਮ ਦੀ
ਨ ਪਲਦਾ ਨਿਤ ਧਰਮ-ਨਿਯਮ ਅਖ਼ਲਾਕ ਦਾ
ਸੁਹਜ, ਪਵਿੱਤਰਤਾ ਤੇ ਸਭਿਆਚਾਰ ਦਾ
ਜੁਗਾਂ-ਜੁਗਾਂ ਤੋਂ ਵਿਗਸੇ ਬੁੱਧ ਗਿਆਨ ਦਾ
ਕੋਮਲ ਕਲਾ ਵਿਭੂਤੀ ਤੇ ਅਨੁਭੂਤੀ ਦਾ ....
ਮਾਣਸ ਨੂੰ ਭੌਂਕਾਇਆ ਵਾਂਗਰ ਕੁੱਤਿਆਂ
ਖਰੀ ਹਕੀਕਤ ਪੂੰਜੀਵਾਦ-ਨਿਜ਼ਾਮ ਦੀ।

★★★

ਦੁਪਾਸੜਾ

ਹਰ ਚੀਜ਼ ਦੁਪਾਸੜੀ

ਹਰ ਸ਼ਖ਼ਸ ਦੁਪਾਸੜਾ
ਅਖ਼ਲਾਕ ਦੁਪਾਸੜਾ
ਇਨਸਾਫ਼ ਦੁਪਾਸੜਾ
ਕਿਰਤ ਦੁਪਾਸੜੀ
ਵਪਾਰ ਦੁਪਾਸੜਾ
ਹਿਸਾਬ ਦੁਪਾਸੜਾ
ਦੁਪਾਸੜੀ ਜ਼ਮੀਰ
ਦੁਪਾਸੜੀ ਆਤਮਾ
ਦੁਪਾਸੜੀ ਦੋਸਤੀ।
ਦੋਗਲਾ ਪਿਆਰ
ਦੋਗ਼ਲੀਆਂ ਜੁਆਨੀਆਂ
ਦੋਗਲੇ ਬੁਢਾਪੇ
ਦੋਗਲੇ ਵੈਣ
ਦੋਗਲੇ ਹਾਸੇ
ਦੋਗ਼ਲੀਆਂ ਸੋਚਾਂ
ਘੁੰਮਣ ਸਿਰ ਵਿਚ ਬਾਰ-ਬਾਰ
ਵੰਡੇ ਹੋਏ ਸਮਾਜ ਵਿਚ
ਪਾਟਿਆ ਹੋਇਆ ਇਨਸਾਨ।

★★★

ਰੱਬਾ, ਤੂੰ ਅਸਤੀਫ਼ਾ ਕਿਉਂ ਨਹੀਂ ਦੇ ਛੱਡਦਾ ?
(ਨਾਗਪੁਰ ਦੇ ਫ਼ਸਾਦਾਂ ਬਾਰੇ ਸੁਣ ਕੇ)

'ਹੇ ਭਗਵਾਨ
ਇਹ ਗੱਲ ਕੀ ਏ ?
ਅੱਬਾਸ, ਕੈਫੀ ਆਜ਼ਮੀ, ਅਲੀ ਸਰਦਾਰ ਜਾਫ਼ਰੀ
ਸਾਹਿਰ ਲੁਧਿਆਣਵੀ, ਫੈਜ਼ ਅਹਿਮਦ ਫ਼ੈਜ਼

ਅਤੇ ਇਨਾਂ ਵਰਗੇ ਅਨੇਕਾਂ
ਮੇਰੇ ਹੋਰ ਅਗਾਂਹ-ਵਧੂ ਦੋਸਤ
ਜਦੋਂ ਵੀ ਮੇਰੇ ਨਾਲ ਮਿਲ ਬੈਠਦੇ ਨੇ
ਕਦੇ ਭੁੱਲ ਕੇ ਵੀ ਮੈਨੂੰ
ਉਹਨਾਂ ਦੇ
ਮੁਸਲਮਾਨ ਜਾਂ ਆਪਣੇ ਹਿੰਦੂ ਹੋਣ ਦਾ
ਅਹਿਸਾਸ ਨਹੀਂ ਹੁੰਦਾ
ਸਗੋਂ ਇਕ ਤਰ੍ਹਾਂ ਤਾਂ ਉਹ ਆਪਣੇ ਘਰ ਦੇ ਜੀਆਂ ਨਾਲੋਂ ਵੀ
ਪਿਆਰੇ ਲਗਦੇ ਨੇ
ਕਿਉਂਕਿ ਉਹਨਾਂ ਨਾਲ ਮੇਰੇ ਖਿਆਲ ਸਾਂਝੇ ਨੇ
ਆਦਰਸ਼ ਸਾਂਝੇ ਨੇ।
'ਅਤੇ ਠੀਕ ਇਸੇ ਤਰ੍ਹਾਂ
ਮੈਂ ਹਿੰਦੂ ਕ੍ਰਿਸ਼ਨ ਚੰਦਰ
ਸਿੱਖ ਰਾਜਿੰਦਰ ਸਿੰਘ ਬੇਦੀ
ਅਛੂਤ ਕਾਮਰੇਡ ਸਾਲਵੀ
ਪਾਰਸੀ ਸੋਲੀ ਬਾਟਲੀਵਾਲਾ
ਈਸਾਈ ਟੀ. ਐਸ. ਜਾਰਜ

ਮਰਾਠਾ ਅਮਰ ਸ਼ੇਖ
ਬੰਗਾਲੀ ਸ਼ੰਭੂ ਮਿੱਤਰਾ
ਆਂਧਰੀ ਟੀ. ਪ੍ਰਕਾਸ਼ ਰਾਓ
ਤਾਮਿਲ ਬਾਲ ਢੰਡਾਯੂਦਮ
ਕੇਰਲੀ ਥੋਪਿਲ ਭਾਸੀ
ਦੇ ਨਾਲ ਵੀ ਮਿਲ ਬੈਠਦਾ ਹਾਂ।
ਲੇਖਕ, ਕਲਾਕਾਰ, ਫਿਲਮਕਾਰ
ਸਭ ਆਪਣੀ ਆਪਣੀ ਥਾਂ ਲੋਕ-ਪ੍ਰਿਯ
ਗੁਣੀ, ਵਿਚਾਰਵਾਨ, ਮਨੁੱਖਤਾ ਦੇ ਆਸ਼ਕ
ਕਿੰਜ ਸਕੇ ਵੀਰਾਂ ਵਾਂਗ ਜੁੜ ਬੈਠਦੇ ਨੇ,
ਹੱਸਦੇ, ਖੇਡਦੇ, ਖਾਂਦੇ, ਪੀਂਦੇ
ਹਰ ਪ੍ਰਕਾਰ ਦੇ 'ਪਰਹੇਜ਼' ਤੇ ਵਿਤਕਰੇ ਤੋਂ ਦੂਰ
ਬੇਖ਼ਬਰ ਸਰਲ, ਬੇਪਰਵਾਹ ਬੱਚਿਆਂ ਵਾਂਗ!
"ਹੇ ਭਗਵਾਨ"

ਕੈਸੀ ਤਾਸੀਰ ਹੈ ਮਾਰਕਸਵਾਦੀ ਇਲਮ ਦੀ
ਕਮਿਊਨਿਸਟ ਵਿਚਾਰਾਂ ਦੀ
ਜਿਨ੍ਹਾਂ ਨਾਲ ਛੋਂਹਦਿਆ ਹੀ
ਪਹਿਲਾਂ ਤਾਂ ਬੰਦਾ ਤੇਰੀ ਹੋਂਦ ਤੋਂ
ਤੇ ਫੇਰ ਹਰ ਪ੍ਰਕਾਰ ਦੇ
ਕੌਮੀ, ਨਸਲੀ,
ਮਜ਼ਬੀ ਵਿਤਕਰੇ ਤੋਂ
ਮੁਕਤ ਹੋ ਜਾਂਦਾ ਏ

ਕੁਲ ਬਨੀ ਨੂੰ ਇਨਸਾਨ ਨੂੰ
ਪਿਆਰ ਕਰਨ ਲਗ ਜਾਂਦਾ ਏ।
"ਹੇ ਭਗਵਾਨ"

ਬੇ-ਮਜਬਾਂ ਅੰਦਰ ਇੰਨਾ ਪਿਆਰ
ਅਤੇ ਮਜਬ ਵਾਲਿਆਂ ਅੰਦਰ
ਏਨਾ ਗੁੱਸਾ, ਏਨਾ ਰੋਹ
ਏਨੀਆਂ ਛੁਰੀਆਂ
ਏਨੇ ਕਤਲ!
"ਕੀ ਇਹ ਕਤਲ
ਤੇਰੀ ਹੋਂਦ ਨੂੰ ਸਾਬਤ ਕਰਨ ਲਈ ਕੀਤੇ ਜਾਂਦੇ ਨੇ ?"
ਜਿਵੇਂ ਮਹਾਂਕਾਲੀ ਨੂੰ ਬਲੀ ਦਿੱਤੀ ਜਾਂਦੀ ਏ
ਜਿਵੇਂ ਈਦ ਦੇ ਦਿਨ ਬੱਕਰੇ ਕੋਹੇ ਜਾਂਦੇ ਨੇ
ਸੰਸਾਰ ਦੇ
ਬਹੁਤ ਸਾਰੇ ਦੇਸ਼ਾਂ ਵਿਚ ਮੈਂ ਘੁੰਮਿਆਂ ਹਾਂ

ਤੇ ਇਕ ਅਜੀਬ ਗੱਲ ਵੇਖੀ ਏ, ਰੱਬਾ
ਜਿਥੇ ਜਿਥੇ ਲੋਕਾਂ ਤੈਨੂੰ ਵਿਸਾਰਿਆ ਏ
ਤੇਰੇ ਵਲੋਂ ਪਿੱਠ ਮੋੜੀ ਏ
ਉਥੇ ਹੀ ਲੋਕ ਜ਼ਿਆਦਾ ਖੁਸ਼ਹਾਲ ਹੋਏ ਨੇ
ਸੁਖੀ ਹੋਏ ਨੇ
ਈਮਾਨਦਾਰ ਹੋਏ ਨੇ
ਉਹਨਾਂ ਅੰਦਰ ਮਨੁੱਖਤਾ ਜਾਗੀ ਏ

ਉਹਨਾਂ ਦੇ ਦਿਲ ਮੋਕ੍ਹਲੇ ਹੋਏ ਨੇ।
ਜੇ ਇਹ ਗੱਲ ਸੱਚ ਏ, ਰੱਬਾ
ਤਾਂ ਤੂੰ ਅਸਤੀਫ਼ਾ ਕਿਉਂ ਨਹੀਂ ਦੇ ਛੱਡਦਾ
“ਮੈਂ ਨਹੀਂ ਦੇਣਾ ਅਸਤੀਫ਼ਾ
ਬੁੱਧ, ਈਸਾ,ਮੁਹੰਮਦ
ਨਾਨਕ, ਜ਼ੋਰੋਸਥਰ
ਮੇਰੇ ਲਾਡਲੇ, ਮੇਰੇ ਪੁੱਤ
ਕੀ ਉਹਨਾਂ ਮਨੁੱਖਤਾ ਨੂੰ ਇਕ ਥਾਂ ਨਹੀਂ ਸੀ ਬਿਠਾਇਆ ?
ਕੀ ਉਹਨਾਂ ਨਹੀਂ ਸੀ
ਜਬਰ ਤੇ ਅਨਿਯਾਂ ਦਾ ਗੜ੍ਹ ਭੰਨਿਆਂ ?
ਕੀ ਉਹਨਾਂ ਨਹੀਂ ਸਨ ਗਾਲ੍ਹਾਂ ਖਾਧੀਆਂ?
ਕੀ ਉਹਨਾਂ ਨਹੀਂ ਸਨ ਤਸੀਹੇ ਜਰੇ ?
ਤੇਰੇ ਮਾਰਕਸ ਦੇ ਆਣ ਤੋਂ ਪਹਿਲਾਂ
ਕੀ ਉਹਨਾਂ ਕੁਝ ਨਹੀਂ ਸੀ ਕਰ ਵਿਖਾਇਆ ?"
"ਪੁਰਾਣੀਆਂ ਗੱਲਾਂ ਛੱਡ, ਰੱਬਾ
ਹੁਣ ਦੀ ਗੱਲ ਕਰ, ਹੁਣ ਦੀ।"
"ਹੁਣ ਦੀ?"
ਹੁਣ ਤੁਸੀਂ ਵੀ ਢਾਓ
ਅਤੇ ਮੈਂ ਵੀ ਢਾਵਾਂ
ਅਨਿਆਂ ਦੇ ਐਰੇ 'ਤੇ ਖੜੀਆਂ
ਨਫ਼ਰਤੀ ਕੰਧਾਂ
ਜਿਨ੍ਹਾਂ ਦੇ ਲੁਟੇਰੇ ਸ਼ਰੀਫ਼
ਤੇ ਰਾਖੇ ਉਜਲੇ।

ਉਡਾਓ ਮੇਰੇ
ਮੰਦਰਾਂ, ਗਿਰਜਿਆਂ, ਗੁਰਦੁਆਰਿਆਂ ਦੇ
ਕਲਸ਼ਾਂ ਅਤੇ ਗੁੰਬਦਾਂ ਤੋਂ
ਮਾਨਸ-ਮਾਸ ਢੂੰਢਦੀਆਂ ਗਿਰਝਾਂ ਦੀਆਂ ਡਾਰਾਂ
ਖਿੱਚੋ ਉਹਨਾਂ ਦੇ ਖੰਭਾਂ ਹੇਠੋਂ
ਪੰਡਤ, ਭਾਈ ਪਾਦਰੀ ਤੇ ਮੁਲਾਣੇ,
ਆਗਿਆਕਾਰੀ ਮੂਰਖ।
ਬਦਲ ਸੁਟੋ
ਹਰ ਪਿਆਰ ਵਿਚ ਜ਼ਹਿਰ ਘੋਲਨ ਵਾਲੇ
ਇਕ ਨੂੰ ਦੂਜੇ ਦੇ ਮੂੰਹੋਂ
ਲੁਕਮਾਂ ਖੋਹਣ ਤੇ ਮਜ਼ਬੂਰ ਕਰਨ ਵਾਲੇ
ਲੋਟੂ ਨਿਜ਼ਾਮ ਦਾ ਢਾਂਚਾ।

ਇਕ ਹੋ ਕੇ ਮੁਕਾਵੋ
ਪਹਿਲਾਂ ਇਹ ਕੰਮ
ਫੇਰ ਮੈਨੂੰ ਕੁਝ ਆਖਿਓ ਜੇ
ਆਪਣੇ ਮਾਰਕਸ ਬਾਬੇ ਨੂੰ ਵੀ ਆਖਿਓ
ਮੈਨੂੰ ਆਖੇ
ਮੈਂ ਝੱਟ ਅਸਤੀਫਾ ਦੇ ਦਿਆਂਗਾ।"

★★★

ਸਿੱਖਿਆ

ਵਿਗਿਆਨੀਆਂ ਦਾ ਕਥਨ ਏ

ਕਿ ਡਰੇ ਹੋਏ ਆਦਮੀ ਦੇ ਸਰੀਰ ਵਿਚੋਂ
ਇਕ ਪ੍ਰਕਾਰ ਦੀ ਬੋ ਨਿਕਲਦੀ ਏ
ਜਿਹਨੂੰ ਕੁੱਤਾ ਝੱਟ ਸੁੰਘ ਲੈਂਦਾ ਏ
ਤੇ ਪੈ ਜਾਂਦਾ ਏ।
ਤੇ ਜੇ ਆਦਮੀ ਨ ਡਰੇ
ਤਾਂ ਕੁੱਤਾ, ਪੂਛ ਹਿਲਾਂਦਾ
ਮਿੱਤਰ ਈ ਨਹੀਂ
ਉਸ ਦਾ ਗ਼ੁਲਾਮ ਵੀ ਬਣ ਜਾਂਦੈ।
ਪਿਆਰੇ
ਜੇ ਜੀਣਾ ਏਂ
ਜੀਵਨ ਨੂੰ ਬਦਲਣਾ ਏਂ
ਤਾਂ ਏਸ ਤੱਤ ਤੋਂ ਲਾਭ ਉਠਾਓ
ਇਸ ਦੀ ਮਹਿਮਾ ਗਾਓ
ਇਹਨੂੰ ਮਨੁੱਖੀ ਪੱਧਰ ਤੇ ਲਿਆਓ
ਜਦੋਂ ਵੀ ਮਨੁੱਖ ਨਾਲ ਭੇਂਟ ਹੋਵੇ
ਭਾਵੇਂ ਉਹ ਕਿਤਨਾ ਵੀ ਮਹਾਨ ਹੋਵੇ
ਕਿਤਨਾ ਹੀ ਪਰਬਲ
ਕਿਤਨਾ ਹੀ ਹਾਕਮ
ਉਤਨੇ ਹੀ ਨਿਡਰ ਹੋ ਜਾਉ
ਜਿਤਨਾ ਕਿ ਕੁੱਤੇ ਤੋਂ।
ਪਿਆਰੇ।
ਜੇ ਡਰੋਗੇ ਤਾਂ ਜਿਸਮ ਵਿਚੋਂ ਬੋ ਨਿਕਲੇਗੀ

ਜਿਸ ਨੂੰ ਉਹ
ਕੁੱਤੇ ਤੋਂ ਵੀ ਵਧ ਛੇਤੀ ਸੁੰਘ ਲਏਗਾ
ਕੁੱਤੇ ਤੋਂ ਵੀ ਵਧ
ਵੱਡਾ ਚੱਕ ਵੱਢੇਗਾ।

ਨਮੋ ਨਮੋ ਮਮ ਜਨਨੀ ਬੰਗ ਭੂਮੀ............... (ਟੈਗੋਰ)
ਏਸ ਤਰ੍ਹਾਂ ਤਾਂ ਨਹੀਂ ਹੀ ਹੋਣਾ, ਏਧਰ ਨਹੀਂ ਸੀ ਜਾਣਾ।
ਹੱਥ ਵਿਚ ਹੱਥ ਪਾ ਲਭ ਲੈਣਾ ਸੀ ਆਪਣਾ ਥਾਂ-ਟਿਕਾਣਾ।
ਭੋਲੇ ਵੀਰਾ ! ਜਾ ਬੈਠੋਂ ਤੂੰ ਖਸਮਾਂ ਵਿਚ ਧਿੰਗਾਣਾ।
ਜਿਥੇ ਵਾ ਹਵਸ ਦੀ ਵੱਗੇ ਖੁੰਡੀਆਂ ਹੋਣ ਪਛਾਣਾਂ ।
ਅੱਲਾ ਅੱਲਾ ਪਈਆਂ ਕੂਕਣ ਗਿਰਝਾਂ ਵਿਚ ਮਸਾਣਾਂ।
ਜਿਨ੍ਹਾਂ ਲੱਜ ਨਾ ਸ਼ਰਮ ਤਿਨਾਂ ਤੇ ਵਾਰੇ ਵਾਰੇ ਜਾਣਾ।
ਹੰਝੂ ਸੁੱਕੇ ਹਉਕੇ ਮੁੱਕੇ, ਇਕੋ ਅਹਿਦ ਨਿਭਾਣਾ।
ਹੱਕ ਦੇ ਵੈਰੀ ਦਾ ਨਾ-ਮੁਸ਼ਕਿਲ ਜੀਂਦਾ ਵਾਪਸ ਜਾਣਾ।

ਮੇਰੀ ਫਿਲਮੀ ਆਤਮਕਥਾ ਚੋਂ ਇਕ ਕਾਂਡ

'ਗੁੰਜੇਲ' ਬੁਰੀ ਤਰ੍ਹਾਂ ਫੇਲ੍ਹ ਹੋਈ। ਅੰਮ੍ਰਿਤ ਲਾਲ ਨਾਗਰ ਫਿਲਮਾਂ ਨੂੰ ਤਿਲਾਂਜਲੀ ਦੇ ਕੇ ਲਖਨਊ ਜਾਂ ਬੈਠੇ, ਤੇ ਆਪਣਾ ਜੀਵਨ ਪੂਰੀ ਤਰ੍ਹਾਂ ਸਾਹਿਤ ਨੂੰ ਅਰਪਣ ਕਰ ਦਿੱਤਾ।

"ਰੀਲੀਜ਼" ਤੇ ਉਹ ਆਏ ਸਨ। ਮੈਨੂੰ ਅੱਜ ਵਾਂਗ ਯਾਦ ਹੈ, ਇਕ ਸ਼ਾਮ ਨਲਿਨੀ, ਵਿਰੇਂਦਰ, ਉਹ ਤੇ ਮੈਂ ਜੂਹੂ ਬੀਚ ਦੀ ਰੇਤ ਉਤੇ ਬੈਠੇ ਹੋਏ ਸਾਂ। ਕਾਫ਼ੀ ਚਿਰ ਏਧਰ ਉਧਰ ਦੀਆਂ ਗੱਲਾਂ ਕਰਦੇ ਰਹੇ। ਉਹਨਾਂ ਨੂੰ ਪਤਾ ਸੀ ਕਿ ਮੈਂ ਆਪਣੀ ਅਦਾਕਾਰੀ ਬਾਰੇ ਉਹਨਾਂ ਦੀ ਰਾਏ ਉਡੀਕ ਰਿਹਾ ਹਾਂ। ਇਸ ਟੋਟੇ ਨੂੰ ਮੁਕਾਉਣ ਲਈ ਉਹਨਾਂ ਐਨਕਾਂ ਵਿਚੋਂ

ਪੁਰਸਕਾਰ ਜਹੇ ਢੰਗ ਨਾਲ ਮੇਰੇ ਵਲ ਘੂਰਦੇ ਹੋਏ ਕਿਹਾ ਬਹੁਤ ਅੱਛੇ ਬਲਰਾਜ ਭਾਈ, ਬਹੁਤ ਅੱਛੇ ! ਕੜਕ ਸਮਾਲੋਚਨਾ ਹਮ ਫਿਰ ਕਭੀ ਕਰੇਂਗੇ।"

ਕਿਤਨਾ ਵੱਡਾ ਪੱਥਰ ਉਹਨਾਂ ਛਾਤੀ ਉਤੇ ਰੱਖ ਕੇ ਇਹ ਕਿਹਾ ਹੋਵੇਗਾ। ਪਰ ਫ਼ਿਲਮਾਂ ਵਿਚ ਜਿਤਨਾ ਚਿਰ ਉਹ ਰਹੇ, ਇਕ ਗੱਲ ਚੰਗੀ ਤਰ੍ਹਾਂ ਜਾਣ ਗਏ ਸਨ ਕਿ ਨਵੇਂ ਤੇ ਅਣਸਿੱਖਸ ਐਕਟਰ ਦੀ ਨੁਕਤਾਚੀਨੀ ਕਦੇ ਨਹੀਂ ਕਰਨੀ ਚਾਹੀਦੀ। ਉਸ ਦਾ ਹੌਂਸਲਾ ਬਹੁਤ ਛੇਤੀ ਟੁੱਟ ਜਾਂਦਾ ਹੈ।

ਮੈਂ ਬਹੁਤ ਵਾਰੀ ਆਪਣੇ ਆਪ ਤੋਂ ਪੁਛਿਆ ਹੈ ਜੇ ਉਹ ਖਰੀ ਖਰੀ ਸੁਣਾ ਦੇਂਦੇ, ਤਾਂ ਕੀ ਮੇਰੇ ਲਈ ਚੰਗਾ ਹੁੰਦਾ ਜਾਂ ਬੁਰਾ ? ਪਰ ਮੈਨੂੰ ਇਸ ਦਾ ਜਵਾਬ ਨਹੀਂ ਮਿਲਿਆ। ਹਾਂ, ਪਰ ਉਹਨਾਂ ਦਾ ਉਹ ਵਾਕ ਲਗਾਤਾਰ ਮੇਰੇ ਮਨ ਵਿਚ ਰੜਕਦਾ ਰਿਹਾ। ਆਪਣੇ ਆਪ ਨੂੰ ਬਥੇਰਾ ਧੋਖਾ ਦੇਂਦਾ ਸਾਂ, ਪਰ ਦਿਲ ਦੀ ਕਿਸੇ ਨੁੱਕਰ ਦਾ ਮੈਨੂੰ ਪਤਾ ਸੀ ਕਿ ਮੇਰੇ ਕੰਮ ਵਿਚ ਨੁਕਸ ਸਨ। ਉਹ ਕੀ ਸਨ ? ਸ਼ਸ਼ੋਪੰਜ ਵਿਚ ਪਏ ਰਹਿਣ ਨਾਲੋਂ ਚੰਗਾ ਸੀ ਕਿ ਉਸ ਵੇਲੇ ਮੈਨੂੰ ਕੋਈ ਦੱਸ ਈ ਛੱਡਦਾ।

ਨਾਗਰ ਜੀ ਨੇ ਜਦੋਂ ਵੀ ਕਿਤੇ ਮੇਰੇ ਬਾਰੇ ਕੁਝ ਲਿਖਿਆ ਜਾਂ ਆਖਿਆ ਹੈ, ਇਹ ਅਫ਼ਸੋਸ ਜ਼ਰੂਰ-ਜਾਹਰ ਕੀਤਾ ਹੈ ਕਿ ਫਿਲਮਾਂ ਨੇ ਇਕ ਸਾਹਿਤਕਾਰ ਖੋਹ ਲਿਆ ਹੈ। ਮੈਂ ਆਪ ਇਸ ਗੱਲ ਨੂੰ ਸਵੀਕਾਰਦਾ ਹਾਂ, ਮੇਰੀ ਅੰਤਰੀਵ ਰੀਝ ਸਾਹਿਤ ਹੀ ਰਹੀ ਹੈ ਫੇਰ ਵੀ, ਮੈਂ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਨਾਗਰ ਜੀ ਦਾ ਫਿਲਮਾਂ ਛਡ ਜਾਣਾ ਪੂਰੀ ਤਰ੍ਹਾਂ ਠੀਕ ਸੀ, ਜਾਂ ਮੇਰਾ ਛੱਡ ਕੇ ਨਾ ਜਾਣਾ ਪੂਰੀ ਤਰ੍ਹਾਂ ਗਲਤ ਸੀ। ਮੈਂ ਨਹੀਂ ਜਾਣਦਾ ਕਿ ਸਾਹਿਤ ਦੇ ਮੈਦਾਨ ਵਿਚ ਮੈਂ ਕੀ ਕਰ ਵਿਖਾਉਂਦਾ। ਪਰ ਫਿਲਮਾਂ ਰਾਹੀਂ ਮੈਂ ਅਦਾਕਾਰੀ ਦਾ ਹੁਨਰ ਸਿਖਿਆ, ਇਕ ਐਕਟਰ ਦਾ ਅਤਿ-ਵਚਿੱਤਰ ਤੇ ਅਤਿ-ਸੁਖਾਵੀ ਮਾਨਸਿਕ ਦੁਨੀਆ ਦਾ ਸੁਆਦ, ਚੱਖਿਆ ਇਹ ਵੀ ਇਕ ਪ੍ਰਾਪਤੀ ਹੈ।

ਵੇਖਦਿਆਂ ਵੇਖਦਿਆਂ ਨਲਿਨੀ ਜੈਵੰਤ ਚੋਟੀ ਦੀ ਅਦਾਕਾਰ ਬਣ ਗਈ। ਮਾਟੂੰਗੇ ਵਾਲਾ ਇਕ ਕਮਰੇ ਦਾ ਫ਼ਲੈਟ ਉਹਨਾਂ ਛੱਡ ਦਿਤਾ ਜਿਥੇ ਸਾਰੇ ਦਿਨ ਵੀ ਸ਼ੂਟਿੰਗ ਮਗਰੋਂ

ਨਲਿਨੀ ਆਪਣੇ ਹੱਥ ਨਾਲ ਖਾਣਾ ਪਕਾਉਂਦੀ ਸੀ, ਤੇ ਪਤੀ-ਪਤਨੀ ਬਹਿ ਕੇ ਇਕੋ ਥਾਲੀ ਵਿਚ ਖਾਂਦੇ ਸਨ। ਉਹਨਾਂ ਦੇ ਇਸ ਨਿੱਕੇ ਜਿਹੇ ਅਪੂਰਨ ਆਲ੍ਹਣੇ ਵਿਚੋਂ ਮੈਨੂੰ ਵੀ ਬੜਾ ਆਨੰਦ ਮਿਲਿਆ ਕਰਦਾ ਸੀ। ਪਰ ਹੁਣ ਉਹਨਾਂ ਚੈਂਬੂਰ ਵਿਚ ਬੜਾ ਵਧੀਆ ਬੰਗਲਾ ਬਣਾ ਲਿਆ ਸੀ। ਸਜਾਵਟ ਉਪਰ ਪੈਸਾ ਪਾਣੀ ਵਾਂਗ ਵਗਿਆ ਸੀ, ਜੋ ਕਿ ਫ਼ਾਲਤੂ ਪੈਸੇ ਸੀ ਬਹੁਲਤਾ ਕਾਰਨ, ਕਾਮਯਾਬ ਫ਼ਿਲਮੀ ਹਸਤੀਆਂ ਦੀ ਆਮ ਆਦਤ ਹੈ। ਮੈਂ ਕਦੇ ਕਦੇ ਉਹਨਾਂ ਨੂੰ ਮਿਲਣ ਚਲਾ ਜਾਂਦਾ । ਹੁਣ ਵੀ ਦੋਵੇਂ ਮੈਨੂੰ ਬੜੇ ਪਿਆਰ ਨਾਲ ਮਿਲਦੇ। ਵਿਰੇਂਦਰ ਬੜੇ ਚਾਅ ਨਾਲ ਮੈਨੂੰ ਆਪਣੀ ਘਰੇਲੂ ਸੰਪਤੀ ਦੀਆਂ ਖ਼ਾਸ ਖ਼ਾਸ ਚੀਜ਼ਾਂ ਵਿਖਾਉਂਦਾ। ਪਰ ਮੈਨੂੰ ਉਸ ਦੇ ਚਿਹਰੇ ਉਤੇ ਪਹਿਲਾਂ ਵਾਲਾ ਸੁਖ-ਸੰਤੋਖ ਨਹੀਂ ਸੀ ਦਿਸਦਾ। ਦਿਨ ਬਦਿਨ ਉਹਨਾਂ ਕੋਲ ਪੈਸਾ ਵਧਦਾ, ਤੇ ਪਿਆਰ ਘਟਦਾ ਗਿਆ ਲੜਾਈ ਝਗੜੇ ਹੋਣੇ ਸ਼ੁਰੂ ਹੋ ਗਏ। ਫੇਰ, ਉਹ ਅਲੱਗ ਹੋ ਗਏ। ਕਦੇ ਕਦੇ ਮੈਂ ਬਸ- ਸਟਾਪਾਂ ਉਤੇ ਵਿਰੇਂਦਰ ਨੂੰ ਲਾਈਨ ਵਿਚ ਖੜ੍ਹਾ ਵੇਖਦਾ, ਤੇ ਮੂੰਹ ਦੂਜੇ ਪਾਸੇ ਕਰਕੇ ਲੰਘ ਜਾਂਦਾ। ਨਾਕਾਮੀਆਂ ਤੇ ਜ਼ਮਾਨੇ ਦੀਆਂ ਠੋਕਰਾਂ ਨਾਲ ਬੇਹਾਲ ਹੋਇਆ ਵਿਰੇਂਦਰ ਅੰਤ ਇਸ ਦੁਨੀਆ ਤੋਂ ਕੂਚ ਕਰ ਗਿਆ।

ਸ਼ਾਮ ਮਰਹੂਮ ਨੇ ਵੀ ਏਸੇ ਗਵਾਂਢ ਵਿਚ ਆਪਣਾ ਬੰਗਲਾ ਬਣਾਇਆ ਸੀ, ਤੇ ਇਕ ਦਿਨ ਖ਼ਬਰ ਮਿਲੀ ਕਿ ਆਊਟਡੋਰ ਸ਼ੂਟਿੰਗ ਕਰਦਿਆਂ ਉਹ ਘੋੜੇ ਤੋਂ ਡਿੱਗ ਕੇ ਮਰ ਗਿਆ ਸੀ। ਬੜਾ ਦੁੱਖ ਹੋਇਆ ਸੁਣ ਕੇ। ਸ਼ਾਮ ਵੀ ਰਾਵਲਪਿੰਡੀ ਦਾ ਸੀ, ਤੇ ਸਾਡੇ ਪਰਿਵਾਰਾਂ ਦਾ ਆਪਸ ਵਿਚ ਪਿਆਰ ਸੀ। ਉਹ ਮੇਰੀ ਬੜੀ ਇੱਜ਼ਤ ਕਰਦਾ ਸੀ।

ਮਾਤਮ ਪੁਰਸੀ ਲਈ ਮੈਂ ਘਰੋਂ ਨਿਕਲ ਗਿਆ। ਪਰ ਉਸ ਦਿਨ ਮੇਰੀ ਮੋਟਰ ਸਾਈਕਲ ਦਾ ਡਰਾਈਵਰ ਨਹੀਂ ਸੀ ਆਇਆ। ਇਹ ਵੀ ਬਜ਼ਾਤੇ-ਖ਼ੁਦ ਇਕ ਦਿਲਚਸਪ ਕਿੱਸਾ ਹੈ। ਮੋਟਰ ਲਈ ਡਰਾਈਵਰ ਰੱਖਣਾ ਆਮ ਗੱਲ ਹੈ, ਪਰ ਮੋਟਰ ਸਾਈਕਲ ਲਈ ਡਰਾਈਵਰ ਰਖਣ ਵਾਲਾ ਮੈਂ ਇਤਿਹਾਸ ਵਿਚ ਸ਼ਾਇਦ ਪਹਿਲਾ ਆਦਮੀ ਸਾਂ।

ਮੈਂ ਆਪਣੇ ਤਜ਼ਰਬੇ ਤੋਂ ਬਹੁਤ ਜਲਦੀ ਸਿੱਖ ਗਿਆ ਸਾਂ ਕਿ ਕਿਸੇ ਫਿਲਮ ਸਟੂਡੀਓ ਦੇ ਫ਼ਾਟਕ ਵਿਚ ਦਾਖ਼ਲ ਹੋਣਾ ਅਪਮਾਨ ਦੀ ਗੱਲ ਹੈ। ਦਰਬਾਨਾਂ ਤੇ

ਪਹਿਰੇਦਾਰਾਂ ਨੂੰ ਪੈਦਲੀਆਂ ਨਾਲ ਬੁਰਾ ਸਲੂਕ ਕਰ ਕੇ ਬਹੁਤ ਮਜ਼ਾ ਆਉਂਦਾ ਹੈ। ਕਾਮੀਡੀਅਨ ਦੀਖਸ਼ਤ, ਬੀਤੇ ਅਪਮਾਨਾਂ ਦੀ ਯਾਦ ਵਿਚ, ਸਟੂਡੀਊ ਵਿਚ ਦਾਖ਼ਲ ਹੋਣ ਵੇਲੇ, ਮੋਟਰ ਤੋਂ ਉਤਰ ਕੇ ਦਰਬਾਨ ਨੂੰ ਪ੍ਰਣਾਮ ਕਰਦੇ ਹੁੰਦੇ ਸਨ।

ਇਕ ਦਿਨ ਮੇਰੇ ਮਿੱਤਰ ਮਾਮਾ ਫੰਸਾਲਕਰ ਨੇ ਮੈਨੂੰ ਦੱਸਿਆ ਕਿ ਵੀ. ਸ਼ਾਂਤਾ ਰਾਮ ਦੇ ਛੋਟੇ ਵੀਰ, ਅਵਧੁਤ ਕੋਲ ਇਕ ਨਵੀਂ ਨਕੋਰ ਪੰਜ ਹਾਰਸਪਾਵਰ ਏ.ਜੇ.ਐਸ. ਮੋਟਰ ਸਾਈਕਲ ਹੈ, ਜਿਸ ਨੂੰ ਉਹ ਵੇਚਣਾ ਚਾਹੁੰਦਾ ਹੈ। ਕਿਸੇ ਨਾ ਕਿਸੇ ਤਰ੍ਹਾਂ ਪੈਸਾ ਬਟੋਰ ਕੇ ਮੈਂ ਉਹ ਖਰੀਦ ਲਈ। ਪਰ ਸੰਤਾਨ ਦੇ ਚਰਖੇ ਨੂੰ ਚਲਾਵੇ ਕੌਣ। ਉਹਨੂੰ ਵੇਖ ਕੇ ਡਰ ਲਗਦਾ ਸੀ, ਚਲਾਉਣ ਦੀ ਤਾਂ ਗੱਲ ਵਖਰੀ ਰਹੀ। ਮਾਮਾ ਨੂੰ ਚਲਾਉਣੀ ਆਉਂਦੀ ਸੀ, ਤੇ ਚਲਾਉਣ ਦਾ ਸ਼ੌਂਕ ਵੀ ਸੀ। ਹੈ ਵੀ ਉਹ ਉਦੋਂ ਬੇ-ਸਰੋ-ਸਾਮਾਨ ਸੀ। ਖ਼ਵਾਜਾ ਅਹਿਮਦ ਲੱਬਾਸ ਦਾ ਅਸਿਸਟੈਂਟ ਬਣ ਕੇ ਇਕ ਪਿਕਚਰ ਲਈ ਲਾਹੌਰ ਗਿਆ ਸੀ ਪਰ ਵਾਪਸ ਆ ਕੇ ਉਹਨੂੰ ਕੋਈ ਕੰਮ ਨਹੀਂ ਸੀ ਮਿਲਿਆ। ਹਾਲ ਦੀ ਘੜੀ ਮੈਂ ਉਹਨੂੰ ਮੋਟਰ ਸਾਈਕਲ ਉਤੇ ਹੀ ਲਗਾ ਦਿਤਾ। ਉਹ ਚਲਾਉਂਦਾ, ਮੈਂ ਪਿਛੇ ਬੈਠਦਾ। ਬਦਲੇ ਵਿਚ ਉਹ ਮੇਰੇ ਘਰ ਰੋਟੀ ਖਾ ਛਡਦਾ, ਸੌਂ ਛਡਦਾ।

ਉਸ ਦਿਨ ਉਹ ਕਿਸੇ ਕਾਰਨ ਨਹੀਂ ਸੀ ਆਇਆ। ਮੈਨੂੰ ਬੱਸ ਉਤੇ ਬਹਿ ਕੇ ਜਾਣਾ ਪਿਆ। ਚੈਂਬੂਰ ਦਾ ਰਾਹ ਓਦੋਂ ਬੜਾ ਉਘੱੜ ਦੁੱਘੜਾ ਜਿਹਾ ਸੀ । ਸਾਇਨ ਬੱਸ ਬਦਲ ਕੇ ਜਦੋਂ ਮੈਂ-ਦੂਜੀ ਉਤੇ ਸਵਾਰ ਹੋਇਆ, ਤਾਂ ਸਾਹਮਣੇ ਸੀਟ ਉਤੇ ਇਕ ਵਾਕਫ਼ਕਾਰ ਤੀਵੀਂ ਨੂੰ ਵੇਖਿਆ। ਉਹਨੇ 'ਗੁੜੀਆ' ਵਿਚ ਦਮੋ ਦੀ ਸਹੇਲੀ ਦਾ ਰੋਲ ਕੀਤਾ ਸੀ। ਸੀ ਵੀ ਉਹ ਪਿੰਡੀ ਦੀ। ਮੁਸਲਮਾਨ ਤੀਵੀਂ ਸੀ। ਛੋਟੀ ਆਰਟਿਸਟ ਸੀ, ਪਰ ਦਮੋ ਨੂੰ ਇਹਨਾਂ ਗੱਲਾਂ ਦਾ ਕੋਈ ਖ਼ਿਆਲ ਨਹੀਂ ਹੁੰਦਾ। ਉਹ ਉਹਦੇ ਨਾਲ ਬੜਾ ਚੰਗਾ ਸਲੂਕ ਕਰਦੀ ਸੀ, ਤੇ ਉਹਦੀ ਚੰਗੀ ਖ਼ਾਸੀ ਸਹੇਲੀ ਬਣ ਗਈ ਸੀ।

ਮੈਂ ਉਹਨੂੰ ਬੜੇ ਪ੍ਰੇਮ ਨਾਲ ਹੱਥ ਜੋੜ ਕੇ ਨਮਸਤੇ ਕੀਤੀ ਪਰ ਉਹਨੇ ਮੈਨੂੰ ਵੇਖਦਿਆਂ ਹੀ ਅੱਖਾਂ ਫੇਰ ਲਈਆਂ। ਜਦੋਂ ਮੈਂ ਚੈਂਬੂਰ ਯੂਨੀਅਨ ਪਾਰਕ ਪੁਜਿਆ, ਤਾਂ ਭੀੜਾਂ ਦਾ ਅੰਤ ਨਹੀਂ ਸੀ। ਧੱਕੇ ਖਾਂਦਾ ਤੇ ਧੱਕੇ ਮਾਰਦਾ ਮੈਂ ਅਗਾਂਹ ਵਧਿਆ। ਕਹਿਰ ਦੀ

ਮੌਤ ਹੋਈ ਸੀ। ਐਸ ਵੇਲੇ ਮੈਂ ਉਸ ਦੇ ਪਰਿਵਾਰ ਦੇ ਨਾਲ ਖਲੋਣਾ ਚਾਹੁੰਦਾ ਸਾਂ । ਪਰ ਜਦੋਂ ਨੇੜੇ ਪੁਜਿਆ, ਤਾਂ ਉਹਨਾਂ ਲੋਕਾਂ ਨੇ ਵੀ ਮੇਰੇ ਵਲੋਂ ਉਵੇਂ ਹੀ ਮੂੰਹ ਫੇਰ ਲਿਆ, ਜਿਵੇਂ ਬਸ ਵਿਚ ਉਸ ਔਰਤ ਨੇ ਫੇਰਿਆ ਸੀ। ਫਿਲਮੀ ਲੋਕ ਬਲਦੀ ਸ਼ਮ੍ਹਾਂ ਤੇ ਹੀ ਪਰਵਾਨੇ ਹੁੰਦੇ ਹਨ, ਇਹ ਗੱਲ ਮੈਂ ਦਮੋ ਦੇ ਮਰਨ ਉਪਰੰਤ ਹੀ ਵੇਖ ਲਈ ਸੀ। ਪਰ ਆਪਣੇ ਸਾਕ-ਸਬੰਧੀ ਵੀ ਆਪਣੇ ਹਾਣਦਿਆਂ ਨਾਲ ਹੀ ਪ੍ਰੇਮ ਕਰਦੇ ਹਨ, ਇਹ ਸਿੱਖਿਆ ਮੈਨੂੰ ਉਸ ਦਿਨ ਮਿਲ ਗਈ ਹੈ। ਮੈਨੂੰ ਇੰਜ ਲਗਾ, ਜਿਵੇਂ ਉਸ ਪਰਿਵਾਰ ਦੀ ਇਕ ਅੱਖ ਹੰਝੂ ਵਹਾ ਰਹੀ ਸੀ, ਤੇ ਦੂਜੀ ਸੋਗ ਵਿਚ ਸ਼ਰੀਕ ਹੋਣ ਵਾਲੇ ਫ਼ਿਲਮ ਸਟਾਰਾਂ ਦੀ ਹਾਜ਼ਰੀ ਲਾ ਰਹੀ ਸੀ।

ਉਹ ਦਿਨ ਸਚਮੁਚ ਬੜੇ ਔਖੇ ਸਨ। ਦੇਸ਼ ਦੀ ਵੰਡ ਪਿਛੋਂ ਆਪਣਾ ਸਭ ਕੁਝ ਗੁਆ ਕੇ ਪਿਤਾ ਜੀ ਦਰ- ਬਦਰ ਹੋਏ ਹੋਏ ਸਨ। ਕਿਤੇ ਇਕ ਥਾਂ ਉਹਨਾਂ ਦਾ ਚਿੱਤ ਨਹੀਂ ਸੀ ਲਗਦਾ। ਬਾਕੀ ਸਾਰਾ ਟੱਬਰ ਮੇਰੇ ਕੋਲ ਆਇਆ ਹੋਇਆ ਹੈ।

ਮੇਰਾ ਨਿੱਕਾ ਵੀਰ, ਭੀਸ਼ਮ ਤੇ ਉਸ ਦੀ ਪਤਨੀ ਸ਼ੀਲਾ ਜਯੰਤ ਦੇਸਾਈ ਦੀ ਇਕ ਪਿਕਚਰ ਦੀ ਡਬਿੰਗ ਵਿਚ ਹਿੱਸਾ ਲੈ ਕੇ ਡੰਗ ਮਾਰਨ ਵਿੱਚ ਸਹਾਇਕ ਹੋ ਰਹੇ ਸਨ। ਮੈਂ ਆਪ ਕਦੇ ਆਲ ਇੰਡੀਆ ਰੇਡੀਓ ਦੇ ਤੇ ਕਦੇ ਫ਼ਿਲਮ ਡਵੀਜ਼ਨ ਦੇ ਦਰ ਠਕੋਰਦਾ। ਉਤੋਂ ਇਕ ਮੁਸੀਬਤ ਇਹ ਆ ਪਈ ਸੀ ਕਿ 1948 ਦੀ ਕਮਿਊਨਿਸਟ ਪਾਰਟੀ ਦੀ ਕਾਂਗਰਸ ਮਗਰੋਂ ਹੌਲੇ- ਹੌਲੇ ਇਪਟਾ ਦਾ ਵੀ ਭੱਠਾ ਬੈਠਦਾ ਜਾ ਰਿਹਾ ਸੀ। ਇਪਟਾ ਦਾ ਮੈਨੂੰ ਬੜਾ ਸਹਾਰਾ ਸੀ, ਕਿਉਂਕਿ ਫ਼ਿਲਮਾਂ ਵਿਚ ਨਾ ਕਾਮਯਾਬ ਹੁੰਦਿਆ ਵੀ ਉਥੇ ਮੇਰੀ ਰਸੂਖਦਾਰੀ ਸੀ। ਪਰ ਕਮਿਊਨਿਸਟ ਪਾਰਟੀ ਦੇ ਰਣਦੀਵੇ ਪਾਲਿਸੀ ਅਨੁਸਾਰ ਜਵਾਹਰ ਲਾਲ ਨਹਿਰੂ ਬਰਤਾਨਵੀ ਤੇ ਅਮਰੀਕਨ ਸਾਮਰਾਜ ਦਾ ਬਗਲ-ਬੱਚਾ ਹੋ ਗਿਆ ਸੀ। ਤਮਾਮ ਬੂਰਯਵਾ ਅਨਾਸਿਰ ਪਾਰਟੀ, ਪਰੋਲਤਾਰੀ ਤੇ ਦੇਸ਼ ਦੇ ਦੁਸ਼ਮਣ ਕਰਾਰ ਦੇ ਦਿੱਤੇ ਗਏ ਸਨ। ਦੇਸ਼ ਦੀ ਆਜ਼ਾਦੀ ਨੂੰ ਕਬੂਲ ਨਾ ਕਰਨ ਤੇ ਪਹਿਲੀ ਆਜ਼ਾਦ-ਸਰਕਾਰ ਦੇ ਹੱਥ ਮਜ਼ਬੂਤ ਕਰਨ ਦੀ ਥਾਂ ਉਹਨੂੰ ਢਾਹੁਣ ਤੇ ਉਸ ਦੇ ਖ਼ਿਲਾਫ ਬਗਾਵਤ ਕਰਨ ਦਾ ਨਾਅਰਾ ਬੁਲੰਦ ਕਰ ਦਿੱਤਾ ਗਿਆ ਸੀ। ਇਸ ਖਹਿਬਾਜ਼ੀ ਮਗਰੋਂ ਪਾਰਟੀ ਦੇ ਮੁਖ਼ਤਲਿਫ਼

ਫ਼ਰੰਟਾਂ ਵਿਚ ਬੂਰਯਵਾ ਅਨਾਸਿਰ ਨੂੰ ਦੁਰਕਾਰਿਆ ਜਾਣ ਲਗ ਪਿਆ। ਕਲ੍ਹ ਤੀਕਰ ਜਿਨ੍ਹਾਂ ਨੂੰ ਮਾਣ ਦਿੱਤਾ ਜਾਂਦਾ ਸੀ, ਹੁਣ ਉਹ ਵੈਰੀ-ਵਰਗ ਹੋ ਗਏ। ਕਿਸੇ ਨੂੰ ਆਨੇ ਬਹਾਨੇ ਕੱਢ ਦਿੱਤਾ ਗਿਆ, ਕੋਈ ਸਰਕਾਰੀ ਦਮਨ ਤੋਂ ਡਰ ਕੇ ਨੱਠ ਗਿਆ, ਬਹੁਤੇ ਕੁਝ ਵੀ ਆਖੇ-ਸੁਣੇ ਬਿਨਾ ਪਤਰਾ ਵਾਚ ਗਏ ਤੇ ਇਹਨਾਂ ਵਿਚ ਖ਼ਵਾਜਾ ਅਹਿਮਦ ਅੱਬਾਸ ਵਰਗੇ ਵਡਮੁੱਲੇ ਸਾਥੀ ਵੀ ਸਨ।

ਨਵੀਂ ਪਾਰਟੀ-ਲਾਈਨ ਦਾ ਸਿਰ ਪੈਰ ਮੈਨੂੰ ਵੀ ਪਤਾ ਨਹੀਂ ਸੀ ਲਗਦਾ, ਪਰ ਦਮੋ ਦੇ ਸਰੀਰ ਨੂੰ ਲਾਲ ਝੰਡੇ ਨਾਲ ਢੱਕ ਕੇ ਸਾੜਿਆ ਗਿਆ ਸੀ। ਪਾਰਟੀ ਮੇਰੇ ਜੀਵਨ ਦਾ ਅਨਿੱਖੜਵਾਂ ਅੰਗ ਬਣੀ ਸੀ । ਪਾਰਟੀ ਵਿਚ ਰਹਿ ਕੇ ਹੀ ਮੈਂ ਗਿਆਨ ਅਤੇ ਸੂਝ ਨੂੰ ਇਨਕਲਾਬੀ ਜੋਸ਼ ਉਪਰ ਤਰਜੀਹ ਦੇਣਾ ਸਿਖਿਆ ਸੀ। ਹੁਣ ਉਸੇ ਤੇਜ਼ੀ ਨਾਲ, ਪਾਰਟੀ ਕੋਲੋਂ ਹੀ, ਅਕਲ ਦੇ ਕਵਾੜ ਬੰਦੇ ਕਰਕੇ ਜੋਸ਼ ਨੂੰ ਤਰਜੀਹ ਦੇਣਾ ਸਿਖ ਲਿਆ। ਉਸੇ ਦੇ ਜ਼ੋਰ-ਅਸਰ ਮੈਂ "ਜਾਦੂ ਕੀ ਕੁਰਸੀ" ਨਾਂ ਦਾ ਨਾਟਕ ਲਿਖਿਆ। ਮੇਰੇ ਇਕ ਸਾਥੀ ਰਾਮਾ ਰਾਓ ਨੇ, ਜੋ ਉਸ ਵੇਲੇ ਇਪਟਾ ਦਾ ਜਨਰਲ ਸੈਕਟਰੀ ਸੀ, ਉਸ ਬਾਰੇ ਮੈਨੂੰ ਵਡਮੁੱਲੇ ਸੁਝਾਅ ਦਿੱਤੇ ਸਨ । ਨਾਟਕ ਭਾਵੇਂ ਮੇਰੇ ਨਾ ਉਤੇ ਹੀ ਮਸ਼ਹੂਰ ਹੋਇਆ, ਪਰ ਅਸਲੀ ਮਾਇਨਿਆਂ ਵਿਚ ਉਹ ਸਾਡੀ ਦੋਹਾਂ ਦੀ ਸਾਂਝੀ ਕਿਰਤ ਸੀ। ਉਸ ਵਿਚ ਅਸਾਂ ਪੰਡਤ ਜਵਾਹਰ ਲਾਲ ਨਹਿਰੂ ਅਤੇ ਉਹਨਾਂ ਦੀਆਂ ਪਾਲਸੀਆਂ ਦਾ ਰੱਜ ਕੇ ਮਜ਼ਾਕ ਉਡਾਇਆ ਸੀ। ਮੈਂ ਹੀ ਉਸ ਵਿਚ ਮੁਖ-ਪਾਤਰ ਵੀ ਖੇਡਿਆ। ਨਿਰਦੇਸ਼ਕ ਮੋਹਨ ਸਹਿਗਲ ਨੇ ਕੀਤਾ, ਜੋ ਹੁਣ ਇਕ ਪ੍ਰਖਿਆਤ ਫਿਲਮ-ਪ੍ਰੋਡੀਊਸਰ-ਡਾਇਰੈਕਟਰ ਹਨ। ਉਸ ਨਾਟਕ ਨੂੰ ਆਸ ਤੋਂ ਵੱਧ ਕਾਮਯਾਬੀ ਮਿਲੀ। ਦਰਸ਼ਕਾਂ ਦੇ ਢਿੱਡਾਂ ਵਿਚ ਹੱਸ-ਹੱਸ ਕੇ ਪੀੜਾਂ ਪੈਂਦੀਆਂ ਸਨ। ਕਿਸ਼ਨ ਚੰਦਰ ਗਿਆਰਾਂ ਵਾਰੀ ਉਹਨੂੰ ਵੇਖਣ ਆਇਆ ਸੀ।

ਜਿਨ੍ਹਾਂ ਲੋਕਾਂ ਨੇ ਉਹ ਨਾਟਕ ਵੇਖਿਆ ਹੈ, ਮੇਰੇ ਕੋਲੋਂ ਬਾਰ-ਬਾਰ ਉਸ ਦਾ ਖਰੜਾ ਮੰਗਦੇ ਹਨ, ਪਰ ਮੈਂ ਉਹਨਾਂ ਨੂੰ ਦੱਸ ਨਹੀਂ ਸਕਦਾ ਕਿ ਮੈਂ ਆਪਣੀ ਉਸ ਗਲਤਕਾਰੀ ਉਪਰ ਕਿਤਨਾ ਸ਼ਰਮਿੰਦਾ ਹਾਂ। ਮੇਰੇ ਜਹੇ ਨਿਗੂਣੇ ਤੇ ਨਿਕੰਮੇ ਆਦਮੀ ਨੇ

ਨਹਿਰੂ ਵਰਗੇ ਮਹਾਨ ਮਨੁੱਖ ਦੀ ਖਿੱਲੀ ਉਡਾਉਣ ਦੀ ਕੋਸ਼ਿਸ਼ ਕੀਤੀ, ਇਹ ਸੋਚ ਕੇ ਮੈਂ ਸ਼ਰਮ ਨਾਲ ਪਾਣੀ-ਪਾਣੀ ਹੋ ਜਾਂਦਾ ਹਾਂ । ਉਸ ਮਨਹੂਸ ਕਿਰਤ ਦੇ ਤਮਾਮ ਮੁਯੱਸਰ ਖਰੜੇ ਮੈਂ ਤੀਲੀ ਲਾ ਕੇ ਸਫਾਏ-ਹਸਤੀ ਤੋਂ ਮਿਟਾ ਛਡੇ ਹਨ, ਤੇ ਉਹਦੀ ਰੂਪ-ਰੇਖਾ ਮੈਨੂੰ ਆਪ ਵੀ ਬਸ ਧੁੰਦਲੀ ਧੁੰਦਲੀ ਹੀ ਯਾਦ ਹੈ।

ਹਾਈ ਮਾਈਂ ਹੁਣ ਕੋਈ ਫ਼ਿਲਮ ਪ੍ਰੋਡੀਊਸਰ ਮੈਨੂੰ ਕੰਮ ਦੇਣ ਲਈ ਤਿਆਰ ਨਹੀਂ ਸੀ। ਪਰ ਕੁਝ ਇਕ ਮਿੱਤਰਾਂ ਨੂੰ ਮੇਰੇ ਨਾਲ ਹਮਦਰਦੀ ਸੀ, ਤੇ ਮੇਰੀ ਮਦਦ ਕਰਨਾ ਚਾਹੁੰਦੇ ਸਨ। ਵੀਰੇਂਦਰ ਦੇਸਾਈ ਦੀ ਸਿਫ਼ਾਰਸ਼ ਉਤੇ ਮੈਨੂੰ ਮਹੇਸ਼ ਕੌਲ ਨੇ ਸੱਦਿਆ ਤੇ ਸਕਰੀਨ-ਟੈਸਟ ਦਿੱਤਾ। ਮਤਲਬ, ਕੈਮਰੇ ਅਗੇ ਮੈਥੋਂ ਥੋੜ੍ਹਾ ਕੰਮ ਕਰਾ ਕੇ ਵੇਖਿਆ। ਪਰ ਕੈਮਰੇ ਅਗੇ ਆਉਂਦਿਆਂ ਸਾਰ ਮੈਂ ਲੱਕੜ ਹੋ ਗਿਆ, ਤੇ ਹੋਸ਼-ਹਵਾਸ ਉਵੇਂ ਹੀ ਫਾਖਤਾ ਹੋ ਗਏ, ਜਿਵੇਂ "ਗੁੰਜਨ" ਵੇਲੇ ਹੋ ਜਾਂਦੇ ਸਨ । ਕੈਮਰੇ ਦਾ ਖੌਫ ਮੇਰੇ ਅੰਦਰ ਹੱਦ ਡੂੰਘਾ ਧੱਸ ਚੁਕਿਆ ਸੀ।

ਬੰਬਈ ਦਾ ਫ਼ਿਲਮੀ ਸੰਸਾਰ ਛੋਟਾ ਜਿਹਾ ਹੈ, ਤੇ ਉਸ ਵਿਚ ਖ਼ਬਰ ਫੈਲਦਿਆਂ ਦੇਰ ਨਹੀਂ ਲਗਦੀ। ਸ਼ਾਹਿਦ ਲਤੀਫ਼ ਨੇ ਆਪਣੀ ਫ਼ਿਲਮ, "ਬੁਜ਼ਦਿਲ" ਵਿਚ ਮੈਨੂੰ ਇਕ ਚੰਗਾ ਰੋਲ ਦੇਣ ਦਾ ਦਾਅਵਾ ਕੀਤਾ ਹੋਇਆ ਸੀ। ਦਰਜ਼ੀ ਤੋਂ ਮੇਰੇ ਲਈ ਕਪੜੇ ਵੀ ਸਿਲਵਾਏ ਜਾ ਚੁਕੇ ਸਨ। ਪਰ ਮਹੂਰਤ ਤੋਂ ਇਕ ਦਿਨ ਪਹਿਲਾਂ, ਮੇਰੀ 'ਸ਼ੁਹਰਤ' ਸੁਣ ਕੇ ਸ਼ਾਹਿਦ ਨੇ ਉਹ ਰੋਲ ਖੋਹ ਕੇ ਮੈਨੂੰ ਇਕ ਛੋਟਾ ਰੋਲ ਦੇਣ ਦਾ ਫੈਸਲਾ ਸੁਣਾ ਦਿੱਤਾ। ਮੈਂਥੋਂ ਇਹ ਅਪਮਾਨ ਬਰਦਾਸ਼ਤ ਨਾ ਹੋਇਆ, ਤੇ ਮੈਂ ਫ਼ਿਲਮ ਛੱਡ ਦਿੱਤੀ। ਆਪਣੇ ਮਨ ਵਿਚ ਮੈਂ ਸਾਰਾ ਕਸੂਰ ਸ਼ਾਹਿਦ ਲਤੀਫ ਨੂੰ ਹੀ ਦੇ ਰਿਹਾ ਸੀ।

ਏਸ ਤਰ੍ਹਾਂ, ਮੇਰੇ ਪਰਮ ਮਿੱਤਰ, ਅਯੂਬ ਨੇ ਆਪਣੇ ਨਿੱਕੇ ਵੀਰ, ਦਲੀਪ ਕੁਮਾਰ ਨੂੰ ਆਖ ਕੇ, ਕੇ. ਆਸਿਫ ਦੀ ਫਿਲਮ "ਹਲਚਲ" ਵਿਚ ਮੈਨੂੰ, ਇਕ ਚੰਗਾ ਰੋਲ ਦਿਵਾ ਦਿੱਤਾ। ਜਿਵੇਂ "ਗੁੰਜਨ" ਵਿਚ ਤ੍ਰਿਲੋਕ ਕਪੂਰ ਨਲੀਨੀ ਜੈਵੰਤ ਦਾ ਪਤੀ ਤੇ ਮੈਂ ਉਸ ਦਾ ਪ੍ਰੇਮੀ ਬਣਿਆ ਸਾਂ ? ਇਵੇਂ "ਹਲਚਲ" ਵਿਚ ਦਲੀਪ ਨਰਗਿਸ ਦਾ ਪ੍ਰੇਮੀ ਤੇ ਮੈਂ ਉਸ ਦਾ

ਪਤੀ ਸਾਂ। ਜਿਥੋਂ ਤੀਕਰ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਨਾ ਹੋਈ, ਮੈਂ ਇਹੀ ਸੋਚ ਕੇ ਖੁਸ਼ ਹੁੰਦਾ ਰਿਹਾ ਕਿ ਇਸ ਫ਼ਿਲਮ ਦੇ ਵੀ ਦੋ ਹੀਰੋ ਹਨ, ਤੇ ਮੈਂ ਉਹਨਾਂ ਵਿਚੋਂ ਇਕ ਹਾਂ।

ਮੈਂ ਇਕ ਜੇਲ੍ਹਰ ਬਣਨਾ ਸੀ। ਆਸਿਫ਼ ਸਾਹਿਬ ਹਰ ਕੰਮ ਨੂੰ ਵੱਡੇ ਪੈਮਾਨੇ ਉੱਤੇ ਕਰਕੇ ਖੁਸ਼ ਹੁੰਦੇ ਸਨ। ਇਕ ਦਿਨ ਉਹ ਮੈਨੂੰ ਆਰਥਰ ਰੋਡ ਜੇਲ੍ਹ ਵਿਖਾਉਣ ਲੈ ਗਏ, ਤਾਂ ਜੋ ਮੈਂ ਜੇਲ੍ਹਰ ਤੇ ਜੇਲ੍ਹ ਆਪਣੀ ਅੱਖੀਂ ਵੇਖ ਸਕਾਂ ਜੇਲ੍ਹਰ ਸਾਡੇ ਸੁਆਗਤ ਲਈ ਤਿਆਰ ਬੈਠਾ ਸੀ । ਪਹਿਲਾਂ ਆਪਣੇ ਦਫ਼ਤਰ ਵਿਚ ਉਸਨੇ ਆਪਣੀਆਂ ਮੁਖ਼ਤਲਿਫ਼ ਵਰਦੀਆਂ ਸਾਨੂੰ ਵਿਖਾਈਆਂ। ਦਰਜੀ ਵੀ ਸਾਡੇ ਨਾਲ ਸੀ, ਉਹਨੇ ਵੀ ਵੇਖ ਸਮਝ ਲਈਆਂ, ਤੇ ਉਸੇ ਵੇਲੇ ਮੇਰਾ ਨਾਪ ਲੈ ਗਿਆ। ਕੈਦੀਆਂ ਦਾ ਰਹਿਣ-ਸਹਿਣ ਆਦਿ ਵੀ ਅਸਾਂ ਗੇੜਾ ਮਾਰ ਕੇ ਵੇਖ ਲਿਆ।

ਇਹ ਸੰਨ 1949 ਦੇ ਸ਼ੁਰੂ ਦਾ ਜ਼ਮਾਨਾ ਸੀ । ਤੋਸ਼ (ਸੰਤੋਸ਼) ਨਾਲ ਵਿਆਹ ਕੀਤਿਆਂ ਮੈਨੂੰ ਮਸਾ ਦਸ ਪੰਦਰਾਂ ਦਿਨ ਹੀ ਹੋਏ ਸਨ। ਅਸੀਂ ਬਲਵੰਤ ਗਾਰਗੀ ਦੇ ਲਿਖੇ ਨਾਟਕ, "ਸਿਗਨਲਮੈਨ ਦੂਲੀ" ਦੀਆਂ ਰੀਹਰਸਲਾਂ ਕਰ ਰਹੇ ਸਾਂ। ਤੋਸ਼ ਉਸ ਵਿਚ ਸਿਗਨਲ ਮੈਨ ਦੀ ਪਤਨੀ ਦਾ ਰੋਲ ਕਰ ਰਹੀ ਸੀ। ਡਾਇਰੈਕਟਰ ਮੈਂ ਸਾਂ। ਰੀਹਰਸਲ ਕਰਦਿਆਂ ਖ਼ਬਰ ਮਿਲੀ ਕਿ ਪਰੇਲ ਤੋਂ ਜਲੂਸ ਨਿਕਲਣ ਵਾਲਾ ਹੈ, ਤੇ ਉਸ ਵੇਲੇ ਸਾਨੂੰ ਉਸ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਅਸੀਂ ਮੀਆਂ ਬੀਵੀਂ ਮੋਟਰ ਸਾਈਕਲ ਉਤੇ ਬਹਿ ਕੇ ਪਰੇਲ ਜਾ ਪੁਜੇ। ਮੀਟਿੰਗ ਹੋ ਰਹੀ ਸੀ। ਪੁਲਸ ਦੇ ਲੋੜ ਤੋਂ ਵਧ ਬੰਦੋਬਸਤ ਨੇ ਸਾਨੂੰ ਹੈਰਾਨ ਜ਼ਰੂਰ ਕੀਤਾ, ਪਰ ਫੇਰ ਵੀ ਅਸਾਂ ਉਹਨੂੰ ਗੈਰ-ਮਾਮੂਲੀ ਅਹਿਮੀਅਤ ਨਾ ਦਿੱਤੀ। ਜਦੋਂ ਮੀਟਿੰਗ ਪਿਛੋਂ ਜਲੂਸ ਸ਼ੁਰੂ ਹੋਇਆ, ਤਾਂ ਤੋਸ਼ ਔਰਤਾਂ ਤੇ ਮੈਂ ਮਰਦਾਂ ਵਿਚ ਰਲ ਕੇ ਨਾਲ ਤੁਰ ਪਏ। ਥੋੜ੍ਹੀ ਦੂਰ ਹੀ ਗਏ ਸਾਂ ਕਿ ਕੁਝ ਧਮਾਕੇ ਸੁਣੇ। .... ਫੇਰ ਲਾਠੀ, ਗੋਲੀ, ਅਫੜਾ-ਤਫੜੀ . । ਮੈਂ ਨਾਅਰੇ ਮਾਰਦਾ ਮਾਰਦਾ ਹਵਾਲਾਤ ਦੀ ਕੋਠੜੀ ਵਿਚ ਜਾ ਬੰਦ ਹੋਇਆ। ਤੋਸ਼ ਦਾ ਕੁਝ ਪਤਾ ਨਹੀਂ ਸੀ।

ਦੋ ਮਹੀਨੇ ਤੋਂ ਵਰਲੀ ਜੇਲ੍ਹ ਵਿਚ ਨਜ਼ਰਬੰਦ ਰਿਹਾ। ਫੇਰ ਏ.ਕਲਾਸ ਮਿਲੀ ਤੇ ਆਰਡਰ ਰੋਡ ਆ ਗਿਆ। ਜੇਲ੍ਹਰ ਜਦੋਂ ਵੀ ਮਿਲਦਾ, ਮੇਰੇ ਵਲ ਬੜੇ ਗੌਰ ਨਾਲ ਵੇਖਦਾ ਰਹਿ ਜਾਂਦਾ। ਕਹਿੰਦਾ, "ਮੈਂ ਤੁਹਾਨੂੰ ਕਿਤੇ ਵੇਖਿਆ ਜੇ"।

ਮੈਂ ਉਸ ਨੂੰ ਕੀ ਦੱਸਦਾ ? ਜਿਤਨੀ ਵਾਰ ਮੈਂ ਉਸ ਨੂੰ ਕਹਿੰਦਾ ਕਿ ਉਸ ਨੂੰ ਭੁਲੇਖਾ ਲਗ ਰਿਹਾ ਹੈ, ਉਤਨਾ ਹੀ ਉਸ ਦਾ ਯਕੀਨ ਮਜ਼ਬੂਤ ਹੋ ਜਾਂਦਾ ਹੈ ਕਿ ਮੈਂ ਪਹਿਲੀ ਵਾਰੀ ਜੇਲ੍ਹ ਨਹੀਂ ਆਇਆ, ਤੇ ਮੇਰੇ ਉਪਰ ਖਾਸ ਨਿਗਾਹ ਰਖਣੀ ਚਾਹੀਦੀ ਹੈ।

ਬਲਰਾਜ ਸਾਹਨੀ ਨੂੰ ਕਾਵਿ-ਸ਼ਰਧਾਂਜਲੀ

ਜਿਊਣਾ ਝੂਠ ਹੈ ਅਤੇ ਮਰਨਾ ਸੱਚ ਹੈ। ਇਸ ਸੰਸਾਰ ਵਿਚ ਜੋ ਉਦੈ ਹੋਇਆ ਹੈ ਉਸ ਅਸਤ ਵੀ ਜ਼ਰੂਰ ਹੋਣਾ ਹੈ। ਮਨੁੱਖ ਵੀ ਏਸੇ ਪ੍ਰਕਿਰਿਆ ਵਿਚੋਂ ਗੁਜ਼ਰਦਾ ਹੈ। ਮਨੁੱਖ ਦਾ ਹਰ ਪਲ ਮੌਤ ਵਲ ਵਧਣਾ ਹੈ। ਜੀਵਨ ਵਿਚ ਵਿਚਰਦਿਆਂ ਮਨੁੱਖ ਦੀ ਅਸਲੀ ਕਮਾਈ ਉਸ ਦਾ ਕਰਮ ਹੈ। ਜਿਸ ਨੇ ਉਸ ਦੀ ਮੌਤ ਉਪਰੰਤ ਉਸ ਨੂੰ ਲੋਕਾਂ ਵਿਚ ਜ਼ਿੰਦਾ ਰੱਖਣਾ ਹੈ ਜਾਂ ਹਮੇਸ਼ਾ ਲਈ ਲੋਕ-ਮਨਾਂ ਤੋਂ ਉਤਾਰ ਦੇਣਾ ਹੈ। ਬਲਰਾਜ ਸਾਹਨੀ ਦੀ ਮੌਤ 13 ਅਪ੍ਰੈਲ, 1973 ਈ. ਨੂੰ ਵਿਸਾਖੀ ਵਾਲੇ ਦਿਨ ਸ਼ਾਮ ਨੂੰ 5-35 ਤੇ ਬੰਬਈ ਦੇ ਨਾਨਾਵਤੀ ਹਸਪਤਾਲ ਵਿਚ ਹੋਈ। ਬਲਰਾਜ ਸਾਹਨੀ ਇਕ ਅਜਿਹੀ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ ਜਿਨ੍ਹਾਂ ਦੀ ਬੇਵਕਤੀ ਮੌਤ ਦੀ ਖ਼ਬਰ ਸੁਣ ਕੇ ਪੰਜਾਬੀ-ਪ੍ਰੇਮੀਆਂ ਦੀਆਂ ਅੱਖਾਂ ਨਮ ਹੋਈਆਂ ਸਨ, ਕਈ ਤਾਂ ਭੁੱਬਾਂ ਮਾਰ ਕੇ ਰੋਏ ਸਨ, ਕਈਆਂ ਦੇ ਘਰ ਉਸ ਦਿਨ ਚੁਲ੍ਹੇ ਹੀ ਨਹੀਂ ਬਲੇ ਸਨ। ਉਨ੍ਹਾਂ ਦੀ ਮੌਤ ਦੀ ਖ਼ਬਰ ਸਮੁੱਚੇ ਸੰਸਾਰ ਵਿਚ ਜੰਗਲੀ ਅੱਗ

ਵਾਂਗ ਫੈਲ ਗਈ। ਉਨ੍ਹਾਂ ਦੇ ਕਈ ਸਨੇਹੀਆਂ ਨੇ ਉਨ੍ਹਾਂ ਨੂੰ ਕਵਿਤਾ ਰਾਹੀਂ ਸ਼ਰਧਾਂਜ਼ਲੀ ਭੇਂਟ ਕੀਤੀ। ਏਥੇ ਅਸੀਂ ਕੁਝ ਕਵਿਤਾਵਾਂ ਦੇ ਰਹੇ ਹਾਂ ਜੋ ਕਈ ਕਵੀਆਂ ਨੇ ਬਲਰਾਜ ਸਾਹਨੀ ਦੀ ਮੌਤ ਉਪਰੰਤ ਲਿਖੀਆਂ।

ਤੇਰਾ ਸਦੀਵੀ ਸੁਨੇਹੜਾ

ਸੰਤੋਸ਼ ਸਾਹਨੀ

ਉਹ ਦੂਜੇ
ਦੂਜੀਆਂ ਪ੍ਰਕ੍ਰਿਤੀਆਂ, ਸੁਭਾਵਾਂ ਵਾਲੇ
ਕਦੀ ਰਿਸ਼ਤੇ ਜੋੜਨ
ਤੇ ਕਦੀ ਤੋੜਨ ਦੀਆਂ ਮਨਸ਼ਾਵਾਂ ਵਾਲੇ,
ਆਪਣੀ ਹੱਵਸ,
ਜ਼ਰ, ਜ਼ਮੀਨ, ਜਾਇਦਾਦ,
ਰਾਜ ਕਰਨ, ਅਨਿਆਂ ਕਰਨ
ਉਚੀਆਂ ਕੁਰਸੀਆਂ ਤੇ ਬੈਠੇ ਰਹਿਣ ਦੀ
ਲਾਲਸਾ ਵਾਲੇ।
ਆਪਣੇ ਧਰਮ-ਈਮਾਨ ਨੂੰ
ਦੂਜੇ ਦੇ ਧਰਮ, ਦੀਨ, ਈਮਾਨ ਤੋਂ
ਉੱਚਾ, ਵੱਧ ਪਾਕ, ਕਹਿਣ ਵਾਲੇ,
ਤੇ ਉਸ ਦੀਨ, ਧਰਮ ਦੇ ਖ਼ਾਤਿਰ
ਘੜੀ ਘੜੀ
ਕੁਹਾੜੀ, ਤਲਵਾਰ, ਬੰਦੂਕ,
ਜ਼ਹਿਰ ਭਰੀ ਗੈਸ, ਅਣੂ ਬੰਬ ਨਾਲ

ਬਾਲ, ਤੀਵੀਂ, ਨੌਜਵਾਨ, ਬ੍ਰਿਧ ਨੂੰ
ਕੁਰਬਾਨੀ ਦੇ ਬੱਕਰੇ ਬਣਾਉਣ ਵਾਲੇ,
ਭਾਵੇਂ ਪੂਰਬੀ ਤੇ
ਭਾਵੇਂ ਪੱਛਮੀ ਪੰਜਾਬ ਵਾਲੇ
ਪੰਜ ਦਰਿਆਵਾਂ ਦੀ
ਕੋਮਲ, ਹਰਿਆਲੀ ਜ਼ਰਖੇਜ ਧਰਤੀ ਵਿਚ
ਦਰਾਰਾਂ, ਵਿੱਥਾਂ, ਪਾਉਣ ਵਾਲੇ
ਅਜੇ ਵੀ ਬੈਠੇ ਨੇ
ਆਪਣੇ ਆਪਣੇ ਦਿਮਾਗਾਂ, ਸਰੀਰਾਂ ਵਿਚ
ਦੁਸ਼ਮਣੀਆਂ ਦੇ ਪੈੱਗ ਫੜੀ
ਆਪਣੀਆਂ ਆਪਣੀਆਂ ਮਹਿਫਲਾਂ ਸਜਾ।
ਪਰ
ਮੇਰੇ ਬਲਰਾਜ।
ਰਾਵਲ ਪਿੰਡੀ ਦੀ ਕੁੱਖ ਵਿਚੋਂ, ਸੋਹਣਾ ਤੂੰ
ਜੰਮਿਆਂ।
ਪੰਜ ਦਰਿਆਵਾਂ ਦਾ ਮਿੱਠਾ ਦੁੱਧ ਪੀ
ਤੂੰ ਵੱਡਾ, ਨੌਜਵਾਨ ਹੋਇਆ।
ਹਿਮਾਲਯ ਤੋਂ ਨੱਚ ਨੱਚ ਲਹਿੰਦੀਆਂ
ਪੰਜ ਸੁੰਦਰ ਨਦੀਆਂ ਦੀ
ਚਾਵਾਂ ਨਾਲ ਰਚੀ, ਸਜਾਈ
ਸੁਗੰਧਤ-ਹਰਿਆਲੀ
ਵਡ-ਮੁੱਲੇ, ਅਤਿ ਪੁਰਾਤਨ
ਮਨੁੱਖੀ ਇਤਿਹਾਸ ਦਾ ਵਿਰਸਾ ਸਾਂਭੀ

ਮਾਂ ਧਰਤੀ ਦਾ ਬਟਵਾਰਾ ਹੋ ਜਾਣ' ਤੇ ਵੀ
"ਮੇਰਾ ਪਾਕਿਸਤਾਨੀ ਸਫ਼ਰਨਾਮਾ"
ਵਾਰਸ ਸ਼ਾਹ ਵਾਂਗ
ਤੂੰ ਵੀ ਇਕ ਪ੍ਰੇਮ ਗੀਤ ਲਿਖਿਆ।
ਇਕ ਵਾਰ ਲਿਖ
ਤੂੰ ਹੀਰ ਨੂੰ
ਰਾਂਝੇ ਨਾਲ ਮਿਲਾਉਣ ਦੀ ਕੋਸ਼ਿਸ਼ ਕੀਤੀ।
ਤੇਰੀਆਂ ਪ੍ਰੀਤ ਸਾਂਝਾਂ ਪੱਛਮੀ ਪੰਜਾਬ ਨਾਲ
ਵਧੀਆ, ਦਿਨ ਬਦਿਨ !
ਕਿਹੜਾ ਪੱਛਮੀ ਪੰਜਾਬੀ ਸ਼ਾਇਰ ਸੀ
ਜਾਂ ਹੈ
ਜਿਹਨੇ ਤੈਨੂੰ, ਵਡੇ ਭਰਾ ਰਾਮ ਨੂੰ
ਲੱਛਮਣ ਤੇ ਭਾਰਤ ਵਾਂਗ ਪਿਆਰ ਨਹੀਂ ਕੀਤਾ।
ਸੋ ਮੇਰੇ ਬਲਰਾਜ,
ਜਦ ਤੇਰੇ ਬੁਲ੍ਹਾਂ ਤੇ
ਹੱਸ ਹੱਸ ਕੇ ਕੀਤੀ
ਕਲਾ, ਸਾਹਿਤ, ਵਿਸ਼ਵ ਸ਼ਾਂਤੀ
ਮਨੁੱਖਤਾ ਸ਼ਾਇਸਤਗੀ ਲਈ ਕੀਤੀ
ਕਰੜੀ ਮੁਸ਼ਕਤ ਦੀ ਆਖ਼ਰੀ ਸ਼ਾਂਤ ਜੋਤ
ਆਖ਼ਰੀ ਨਿਮ੍ਹੀ ਮੁਸਕੜੀ ਸੀ,
ਪਰ,
ਤੇਰੀ ਸੁਗੰਧਤ ਸਵਾਸ
ਅਨੰਤ ਦੇ ਸਵਾਸ

ਵਿਚ ਮਿਲ ਚੁਕੀ ਸੀ
ਤੇ ਫੇਰ ਜਦ
ਹਰ ਤਬਕੇ, ਹਰ ਧਰਮ, ਹਰ ਉਮਰ ਦੇ
ਤੇਰੇ ਸ਼ਰਧਾਲੂਆਂ ਨੇ
ਤੇਰੀ ਈਸਾ ਮਸੀਹ ਜਿਹੀ
ਸੁੰਦਰ ਦੇਹ ਨੂੰ
ਆਪਣੇ ਮੋਢਿਆਂ 'ਤੇ ਚੁੱਕ, ਤੈਨੂੰ
ਅਗਨੀ, ਜਲ, ਵਾਯੂ, ਪ੍ਰਿਥਵੀ, ਆਕਾਸ਼
ਨਾਲ ਫੇਰ ਇਕ ਕਰ ਦਿਤਾ।
ਤੇਰੇ ਸਰੀਰ ਦੀ ਉਹ ਰਾਖ
ਤੇ ਸੁੰਦਰ ਖਿੜੇ ਫੁੱਲ
ਤੇਰੇ ਬੰਬਈ ਦੇ ਘਰ ਦੇ ਕੰਢੇ ਤੇ
ਠਾਠਾਂ ਮਾਰਦੇ ਸਮੁੰਦਰ ਦੀਆਂ
ਨੀਲ ਗਹਿਰੀਆਂ ਲਹਿਰਾਂ 'ਚ'
ਵਿਸਰਜਤ ਕਰ ਦਿਤੇ,
ਤਾਂ , ਮੇਰੇ ਅਚੰਭਤ, ਟੁੱਟੇ, ਹਾਰੇ ਦਿਲ ਵਿਚ
ਉਸ ਵੇਲੇ ਕਿਉਂ ਹਿੰਮਤ, ਹੌਸਲਾ ਨਾ ਆਇਆ
ਲੈ ਇਹ ਪਵਿੱਤਰ ਪਾਕ ਫੁੱਲ-ਰਾਖ਼
ਵਾਰਸ ਸ਼ਾਹ, ਨਾਨਕ, ਬੁਲ੍ਹੇ ਸ਼ਾਹ
ਸ਼ੇਖ ਫ਼ਰੀਦ, ਕਲਗੀਧਰ ਦੇ
ਵਾਰਸ ਦੀ ਇਹ ਸਰੀਰ-ਮਿੱਟੀ,
ਮਨੁੱਖਤਾ ਪਿਆਰ ਭਰੀ
ਪੂਰਬ-ਪੱਛਮ ਪੰਜਾਬ-ਪਿਆਰ

ਭਰੀ ਮਿੱਟੀ
ਕਿਉਂ ਨਾ ਮੈਂ ਨੰਗੇ ਪੈਰੀਂ
ਪਦ ਯਾਤਰਾ ਕਰ
ਸਤਲੁਜ, ਬਿਆਸ
ਰਾਵੀ, ਚਿਨਾਬ,
ਜਿਹਲਮ ਵਿਚ ਵਿਸਰਜਤ ਕੀਤੀ !
ਉਹ ਫੁੱਲ
ਜਿਨ੍ਹਾਂ ਦੇ ਕਣ ਕਣ ਵਿਚ
ਪੰਜਾਬੀ ਮਾਂ-ਬੋਲੀ ਲਈ
ਪੰਜਾਬੀ ਮਾਂ ਧਰਤੀ ਲਈ
ਅੰਤਾਂ ਦਾ ਪਿਆਰ
ਪੂਰਬ-ਪੱਛਮ ਪੰਜਾਬ
ਸਭਿਆਚਾਰਕ ਮਿਲਣ ਦਾ
ਅਟੁੱਟ ਵਿਸ਼ਵਾਸ ਰਚਿਆ ਸੀ।
★★★

ਬਲਰਾਜ ਸਾਹਨੀ

ਪ੍ਰੋ. ਪ੍ਰੀਤਮ ਸੈਨੀ

ਮੇਰੇ ਵੀਰਨਾ, ਜੁਲਮ ਦੀ ਛਾਂ ਹਾਲੀ,
ਉਵੇਂ ਸੰਘਣੀ ਤੇ 'ਨੇਰ੍ਹੀ ਘੁੱਪ ਹੈ ਏ।
ਕਾਹਨੂੰ ਰੁਸ ਕੇ ਆਪਣੇ ਸਾਥੀਆਂ ਤੋਂ,
ਸਦਾ ਲਈ ਸਾਧੀ ਤੂੰ ਇਹ ਚੁੱਪ ਹੈ ਏ ?

ਹਾਲੀ 'ਕਾਬੁਲੀ ਵਾਲੇ' ਤੋਂ ਸੋਹਣਿਆਂ ਵੇ,
ਮਾਪੇ ਮਿਨੀਆਂ ਦੇ ਬਹੁਤ ਦੂਰ ਹੈ ਨੇ।
'ਦੋ ਬਿਘੇ ਜ਼ਮੀਨ' ਛੁਡਾਉਣ ਖ਼ਾਤਰ,
ਹਾਲੀ ਲੱਖਾਂ ਕਿਸਾਨ ਮਜ਼ਬੂਰ ਹੈ ਨੇ।
ਤੇਰੇ ਸੁਫ਼ਨੇ ਸੋਨ, ਸਵੇਰ ਵਾਲੇ
ਬਣਨ ਲਈ ਹਕੀਕਤਾਂ ਤਰਸਦੇ ਨੇ।
'ਅਨੁਰਾਧਾ' ਜਿਹੀਆਂ ਕਈ ਦੇਵੀਆਂ ਸਿਰ,
ਬੱਦਲ ਕਹਿਰ ਦੇ ਹਾਲੀ ਵੀ ਬਰਸਦੇ ਨੇ।
ਅੱਜ ਮਾਤ ਪੰਜਾਬੀ ਬੇਹਾਲ ਹੋਈ
ਯੁਵਕ ਸਾਡੜੇ ਡੋਲ੍ਹਦੇ ਨੀਰ ਪਏ।
ਰੰਗਮੰਚ ਪੰਜਾਬ ਦੇ ਹੋਏ ਸੁੰਨੇ,
ਤੇਰੀ ਝਾਤ ਨੂੰ ਸਹਿਕਦੇ ਵੀਰ ਪਏ।
ਭਾਰਤ ਮਾਂ ਦੇ ਉਸਦੇ ਧੌਲਰਾਂ ਹੇਠ,
ਸ਼ਹਿਸਵਾਰ ਤੇਰੇ ਜੇਹਾ ਆਵਣਾ ਨਾ।
ਲੱਖਾਂ ਗਾਣੇ ਕ੍ਰਾਂਤੀ ਦੇ ਗੀਤ ਹਾਲੇ,
ਤੇਰੇ ਜਿਹਾ ਨਗ਼ਮਾ ਕਿਸੇ ਗਾਵਣਾ ਨਾ।
ਤੇਰੀ ਸਸ਼ਅਲ ਨੂੰ ਅਸਾਂ ਜਗਾਈ ਰੱਖਣਾ,
ਭਾਵੇਂ ਕਿੰਨੀ ਕਾਲੀ ਬੋਲੀ ਰਾਤ ਹੋਵੇ।
ਕਦੀ ਚੈਨ ਸੇਤੀ ਅਸਾਂ ਬੈਠਣਾ ਨਾ,
ਜਦ ਤਕ ਨਾ ਨਵੀਂ ਪ੍ਰਭਾਤ' ਹੋਵੇ।
★★★

ਤੇਰਾ ਪੰਧ

(ਬਲਰਾਜ ਸਾਹਨੀ ਦੇ ਨਾਂ)

ਇਕਬਾਲ ਹਮਦਮ

ਆਖ਼ਰ ਤਾਂ ਤੂੰ
ਇਹਨਾਂ ਖੇਤਾਂ 'ਚ ਹੀ ਹੋਵੇਗਾ
ਹਰਿਆਵਲ, ਬਣ ਕੇ ਲਹਿਰਾਂਦਾ
ਯਾ ਹਵਾ 'ਚ ਘੁਲ ਕੇ
ਮੇਰੇ ਸਾਹਾਂ ਦਾ ਵਸੀਲਾ ਬਣਿਆਂ ਹੋਵੇਂਗਾ
ਯਾ ਮੇਰੇ ਪੈਰਾਂ ਦਾ ਖੁੱਰਾ ਕੱਢਦਾ ਹੋਵੇਂਗਾ
ਤੇ ਹੱਥ ਵਧਾਂਦਾ ਹੋਵੇਗਾ ਮੇਰਾ ਹੱਥ ਫੜਨ ਲਈ
ਪਰ ਹਵਾ ਦੇ ਆਰਲੇ ਪੰਧ
ਛੁਟੇਰੇ ਨੇ
ਹਵਾ ਦੇ ਪਾਰਲੇ ਪੰਧ ਲੰਮੇਰੇ ਨੇ।

★★★

ਬਲਰਾਜ ਸਾਹਨੀ ਨਿਰਯਾਤ ਨਾਈ

ਜਗੀਰ ਸਿੰਘ ਪ੍ਰੀਤ

ਵੇਖ ਕੇ ਤੈਨੂੰ ਮਲਿਆਲੀ ਅਖ਼ਬਾਰ 'ਚ ਹਸਦਿਆਂ
ਮੈਂ ਇਕ ਮਲਿਆਲੀ ਦੋਸਤ ਨੂੰ ਪੁੱਛਿਆ
ਬਲਰਾਜ ਸਾਡਾ ਹੈ ਕਿਧਰ ਅੱਜ
ਤੁਹਾਡੀ ਅਖ਼ਬਾਰ ਵਿਚ ਹੱਸ ਰਿਹਾ?

ਇਕ ਨਜ਼ਰ ਤੇਰੀ ਤਸਵੀਰ ਤੇ ਮਾਰ
ਦੂਜੀ ਨਜ਼ਰ ਮੇਰੇ ਵਲ ਫੇਰ
ਉਦਾਸ-ਮਨ ਉਹ ਬੋਲਿਆ
ਬਲਰਾਜ ਸਾਹਨੀ ਨਿਰਯਾਤਨਾਈ।
ਮਲਿਆਲੀ ਖ਼ਬਰ ਦਾ ਅਰਥ ਸੀ
ਬਲਰਾਜ ਸਾਹਨੀ ਮਰ ਗਿਆ।
ਝੂਠ ਬੋਲਦਾ ਏਂ ਤੂੰ ?
ਮੈਂ ਚੀਕਿਆ।
ਕੇਰਲਾ ਵਿਚ ਅੱਜ ਹੋਰ ਅਖ਼ਬਾਰ ਬੰਦ ਸਨ
ਮੈਂ ਉਸ ਮਲਿਆਲੀ ਅਖ਼ਬਾਰ ਨੂੰ ਚੁੱਕੀ
ਸਾਰੀ ਦੁਪਹਿਰ ਫਿਰਦਾ ਰਿਹਾ।
ਕਈ ਦੋਸਤਾਂ ਤੋਂ ਉਹੀ ਖ਼ਬਰ
ਪੜ੍ਹਾਉਂਦਾ ਰਿਹਾ,
ਹਰ ਕੋਈ ਇਹੀ ਕਹੇ;
ਬਲਰਾਜ ਸਾਹਨੀ ਨਿਰਯਾਤਨਾਈ
ਬਲਰਾਜ ਸਾਹਨੀ ਮਰ ਗਿਆ।
★★★

ਬਲਰਾਜ ਸਾਹਨੀ

ਨਿਰਮਲ ਸਿੰਘ

ਇਹ ਕੌਣ ਕਹਿੰਦਾ ਹੈ ?
ਇਹ ਕਿਵੇਂ ਹੋ ਸਕਦੈ ?
ਇਹ ਕਿਵੇਂ ਮੰਨਿਆਂ ਜਾ ਸਕਦੈ

ਕਿ ਪੰਜਾਬ ਦੀ ਮਹਾਨ ਤੇ ਕਠੋਰ ਮਿੱਟੀ ਨੂੰ
ਹੁਣ ਕਦੇ ਵੀ ਬਲਰਾਜ ਆਪਣੇ ਨੰਗੇ, ਕੂਲੇ ਪੈਰਾਂ ਨਾਲ
ਕੂਲੀ ਕਰਨ ਨਹੀਂ ਆਏਗਾ
ਨਿਰਲੱਜ ਮਿਹਨਤ ਨੇ, ਮੇਰੇ ਮਾਸ ਦੀ ਸਾਰੀ ਗਿੱਲ ਪੀ ਲਈ।
ਢੀਠ ਬਣ ਕੇ ਬੈਠੇ ਦੁੱਖਾਂ ਨੇ,
ਮੇਰੇ ਮਨ ਦੀ ਸਾਰੀ ਲਚਕ ਖਾ ਲਈ।
ਮੇਰਾ ਆਕੜਿਆ ਮਾਸ ਤੇ ਸੋਤੜ ਮਨ,
ਏਡੀ ਵੱਡੀ ਖ਼ਬਰ ਨੂੰ ਕਿਵੇਂ ਪਚਾਏਗਾ,
ਆਪਣੇ ਆਕੜੇ ਮਾਸ ਤੇ ਸੋਤੜ ਮਨ ਨੂੰ ਕਿਵੇਂ ਸਮਝਾਵਾਂ

ਕਿ ਸਚਾਈ ਤਾਂ ਸਚਾਈ ਹੁੰਦੀ ਹੈ,
ਕਿ ਸਚਾਈ ਕਦੇ ਰਹਿਮ ਨਹੀਂ ਕਰਦੀ,
ਸਚਾਈ ਦੇ ਤਾਂ ਆਪਣੇ ਅਸੂਲ ਹੁੰਦੇ ਨੇ,
ਤੇ ਬਲਰਾਜ ਦੀ ਮੌਤ ਇਕ ਸਚਾਈ ਹੈ।
ਹਾਂ-ਮੈਂ ਮੰਨ ਲਵਾਂਗਾ ਕਦੇ ਨਾ ਕਦੇ
ਕਿ ਬਲਰਾਜ ਦੀ ਮੌਤ ਹੋ ਗਈ।
ਮੈਂ ਮੰਨ ਲਵਾਂਗਾ ਕਦੇ ਨਾ ਕਦੇ
ਮੈਨੂੰ ਕੁਝ ਤਾਂ ਸਮਾਂ ਦਿਓ।
ਆਪਣੇ ਆਕੜੇ ਮਾਸ ਤੇ ਸੋਤੜ ਮਨ ਵਿਚ,
ਮੈਂ ਸਚਾਈ ਦਾ ਖੰਜਰ ਉਤਾਰ ਲਵਾਂਗਾ
ਕਿ ਬਲਰਾਜ ਦੀ ਮੌਤ ਹੋ ਗਈ ਹੈ।
ਕੀ ਹੁਣ ਬਲਰਾਜ ਦੇ ਨਾਂ ਨਾਲ
'ਮਰਹੂਮ' ਸ਼ਬਦ ਲਗਿਆ ਕਰੇਗਾ?

ਕੀ ਇਸ ਤੋਂ ਬਿਨਾਂ ਨਹੀਂ ਸਰ ਸਕਦਾ ?
ਕੀ ਏਨੀ ਵੀ ਰਿਐਤ ਨਹੀਂ ਮਿਲ ਸਕੇਗੀ?
ਕੀ ਤੁਸੀਂ ਸਾਰੇ ਮੰਨ ਜਾਓਗੇ
ਕਿ ਬਲਰਾਜ ਪੂਰੇ ਤੌਰ ਉਤੇ ਨਹੀਂ ਮਰ ਸਕਦਾ।
ਉਹਦੀ ਮੌਤ ਨਹੀਂ ਹੋਈ,
ਮੌਤ ਨਾਲੋਂ ਜ਼ਰੂਰ ਕੁਝ ਘੱਟ, ਜਾਂ ਵੱਧ ਹੋਇਆ ਹੈ।
ਕਿਸੇ ਕਿਤਾਬ ਨੂੰ ਚੁੱਕ ਕੇ ਦੇਖੋ- ਉਸ ਵਿਚੋਂ
ਉਸ ਦੇ ਗਰਮ ਗਰਮ ਸਾਹ
ਤੁਹਾਡੀਆਂ ਗੱਲ੍ਹਾਂ ਨੂੰ ਛੂੰਹਦੇ ਨਿਕਲਣਗੇ।
ਬੂਟ ਲਾਹ ਦਿਓ, ਤੇ ਨੰਗੇ ਪੈਰਾਂ ਨਾਲ,
ਪੰਜਾਬ ਦੀ ਮਿੱਟੀ 'ਤੇ ਤੁਰ ਕੇ ਵੇਖੋ।
ਤੁਹਾਡੇ ਪੈਰ ਇਕ ਅਜਨਬੀ ਸੇਕ ਪੀਣਗੇ, ਇਹ ਬਲਰਾਜ ਹੈ।
ਉਮਰ ਦੀ ਧੁੰਦ ਪੂੰਝ ਕੇ, ਚੌੜੀਆਂ ਅੱਖਾਂ ਕਰਕੇ,
ਹਵਾ ਵਿਚ ਝਾਕੋ, ਕਿਸੇ ਪਾਸੇ ਵੀ ਝਾਕੋ।
ਦੋ ਚੌੜੀਆਂ ਤੇ ਦਿਆਲੂ ਅੱਖਾਂ,
ਤੁਹਾਡੀਆਂ ਅੱਖਾਂ ਨਾਲ ਟਕਰਾਣਗੀਆਂ,
ਇਕ ਬਿਜਲੀ ਦਾ ਝੱਟਕਾ ਲਗੇਗਾ, ਇਹ ਬਲਰਾਜ ਹੈ।
ਪੰਜਾਬ ਦੇ ਘੂਰੀਆਂ ਵੱਟਦੇ ਸਭਿਆਚਾਰ ਕੋਲ ਜਾਓ-
ਇਹਨਾਂ ਘੂਰੀਆਂ ਵਿਚ ਕੁਝ ਕੋਮਲਤਾ ਦਿੱਸੇਗੀ - ਇਹ ਬਲਰਾਜ ਹੈ।
ਨੰਗੇ ਪੈਰੀਂ ਤੇਜ਼ ਦੌੜਦੇ, ਕਮਜ਼ੋਰ ਬੱਚੇ।
ਨੇਕੀ ਧਰਤੀ ਤੇ ਸੁਪਨੇ ਵਿਛਾ ਕੇ ਲੇਟੇ ਹੋਏ,
ਬੀੜੀਆਂ ਪੀਂਦੇ ਮਜ਼ਦੂਰ ।
ਅਤੇ ਉਹ ਜੋ ਨੇਕੀ ਤੇ ਬਦੀ ਦੇ,

ਘੋਰ ਤਜਰਬੇ ਵਿਚੋਂ ਲੰਘ ਰਹੇ ਹਨ।
(ਅਤੇ ਜੋ ਜਮਾਂਦਰੂ ਅਵਤਾਰ ਨਹੀਂ ਹੁੰਦੇ)
ਉਹ ਜੋ ਦੁੱਖਾਂ ਨੂੰ ਸੱਦਾ ਦਿੰਦੇ ਹਨ,
ਸੱਚ ਦੀ ਇਕ ਬੂੰਦ ਪੀਣ ਲਈ।
ਉਹ ਜੋ ਰੱਬ ਦੇ ਸਿਪਾਹੀ ਨੇ,
ਜੋ ਲੋਹੇ ਤੇ ਬਾਰੂਦ ਦੀ ਬਾਜ਼ੀਗਰੀ ਤੇ ਥੁੱਕ ਸਕਦੇ ਨੇ।
ਜੋ ਸਿਧਾਂਤਾਂ ਦੀਆਂ ਗਿਲੋਟੀ ਨਾਂ ਹੇਠ ਰੱਖੇ ਹੋਏ
ਮਨੁੱਖੀ ਮਸਲਿਆਂ ਦੀ ਤਰਤੀਬ ਬਾਰੇ
ਨਿਰਲੱਜ ਵਿਉਂਤਾ ਨਹੀਂ ਦੱਸਦੇ।
ਉਹ ਜੋ ਮਨੁੱਖੀ ਲਿੰਗਾਂ ਦੇ ਮੇਲ ਨੂੰ,
ਇਖ਼ਲਾਕ ਦੀ ਦੇਗ਼ ਵਿਚ ਨਹੀਂ ਉਬਾਲਦੇ।
ਜੋ ਧਰਮ ਨੂੰ, ਫੌਜੀ ਬੂਟ ਪਾ ਕੇ ਦਗੜ ਦਗੜ ਤੁਰਦਾ ਵੇਖ ਕੇ,
ਸੋਚ ਵਿਚ ਪੈ ਸਕਦੇ ਹਨ।
ਉਹ ਜੋ ਗਾਂਧੀ ਵਰਗੇ ਫ਼ਕੀਰ ਨੂੰ ਮਾਲ ਦੇਣਾ।
ਤਰੱਕੀ ਪਸੰਦੀ ਦੀ ਨਿਸ਼ਾਨੀ ਨਹੀਂ ਸਮਝਦੇ।
ਉਹਨਾਂ ਸਭਨਾਂ ਕੋਲ, ਤੁਹਾਨੂੰ ਬਲਰਾਜ ਮਿਲੇਗਾ।
ਭੁੰਜੇ ਬੈਠਾ ਬੀੜੀ ਪੀਂਦਾ ਥਕੇਵੇਂ ਨਾਲ ਅਲਸਾਇਆ,
ਸੁਪਨਿਆ ਦੀ ਧੂਣੀ 'ਤੇ ਹੱਥ ਸੇਕਦਾ ਬਲਰਾਜ।
ਕੋਈ ਗੱਲ ਕਹਿਣ ਤੋਂ ਪਹਿਲਾਂ ਹੋਠਾਂ ਨੂੰ ਕੂਲੇ ਤੇ ਗਿਲੇ ਕਰਦਾ?
ਹੈਰਾਨ ਤੇ ਦਿਆਲੂ ਅੱਖਾਂ ਵਾਲਾ, ਸਾਡਾ ਸਿੱਧੜ, ਭੁਲੱਕੜ, ਪੁੱਤਰ, ਵੀਰ
ਤੇ ਸਿਪਾਹੀ
ਬਲਰਾਜ, ਤੂੰ ਕੋਈ ਮਹਾਨ ਆਦਮੀ ਨਹੀਂ ਸੈਂ।
ਤੂੰ ਕੋਈ ਮਹਾਨ ਕਲਾਕਾਰ ਨਹੀਂ ਸੈਂ।

ਤੂੰ ਹਾਲੇ ਕੀਤਾ ਹੀ ਕੀ ਸੀ?
ਪਰ...........ਪਰ
ਜੋ ਕੁਝ ਤੂੰ ਕਰਨਾ ਸੀ,
ਉਸ ਦਾ ਕਿਆਸ ਤਾਂ ਕਰਨਾ ਹੀ ਪਏਗਾ
ਉਸ ਦਾ ਲੇਖਾ ਤਾਂ ਜੋੜਨਾ ਹੀ ਪਏਗਾ।
ਤੇ ਤੈਨੂੰ ਅਸੀਂ ਕਿਵੇਂ ਦਸੀਏ, ਪੱਥਰ-ਦਿਲਾ।
ਤੂੰ ਸਾਨੂੰ ਕਿੰਨਾ ਘਾਟਾ ਪਾ ਦਿੱਤਾ।
ਸਾਥੋਂ ਸਾਡੀ ਪ੍ਰਯੋਗਸ਼ਾਲਾ ਖੋਹ ਲਈ ਗਈ ਹੈ।
ਆਪਣੀਆਂ ਟੈਸਟ ਟਿਊਬਾਂ ਦੀਆਂ ਮਿਕਸਚਰਾਂ ਲੈ ਕੇ ਕਿਥੇ ਜਾਈਏ?
ਕਣਕ ਤੇ ਲੋਹੇ ਦੇ ਸ਼ੋਰ ਵਿਚ, ਤੇਰਾ ਘਾਟਾ ਕਿੰਨਾ ਚੁੱਭਦਾ ਹੈ।
ਅਸੀਂ ਤੇਰੇ ਨਾਲ ਕਿੰਨੇ ਗੁੱਸੇ ਹਾਂ, ਤੈਨੂੰ ਕੀ ਦੱਸੀਏ।
ਅਸੀਂ ਜੋ ਕਣਕ ਤੇ ਲੋਹੇ ਦੇ ਸ਼ੋਰ ਵਿਚ,
ਤੇਰੀ ਹਾਕ ਸੁਣਦੇ ਰਹੇ,
ਤੇਰਾ ਹੁੰਗਾਰਾ ਭਰਦੇ ਰਹੇ।
ਅਸੀਂ ਜੋ ਸ਼ਬਦ ਦੀ ਸੜਕ 'ਤੇ,
ਬਿਨਾਂ ਪਾਸਪੋਰਟ ਦੇ ਤੁਰਨ ਦੀ ਮੂਰਖਤਾ ਕਰ ਬੈਠੇ।
ਤੂੰ ਕੋਈ ਮਹਾਨ ਆਦਮੀ ਨਹੀਂ ਸੈਂ।
ਤੂੰ ਹਾਲੇ ਕੀਤਾ ਹੀ ਕੀ ਸੀ ?
ਮਹਾਨ ਆਦਮੀਆਂ ਨੂੰ ਪੂਜਿਆ ਜਾ ਸਕਦੈ,
ਮਹਾਨ ਆਦਮੀਆਂ ਦੀ ਸਿੱਖਿਆ ਦਾ ਠੇਕਾ ਲਿਆ ਜਾ ਸਕਦੈ,
ਪਰ ਤੇਰੇ ਵਰਗੇ ਸਾਧਾਰਣ ਆਦਮੀ ਲਈ ਰੋਣਾ ਪੈਂਦਾ ਹੈ,
ਮੁੜ ਮੁੜ ਕੇ ਰੋਣਾ ਪੈਂਦਾ ਹੈ, ਅੰਦਰੇ ਅੰਦਰ ਰੋਣਾ ਪੈਂਦਾ ਹੈ।
ਅਤੇ ਹੁਣ ਸ਼ੋਕ ਦੇ ਮਤੇ ਪਾਸ ਕੀਤੇ ਜਾਣਗੇ।

ਚਲੋ ਮਤਿਆਂ ਬਿਨਾਂ ਸਰਦਾ ਵੀ ਤਾਂ ਨਹੀਂ,
ਦਿਲਾਂ ਵਿਚ ਅਣਵਰਤੀ ਪਈ ਹਮਦਰਦੀ,
ਕੁਝ 'ਤੇ ਕੰਮ ਆਏਗੀ।
ਸ਼ਬਦ ਦੀ ਸੜਕ 'ਤੇ ਫੇਰ ਸੰਤਰੀ ਦਾ ਇਸ਼ਾਰਾ ਉਡੀਕਣਾ ਪਵੇਗਾ।
ਸਭਿਆਚਾਰ ਦੇ ਮੂੰਹ ਤੇ ਫੇਰ ਘੂਰੀਆਂ ਉਭਰ ਆਣਗੀਆਂ।
ਫੇਰ ਕੋਈ ਬਲਰਾਜ ਮਰੇਗਾ।
ਫੇਰ ਬਹੁਤ ਸਾਰੇ ਬਲਰਾਜ ਮਰਨਗੇ।
ਹੇ ਪੰਜਾਬ ਦੀ ਕਠੋਰ ਤੇ ਜ਼ਰਖੇਜ ਮਿੱਟੀ,
ਤੈਨੂੰ ਕਿੰਨਾ ਕੁ ਖੂਨ ਦੇਣਾ ਪਏਗਾ?
ਤੂੰ ਕਦੋਂ ਕੂਲੀ ਹੋਏਗੀ?
ਲੋਹੇ ਤੇ ਕਣਕ ਦਾ ਸ਼ੋਰ ਕਦ ਧੀਮਾ ਹੋਏਗਾ ?
ਦਿਲ ਦੀ ਗੱਲ ਕਹਿਣ ਲਈ ਤੇਰੇ ਪੁੱਤ,
ਕਦ ਤੱਕ ਅਜਨਬੀ ਅਸਮਾਨਾਂ ਹੇਠ ਭਟਕਦੇ ਮਰਦੇ ਰਹਿਣਗੇ?
ਸ਼ਬਦ ਦੀ ਪਗਡੰਡੀ ਕਦੋਂ ਸੀਮਿੰਟੀ ਤੇ ਲੋਹੇ ਦਾ ਘੇਰਾ ਤੋੜੇਗੀ,
ਅਤੇ ਜੰਗਲਾਂ, ਪਹਾੜਾਂ ਤੇ ਕੂਲੀਆਂ ਧੁੰਦਾਂ ਵਲ ਮੁੜੇਗੀ ?
ਅਜੀਬ ਆਦਮੀ ਸੀ ਤੂੰ ਵੀ ਯਾਰ।
ਕਿਵੇਂ ਸਾਊ ਜਿਹੇ ਮੂੰਹ ਨਾਲ ਸਾਡੇ ਬੂਹਿਆਂ ਅੱਗੇ ਆ ਖੜ੍ਹਿਆ।
ਅਸੀਂ ਘਰ ਦੇ ਬੂਹੇ ਖੋਲ੍ਹੇ, ਤੂੰ ਸਾਡੇ ਆਪੇ ਵਿਚ ਆ ਪਸਿਆ।
ਤੇ ਦਿਆਲੂ ਅੱਖਾਂ ਤੇ ਗਿਲੇ ਹੋਠਾਂ ਨਾਲ,
ਤੂੰ ਸਾਨੂੰ ਸਾਡੀਆਂ ਕਹਾਣੀਆਂ ਵਿਚ ਉਲਝਾ ਲਿਆ।
ਅਤੇ ਹੁਣ ਚੁੱਪ ਚਾਪ ਤੁਰਦਾ ਹੋਇਆ।
ਕੋਈ ਇਸ ਤਰ੍ਹਾਂ ਵੀ ਕਰਦਾ ਹੈ!
ਕੋਈ ਇਸ ਤਰ੍ਹਾਂ ਵੀ ਕਰਦਾ ਹੈ!!

ਕਿੰਨੇ ਹੀ ਜਿਸਮਾਂ ਵਿਚ ਤੂੰ ਆਪਣੇ ਲਈ ਝੁੱਗੀਆਂ ਬਣਾ ਲਈਆਂ ਸਨ।
ਜਿਸਮਾਂ ਵਿਚ ਬਣੀਆਂ ਤੇਰੀਆਂ ਝੁੱਗੀਆਂ ਦਾ ਕੀ ਕਰੀਏ?
ਸਾਥੋਂ ਤਾਂ ਹਰ ਰੋਜ਼ ਇਹ ਸਾਫ਼ ਵੀ ਨਹੀਂ ਹੋਣੀਆਂ।
ਸਾਥੋਂ ਤਾਂ ਇਹਨਾਂ ਵਿਚ ਕੋਈ ਫੁੱਲ ਨਹੀਂ ਰੱਖਿਆ ਜਾਣਾ।
ਸਾਡੇ ਕੋਲ ਵਿਹਲ ਨਹੀਂ
ਤੇ ਨਾ ਵਿਹਲ ਖ਼ਰੀਦਣ ਲਈ, ਪੈਸਾ ਹੈ।
ਜਿਸਮਾਂ ਵਿਚ ਬਣੀਆਂ ਤੇਰੀਆਂ ਝੁੱਗੀਆਂ ਦਾ, ਹੁਣ ਕੀ ਕਰੀਏ?
ਜੇ ਮੈਂ ਕਹਿ ਦਿਆਂ, ਪੁੱਤ ਤਾਂ ਘਰ ਘਰ ਜੰਮਦੇ ਨੇ,
ਪਰ ਬਲਰਾਜ ਕਿਸੇ ਨਹੀਂ ਬਣ ਜਾਣਾ,
ਤਾਂ ਕਈ ਲੋਕ ਬੁੱਲ, ਟੇਢੇ ਕਰਨਗੇ।
ਤੇਰੇ ਕੰਮ ਨੂੰ ਤੋਲਣ ਲਈ ਲੋਹੇ ਦੀ ਤੱਕੜੀ ਚੱਕ ਲਿਆਣਗੇ।
ਤੇਰੇ ਸਫ਼ਰ ਨੂੰ ਮਿਣਨ ਲਈ ਫੀਤੇ ਕੱਢ ਲਿਆਣਗੇ।
ਪਰ ਇਹੋ ਤਾਂ ਮੁਸੀਬਤ ਹੈ,
ਤੂੰ ਹਾਲੇ ਕੀਤਾ ਹੀ ਕੀ ਸੀ,
ਜਿਸ ਨੂੰ ਦਿਖਾ ਕੇ ਅਸੀਂ ਸੁਰਖਰੂ ਹੋ ਸਕੀਏ।
ਤੇ ਜੋ ਕੁਝ ਤੂੰ ਕਰਨਾ ਸੀ, ਉਸ ਦਾ ਵਾਸਤਾ ਕੌਣ ਸੁਣੇਗਾ।
ਤੂੰ ਤਾਂ ਸਾਨੂੰ ਮੁਜ਼ਰਿਮ ਬਣਾ ਕੇ ਰੱਖ ਦਿਤਾ।
ਕੌਣ ਮੰਨੇਗਾ ਕਿ ਤੈਨੂੰ ਲੋਹੇ ਨੇ ਘੇਰ ਲਿਆ ਸੀ ।
ਕੌਣ ਮੰਨੇਗਾ ਕਿ ਤੂੰ ਸੰਗਮਰਮਰ ਦੀ ਚਟਾਨ ਤੋਂ ਤਿਲਕ ਗਿਆ ਸੀ।
ਕੌਣ ਮੰਨੇਗਾ ਕਿ ਤੂੰ ਆ ਰਿਹਾ ਸੈਂ।
ਸੁਪਨੇ ਵਿਛਾ ਕੇ
ਧੁੱਪ ਵਿਚ ਲੇਟੇ ਬੀੜੀਆਂ ਪੀਂਦੇ ਮਜ਼ਦੂਰਾਂ ਵੱਲ,
ਤੇ ਮਿੱਟੀ ਵਿਚੋਂ ਢਿੱਡ ਲਈ ਰੋਟੀ ਤੇ ਆਤਮਾ ਲਈ ਖ਼ੁਸ਼ਬੂ ਉਗਾਂਦੇ

ਕਿਸਾਨਾਂ ਵੱਲ
ਅਤੇ ਪੰਜਾਬ ਦੇ ਘੂਰੀਆਂ ਵਾਲੇ ਮੂੰਹ ਵਾਲੇ ਸਭਿਆਚਾਰ ਵੱਲ।
ਕੌਣ ਮੰਨੇਗਾ ਇਹ ?
ਤੂੰ ਤਾਂ ਯਾਰ ਸਾਨੂੰ ਮੁਜ਼ਰਿਮ ਹੀ ਬਣ ਕੇ ਰੱਖ ਦਿੱਤਾ।
ਸੌਂ ਜਾ ਯਾਰ, ਆਪਣੀ ਚਿਤਾ ਵਿਚ ਆਰਾਮ ਨਾਲ
ਦਿਆਲੂ ਤੇ ਹੈਰਾਨ ਅੱਖਾਂ ਨਾਲ, ਸਾਡੇ ਵੱਲ ਨਾ ਝਾਕ
ਆਪਣੇ ਹੋਠਾਂ ਨੂੰ ਮੁੜ ਮੁੜ ਗਿੱਲਿਆਂ ਨਾ ਕਰ।
ਅਸੀਂ ਤੇਰੀ ਕੋਈ ਗੱਲ ਨਹੀਂ ਸੁਣਨੀ।
ਸੌਂ ਜਾ ਆਰਾਮ ਨਾਲ, ਲਾਹ ਲੈ ਸਭ ਥਕੇਵੇਂ
ਸਾਨੂੰ ਸੋਚਣ ਦੇ, ਸਾਨੂੰ ਆਪਣੇ ਬਚਾਅ ਬਾਰੇ ਸੋਚਣ ਦੇ।
ਅਸੀਂ ਤੇਰੇ ਵਾਂਗ ਏਨੀ ਛੇਤੀ ਨਹੀਂ ਮਰਨਾ ਚਾਹੁੰਦੇ।
ਅਸੀਂ ਦਿਲ ਵਿਚ ਕੁਝ ਕਠੋਰਤਾ ਭਰ ਲਈਏ
ਕੁਝ ਚਾਲਬਾਜ਼ੀਆਂ ਤੇ ਝੂਠ ਦਾ ਜ਼ਖ਼ੀਰ ਕਰ ਲਈਏ।
ਬੱਸ ਇਸੇ ਤਰ੍ਹਾਂ ਜੀਵਿਆ ਜਾ ਸਕੇਗਾ।
ਅਸੀਂ ਤੇਰੇ ਵਾਂਗ ਛੇਤੀ ਨਹੀਂ ਮਰਨਾ।
ਪੰਜਾਬ ਵਿਚ ਕੁਝ ਹੋਰ ਚਿਹਰੇ ਹਨ
ਤੇਰੇ ਵਰਗੇ ਹੀ ਸਾਊ, ਦਿਆਲੂ ਤੇ ਸਜਨ ਚਿਹਰੇ
ਪੰਜਾਬ ਵਿਚ ਕੁਝ ਹੋਰ ਦਿਮਾਗ਼ ਹਨ,
ਤੇਰੇ ਵਰਗੇ ਹੀ ਜ਼ਰਖੇਜ਼ ਤੇ ਮੂਰਖ।
ਤੇਰੇ ਵਾਂਗ ਹੀ ਸ਼ਬਦ ਦੀ ਸੜਕ ਤੇ
ਬਿਨਾਂ ਕਿਸੇ ਪਾਸਪੋਰਟ ਤੇ ਦੌੜਨ ਵਾਲੇ।
ਅਸੀਂ ਉਨ੍ਹਾਂ ਦੇ ਬਚਾਅ ਬਾਰੇ ਸੋਚਣਾ ਹੈ।
ਲੋਹੇ ਤੇ ਕਣਕ ਦੇ ਸ਼ੋਰ ਵਿਚ,

ਕਦੋਂ ਕੀ ਵਾਪਰ ਜਾਵੇ, ਕੋਈ ਇਤਬਾਰ ਨਹੀਂ।

ਸੌਂ ਜਾ ਆਰਾਮ ਨਾਲ।

ਚੌੜੀਆਂ ਤੇ ਦਿਆਲੂ ਅੱਖਾਂ ਬੰਦ ਕਰ ਲੈ।

ਹੋਠਾਂ ਨੂੰ ਮੁੜ ਮੁੜ ਗਿੱਲਿਆਂ ਨਾ ਕਰ।

ਅਸੀਂ ਹਾਲੇ ਤੇਰੀ ਕੋਈ ਗੱਲ ਨਹੀਂ ਸੁਣਨੀ।

ਸਾਨੂੰ ਸੋਚਣ ਦੇ, ਸਾਨੂੰ ਆਪਣੇ ਬਚਾਅ ਬਾਰੇ ਸੋਚਣ ਦੇ।

ਅਸੀਂ ਤੇਰੇ ਵਰਗੇ ਕਈ ਹੋਰ ਸਾਊ, ਦਿਆਲੂ ਤੇ ਸਜਨ,

ਚਿਹਰਿਆਂ ਬਾਰੇ ਸੋਚਣਾ ਹੈ।

ਸਹਾਇਕ ਪੁਸਤਕ ਸੂਚੀ

ਪੰਜਾਬੀ ਪੁਸਤਕਾਂ:

ਬਲਰਾਜ ਸਾਹਨੀ, ਮੇਰਾ ਪਾਕਿਸਤਾਨੀ ਸਫ਼ਰਨਾਮਾ, ਆਰਸੀ ਪਬਲਿਸ਼ਰਜ, ਚਾਂਦਨੀ ਚੌਂਕ, ਦਿੱਲੀ, 1988,

ਬਲਰਾਜ ਸਾਹਨੀ, ਮੇਰਾ ਰੂਸੀ ਸਫ਼ਰਨਾਮਾ, ਆਰਸੀ ਪਬਲਿਸ਼ਰਜ, ਚਾਂਦਨੀ ਚੌਂਕ, ਦਿੱਲੀ, 1977.

ਬਲਰਾਜ ਸਾਹਨੀ, ਗ਼ੈਰ ਜਜ਼ਬਾਤੀ ਡਾਇਰੀ, ਨਵਯੁਗ ਪਬਲਿਸ਼ਰਜ, ਚਾਂਦਨੀ ਚੌਂਕ, ਦਿੱਲੀ, 1989

ਬਲਰਾਜ ਸਾਹਨੀ, ਮੇਰੀ ਫ਼ਿਲਮੀ ਆਤਮਕਥਾ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ

ਬਲਰਾਜ ਸਾਹਨੀ, ਸਿਨਮਾ ਤੇ ਸਟੇਜ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, ਪਹਿਲੀ ਵਾਰ - 1974

ਬਲਰਾਜ ਸਾਹਨੀ, ਇਤਿਹਾਸ ਦੀ ਪੈੜ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, ਪਹਿਲੀ ਵਾਰ : ਅਪ੍ਰੈਲ 1974

ਬਲਰਾਜ ਸਾਹਨੀ, ਕਾਮੇ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ

ਬਲਰਾਜ ਸਾਹਨੀ, ਕੀ ਇਹ ਸੱਚ ਹੈ ਬਾਪੂ? ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਪਹਿਲੀ ਵਾਰ : ਮਾਰਚ 1974

ਬਲਰਾਜ ਸਾਹਨੀ, ਅਰਸ਼ ਫਰਸ਼, ਬਲਰਾਜ ਸਾਹਨੀ ਯਾਦਗਾਰ ਘਰੇਲੂ ਪੁਸਤਕ ਸ਼ਾਲਾ, ਅੰਮ੍ਰਿਤਸਰ

ਬਲਰਾਜ ਸਾਹਨੀ, ਪੁਰਬ ਦੇ ਨਾਈ, ਰਚਨਾ ਪਬਲਿਸ਼ਰਜ, ਦਿੱਲੀ, 1997

ਬਲਰਾਜ ਸਾਹਨੀ, ਯਾਦਾਂ ਦਾ ਝਰੋਖਾ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ 1997

ਬਲਰਾਜ ਸਾਹਨੀ, ਯਾਦਾਂ ਦੀ ਕੰਨੀ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1990

ਬਲਰਾਜ ਸਾਹਨੀ, ਵੇਟਰ ਦੀ ਵਾਰ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, ਪਹਿਲੀ ਵਾਰ: ਅਪ੍ਰੈਲ 1974

ਬਲਰਾਜ ਸਾਹਨੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970

ਅਮਰਜੀਤ ਸਿੰਘ ਦੀਪਕ, ਬਲਰਾਜ ਬਿਨਾਂ ਹੁਣ ਕਾਹਦੇ ਮੇਲੇ, ਨਵਯੁਗ ਪਬਲਿਸ਼ਰਜ, ਚਾਂਦਨੀ ਚੌਕ, ਦਿੱਲੀ 1992

ਇਹ ਸੀ ਬਲਰਾਜ, ਬਲਰਾਜ ਸਾਹਨੀ ਮੈਮੋਰੀਅਲ ਫ਼ਾਊਡੇਸ਼ਨ, 3282, ਸੈਕਟਰ, 19- ਡੀ, ਚੰਡੀਗੜ੍ਹ

ਡਾ. ਨਰੇਸ਼ (ਸੰਪਾਦਕ) ਬਲਰਾਜ-ਜੀਵਨ ਤੇ ਕਲਾ, ਬਲਰਾਜ ਸਾਹਨੀ ਯਾਦਗਾਰ ਸਭਾ, 3368, ਸੈਕਟਰ, 15-ਡੀ, ਚੰਡੀਗੜ੍ਹ, ਪਹਿਲੀ ਵਾਰ : 1974

ਪ੍ਰਸ਼ੋਤਮ ਦਾਸ, ਗੈਰ ਜਜ਼ਬਾਤੀ ਡਾਇਰੀ-ਇਕ ਅਧਿਐਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1975

ਮੇਹਰ ਸਿੰਘ ਮੱਲ੍ਹੀ, ਬਲਰਾਜ ਸਾਹਨੀ ਦੇ ਸਫ਼ਰਨਾਮੇ-ਇਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਨੂੰ ਦਿੱਤਾ ਐਮ.ਫਿਲ.ਪੰਜਾਬੀ ਲਈ ਖੋਜ-ਨਿਬੰਧ, 1982

ਪੰਜਾਬੀ ਪੱਤਰ/ਪੱਤਰਕਾਵਾਂ :

ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ 13 ਅਪ੍ਰੈਲ, 1990, 11 ਜੂਨ, 1995

ਰਣਜੀਤ ਸਪਤਾਹਿਕ ਬੰਬਈ ਅਗਸਤ 22, 1971

ਆਰਸੀ, ਦਿੱਲੀ ਫ਼ਰਵਰੀ 1972, ਜੂਨ, 1973, ਜੁਲਾਈ 1973, ਫਰਵਰੀ 1974,

ਅਕਤੂਬਰ 1974

ਦ੍ਰਿਸ਼ਟੀ, ਜਲੰਧਰ, ਜੂਨ, 1973, ਅਪ੍ਰੈਲ, 1977

ਪੰਜਾਬੀ ਦੁਨੀਆ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਮਈ-ਜੂਨ, 1985

ਪ੍ਰੀਤ ਲੜੀ, ਪ੍ਰੀਤਨਗਰ ਜੂਨ, 1973

ਹਿੰਦੀ ਪੱਤਰਕਾਵਾਂ :

ਜਾਗ੍ਰਤੀ, ਚੰਡੀਗੜ੍ਹ ਮਈ, 1995

ਮੇਨਕਾ, ਦਿੱਲੀ, ਜੂਨ 1995

ਮਰਜੀ ਆਪੋ ਆਪਣੀ (ਕਹਾਣੀ-ਸੰਗ੍ਰਹਿ) 1987

ਵਿਸ਼ਵਾ ਨਾਥ ਤਿਵਾੜੀ, ਜੀਵਨ ਤੇ ਰਚਨਾ 1988

ਅੰਤਰ (ਕਾਵਿ-ਸੰਗ੍ਰਹਿ) 1990

Glimpses of Modern Punjabi Literature 1994

ਮਨ ਦਾ ਮੌਸਮ (ਕਾਵਿ ਸੰਗ੍ਰਹਿ) 1994

ਪੰਜਾਬੀ ਨਾਟਕ ਅਤੇ ਰੰਗਮੰਚ : ਦਸ਼ਾ ਤੇ ਦਿਸ਼ਾ 1995

ਪੰਜਾਬੀ ਸਭਿਆਚਾਰ-ਸੰਦਰਭ 1995